4. [5]ਕਬੀਰ ਹਰਿ ਹੀਰਾ ਜਨੁ ਜਉਹਰੀ ਲੇ ਕੈ ਮਾਂਡੈ ਹਾਟ ॥
[6]ਜਬ ਹੀ ਪਾਈਅਹਿ ਪਾਰਖੂ ਤਬ ਹੀਰਨ ਕੀ ਸਾਟ ॥ (ਕਬੀਰ, 1373)

5. [7]ਕਬੀਰਾ ਏਕੁ ਅਚੰਭਉ ਦੇਖਿਓ ਹੀਰਾ ਹਾਟ ਬਿਕਾਇ ॥
ਬਨਜਨਹਾਰੇ ਬਾਹਰਾ ਕਉਡੀ ਬਦਲੈ ਜਾਇ ॥ (ਕਬੀਰ, 1372)

6. [8]ਹੀਰਾ ਲਾਲੁ ਅਮੋਲਕੁ ਹੈ ਭਾਰੀ ਬਿਨੁ ਗਾਹਕ ਮੀਕਾ ਕਾਖਾ ॥
[9]ਰਤਨ ਗਾਹਕੁ ਗੁਰੁ ਸਾਧੂ ਦੇਖਿਓ ਤਬ ਰਤਨੁ ਬਿਕਾਨੋ ਲਾਖਾ ॥(ਮ: 4—696)

ਸੂਰਮਾ

ਸੂਰਮਾ ਉਹ ਹੈ ਜਿਹੜਾ ਕਦੇ ਮੈਦਾਨ ਛੱਡ ਕੇ ਨਹੀਂ ਦੌੜਦਾ, ਭਾਵੇਂ ਉਸ ਦਾ ਪੁਰਜ਼ਾ-ਪੁਰਜ਼ਾ ਵੀ ਕਿਉਂ ਨਾ ਹੋ ਜਾਵੇ। ਪਰਮਾਰਥ ਦੇ ਖੇਤਰ ਵਿੱਚ ਹਰ ਜੀਵ ਦਾ ਸੰਘਰਸ਼ ਆਪਣੇ ਮਨ ਤੇ ਇਸ ਦੇ ਵਿਕਾਰਾਂ ਨਾਲ ਹੈ। ਜਿਸ ਨੇ ਆਪਣਾ ਮਨ ਜਿੱਤ ਲਿਆ, ਉਹੀ ਸੱਚਾ ਸੂਰਮਾ ਹੈ। ਗੁਰਮਤਿ ਅਨੁਸਾਰ 'ਗੁਰੂ ਦੇ ਸ਼ਬਦ' ਤੋਂ ਬਿਨਾਂ ਮਨ ਨਹੀਂ ਜਿੱਤਿਆ ਜਾ ਸਕਦਾ। ਸ਼ਬਦ ਮਾਰਗ ਜਾਂ ਗੁਰਮਤਿ ਦੇ ਰਾਹ ਵਿੱਚ ਆਉਣ ਵਾਲੇ ਹਰ ਤਰ੍ਹਾਂ ਦੇ ਸੰਕਟਾਂ ਦਾ ਦਲੇਰੀ ਤੇ ਬਹਾਦਰੀ ਨਾਲ ਮੁਕਾਬਲਾ ਕਰਨ ਵਾਲਾ ਜੀਵ ਹੀ ਸੂਰਮਾ ਹੈ। ਜੋ ਮਨ-ਇੰਦਰੀਆਂ ਦੇ ਵੱਸ ਹੋ ਕੇ ਇਸ ਮਾਰਗ ਤੋਂ ਥਿੜਕ ਜਾਂਦਾ ਹੈ, ਉਹ ਕਾਇਰ ਹੈ। ਜਦੋਂ ਜੀਵ 'ਗੁਰੂ ਦੇ ਸ਼ਬਦ' ਦਾ ਅਭਿਆਸ ਕਰਕੇ ਮਨ ਨੂੰ ਇਕਾਗਰ ਕਰ ਲੈਂਦਾ ਹੈ, ਤਾਂ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਸਾਰੇ ਵਿਕਾਰ ਜੀਵ ਦੇ ਵੱਸ ਆ ਜਾਂਦੇ ਹਨ ਅਤੇ ਉਹ ਮਾਲਿਕ ਦੀ ਦਰਗਾਹ ਵਿੱਚ ਜੇਤੂ ਹੋ ਕੇ ਪੁੱਜਦਾ ਹੈ ਤੇ ਸੱਚਾ ਸੂਰਮਾ ਹੋਣ ਦਾ ਮਾਣ ਪ੍ਰਾਪਤ ਕਰਦਾ ਹੈ।

---

5. ਹਰੀ ਹੀਰਾ ਹੈ, ਭਗਤ-ਜਨ ਜੌਹਰੀ ਹਨ, ਉਹ ਇਸ ਹੀਰੇ ਨਾਲ ਆਪਣੀ ਹੱਟੀ ਸਜਾਉਂਦੇ ਹਨ 6. ਜਦ ਕੋਈ ਪਾਰਖੂ ਆਉਂਦਾ ਹੈ ਤਾਂ ਉਹ ਹੀਰੇ ਕੱਢ-ਕੱਢ ਕੇ ਦਿਖਾਉਂਦੇ ਹਨ 7. ਹੈਰਾਨੀ ਪ੍ਰਗਟ ਕਰਦੇ ਹਨ ਕਿ ਸੰਸਾਰ ਵਿੱਚ ਹਰੀ-ਰੂਪੀ ਅਮੋਲਕ ਹੀਰੇ ਦਾ ਕੋਈ ਗਾਹਕ ਨਹੀਂ 8. ਹੈ ਤਾਂ ਅਮੋਲਕ ਹੀਰਾ ਪਰ ਪਾਰਖੂ ਗਾਹਕ ਤੋਂ ਬਿਨਾ ਮੁੱਲ ਤਿਨਕੇ (ਕੱਖ) ਜਿੰਨਾ ਵੀ ਨਹੀਂ ਪੈ ਰਿਹਾ 9. ਜਦ ਸਾਧ-ਸਤਿਗੁਰੂ ਰੂਪ ਗਾਹਕ ਨੇ ਦੇਖਿਆ ਤਾਂ ਭਾਰੀ ਕੀਮਤ ਅਦਾ ਕਰ ਕੇ ਖਰੀਦਣ ਨੂੰ ਤਿਆਰ ਹੋ ਗਿਆ।

ਸੂਰਮਾ

1. [1]ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਉ ॥
ਖੇਤੁ ਜੁ ਮਾਂਡਿਓ ਸੂਰਮਾ ਅਬ ਜੂਝਨ ਕੋ ਦਾਉ ॥
ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥ (ਕਬੀਰ, 1105)

2. [2]ਸੂਰੇ ਏਹਿ ਨ ਆਖੀਅਹਿ ਅਹੰਕਾਰਿ ਮਰਹਿ ਦੁਖੁ ਪਾਵਹਿ ॥
[3]ਅੰਧੇ ਆਪੁ ਨ ਪਛਾਣਨੀ ਦੂਜੈ ਪਚਿ ਜਾਵਹਿ ॥
[4]ਅਤਿ ਕਰੋਧ ਸਿਉ ਲੂਝਦੇ ਅਗੈ ਪਿਛੈ ਦੁਖੁ ਪਾਵਹਿ ॥
[5]ਹਰਿ ਜੀਉ ਅਹੰਕਾਰੁ ਨ ਭਾਵਈ ਵੇਦ ਕੂਕਿ ਸੁਣਾਵਹਿ ॥ (ਮ: 3—1089)

3. ਮਰਣੁ ਮੁਣਸਾ ਸੂਰਿਆ ਹਕੁ ਹੈ ਜੋ ਹੋਇ ਮਰਨਿ ਪਰਵਾਣੋ ॥
ਸੂਰੇ ਸੇਈ ਆਗੈ ਆਖੀਅਹਿ ਦਰਗਹ ਪਾਵਹਿ ਸਾਚੀ ਮਾਣੋ ॥ (ਮ: 1—579)

4. ਜਾ ਕਉ [6]ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥
[7]ਆਤਮ ਜਿਣੈ ਸਗਲ ਵਸਿ ਤਾ ਕੈ ਜਾ ਕਾ ਸਤਿਗੁਰੁ ਪੂਰਾ ॥ (ਮ: 5—680)

5. ਜਿਨ ਜਾਨਿਆ ਸੇਈ ਤਰੇ [8]ਸੇ ਸੂਰੇ ਸੇ ਬੀਰ ॥
ਨਾਨਕ ਤਿਨ ਬਲਿਹਾਰਣੈ[9] ਹਰਿ ਜਪਿਉਤਰੇ ਤੀਰ ॥ (ਮ: 5—929)

6. ਨਾਨਕ [10]ਸੋ ਸੂਰਾ ਵਰੀਆਮੁ ਜਿਨਿ ਵਿਚਹੁ ਦੁਸਟੁ ਅਹੰਕਰਣੁ ਮਾਰਿਆ ॥
ਗੁਰਮੁਖਿ ਨਾਮੁ ਸਾਲਾਹਿ ਜਨਮੁ ਸਵਾਰਿਆ ॥ (ਮ: 3—86)

7. [11]ਜੋ ਜਨ ਲੂਝਹਿ ਮਨੈ ਸਿਉ ਸੇ ਸੂਰੇ ਪਰਧਾਨਾ ॥
ਹਰਿ ਸੇਤੀ ਸਦਾ ਮਿਲਿ ਰਹੇ ਜਿਨੀ ਆਪੁ ਪਛਾਨਾ ॥
ਗਿਆਨੀਆ ਕਾ ਇਹੁ ਮਹਤੁ ਹੈ ਮਨ ਮਾਹਿ ਸਮਾਨਾ ॥

---

1. ਗਗਨ = ਆਕਾਸ; ਗਗਨ ਦਾ ਅਰਥ ਹਿਰਦੇ ਰੂਪੀ ਆਕਾਸ਼ ਵੀ ਹੈ ਅਤੇ ਇਹ ਇੱਕ ਅਧਿਆਤਮਕ ਮੰਜਲ ਜਾਂ ਅਵੱਸਥਾ ਦਾ ਨਾਮ ਵੀ ਹੈ, ਜਿੱਥੇ ਸਬਦ ਦੀ ਬਹੁਤ ਸਕਤੀਸ਼ਾਲੀ ਆਵਾਜ਼ ਸੁਣਾਈ ਦਿੰਦੀ ਹੈ। ਇਸ਼ਾਰਾ ਕਰ ਰਹੇ ਹਨ ਕਿ ਜਦ ਅਭਿਆਸੀ ਸੂਰਮਾ ਇਸ ਸ਼ਬਦ ਦਾ ਅਭਿਆਸ ਕਰਦਾ ਹੈ ਤਾਂ ਪਿੱਠ ਪਿਛਾਂਹ ਨਹੀ ਫੇਰਦਾ। ਉਹਦਾ ਧਰਮ ਇਹ ਹੁੰਦਾ ਹੈ ਕਿ ਡੱਟ ਕੇ ਸ਼ਬਦ ਦਾ ਅਭਿਆਸ ਕਰੇ ਅਤੇ ਮੈਦਾਨ 'ਚੋਂ ਨਾ ਦੌੜੇ 2: ਸੂਰਮੇ ਉਹ ਨਹੀਂ ਹੁੰਦੇ ਜੋ ਤਾਕਤ ਆਦਿ ਦੇ ਹੰਕਾਰ ਕਾਰਨ ਮਰਦੇ ਹਨ 3. ਉਹ ਅੰਧੇ ਆਪਣੀ ਅਸਲੀਅਤ ਨਹੀਂ ਪਛਾਣਦੇ 4. ਕਰੋਧ ਵਿੱਚ ਲੜ-ਲੜ ਮਰਦੇ ਹਨ 5. ਪ੍ਰਭੂ ਨੂੰ ਐਸਾ ਹੰਕਾਰ ਪਸੰਦ ਨਹੀਂ 6. ਮਰਨਾ ਉਨ੍ਹਾਂ ਸੂਰਮੇ ਮਰਦਾਂ ਦਾ ਸਫਲ ਹੈ, ਜਿਨ੍ਹਾਂ ਦਾ ਮਰਨਾ ਦਰਗਾਹ ਵਿੱਚ ਕਬੂਲ ਪਵੇ 7. ਜਿਸਨੇ ਮਨ ਜਿੱਤ ਲਿਆ ਅਤੇ ਪੂਰਾ ਸਤਿਗੁਰੂ ਜਿਸ ਦੇ ਵੱਲ ਹੈ, ਉਹੀ ਸੂਰਮਾ ਹੈ 8. ਉਹੀ ਸੂਰਮੇ ਬਹਾਦਰ ਹਨ 9. ਜੋ ਹਰੀ ਦੀ ਭਗਤੀ ਕਰ ਕੇ ਪਾਰ ਹੋ ਗਏ ਹਨ 10. ਉਹ ਬਹਾਦਰ ਹੈ ਜਿਸ ਨੇ ਹੰਕਾਰ ਰੂਪੀ ਦੁਸ਼ਟ ਨੂੰ ਮਾਰ ਲਿਆ ਹੈ 11. ਵੱਡੇ ਸੂਰਮੇ ਉਹ ਹਨ ਜੋ ਮਨ ਨਾਲ ਲੜਾਈ ਕਰਦੇ ਹਨ।

ਹਰਿ ਜੀਉ ਕਾ ਮਹਲੁ ਪਾਇਆ ਸਚੁ ਲਾਇ ਧਿਆਨਾ ॥
[12]ਜਿਨ ਗੁਰ ਪਰਸਾਦੀ ਮਨੁ ਜੀਤਿਆ ਜਗੁ ਤਿਨਹਿ ਜਿਤਾਨਾ ॥
(ਮ: 3—1089)

ਸਿੱਖ

ਸਿੱਖ ਦਾ ਅਰਥ ਹੈ ਸਿੱਖਿਆ ਲੈਣ ਵਾਲਾ। ਗੁਰਮਤਿ ਉੱਤੇ ਚੱਲਣ ਵਾਲਾ ਵਿਅਕਤੀ ਹੀ ਗੁਰਸਿੱਖ ਜਾਂ ਸਿੱਖ ਹੈ। ਮਨ-ਮਤ ਨੂੰ ਪੂਰੀ ਤਰ੍ਹਾਂ ਤਿਆਗ ਕੇ ਪੂਰੀ ਤਰ੍ਹਾਂ ਗੁਰਮਤਿ ਵਿੱਚ ਆ ਜਾਣਾ ਸਿੱਖ ਦਾ ਪਰਮ-ਧਰਮ ਹੈ। ਜਿਹੜਾ ਜੀਵ ਮਨ ਦੇ ਦੱਸੇ ਬਾਹਰਮੁੱਖੀ ਸਾਧਨਾਂ ਦਾ ਤਿਆਗ ਕਰਕੇ ਸਤਿਗੁਰ ਦੀ ਸਿੱਖਿਆ ਅਨੁਸਾਰ ਸੱਚੇ ਨਾਮ, ਸੱਚੇ ਸ਼ਬਦ ਦੀ ਕਮਾਈ ਕਰਦਾ ਹੈ, ਉਹੀ ਸੱਚਾ ਸਿੱਖ ਹੈ। ਉਹ ਤਨ, ਮਨ, ਧਨ ਗੁਰੂ ਨੂੰ ਸੌਂਪ ਕੇ ਉਸ ਦੇ ਹੁਕਮ ਜਾਂ ਭਾਣੇ ਵਿੱਚ ਰਹਿੰਦਾ ਹੈ ਕਿਉਂਕਿ ਸਤਿਗੁਰੂ ਦਾ ਹੁਕਮ ਉਸ ਲਈ ਸਭ ਤੋਂ ਵੱਡਾ ਕਾਨੂੰਨ ਹੈ ਅਤੇ ਸਤਿਗੁਰੂ ਦਾ ਸ਼ਬਦ ਉਸ ਲਈ ਸਭ ਤੋਂ ਉੱਚੀ ਸਾਧਨਾ ਹੈ। ਉਹ ਮਨ ਦੇ ਕਹੇ ਲੱਗ ਕੇ ਵਿਸ਼ੇ-ਵਿਕਾਰਾਂ, ਆਸਾ-ਤ੍ਰਿਸ਼ਨਾ ਦੇ ਜਾਲ ਵਿੱਚ ਨਹੀਂ ਫੱਸਦਾ ਸਗੋਂ ਸਤਿਗੁਰੂ ਅਤੇ ਅਕਾਲਪੁਰਖ ਦੇ ਭਾਣੇ ਵਿੱਚ ਰਹਿੰਦਾ ਹੋਇਆ ਸ਼ਬਦ ਦੀ ਕਮਾਈ ਜਾਂ ਮਾਲਕ ਦੀ ਭਗਤੀ ਕਰਦਾ ਹੈ। ਐਸਾ ਗੁਰਸਿੱਖ ਹੀ ਗੁਰੂ ਦੀ ਖ਼ੁਸ਼ੀ ਪ੍ਰਾਪਤ ਕਰਨ ਵਿੱਚ ਸਫਲ ਹੁੰਦਾ ਹੈ।

---

12. ਜਿਨ੍ਹਾਂ ਸੂਰਮਿਆਂ ਨੇ ਗੁਰੂ ਦੀ ਕਿਰਪਾ ਨਾਲ ਮਨ ਨੂੰ ਜਿੱਤ ਲਿਆ, ਉਨ੍ਹਾਂ ਨੇ ਜੱਗ ਨੂੰ ਜਿੱਤ ਲਿਆ।

ਸਿੱਖ

1. ਗੁਰਸਿਖਾਂ ਮਨਿ ਹਰਿ ਪ੍ਰੀਤਿ ਹੈ ਗੁਰੁ ਪੂਜਣ ਆਵਹਿ ॥
ਹਰਿਨਾਮੁ ਵਣੰਜਹਿ ਰੰਗ ਸਿਉ ਲਾਹਾ ਹਰਿਨਾਮੁ ਲੈ ਜਾਵਹਿ ॥
ਗੁਰਸਿਖਾ ਕੇ ਮੁਖ ਉਜਲੇ ਹਰਿ ਦਰਗਹ ਭਾਵਹਿ ॥
ਗੁਰੁ ਸਤਿਗੁਰੁ ਬੋਹਲੁ ਹਰਿਨਾਮ ਕਾ ਵਡਭਾਗੀ ਸਿਖ ਗੁਣ ਸਾਂਝ ਕਰਾਵਹਿ ॥
ਤਿਨਾ ਗੁਰਸਿਖਾ ਕੰਉ ਹਉ ਵਾਰਿਆ
ਜੋ ਬਹਦਿਆ ਉਠਦਿਆ ਹਰਿਨਾਮੁ ਧਿਆਵਹਿ ॥ (ਮ: 4—590)

2. ਨਾਨਕ ਨਾਮੁ ਨਿਧਾਨੁ ਹੈ ਗੁਰਮੁਖਿ ਪਾਇਆ ਜਾਇ ॥
ਮਨਮੁਖ ਘਰਿ ਹੋਂਦੀ ਵਥੁ ਨ ਜਾਣਨੀ ਅੰਧੇ ਭਉਕਿ ਮੁਏ ਬਿਲਲਾਇ[1] ॥ (590)

3. ਕੰਚਨ ਕਾਇਆ ਨਿਰਮਲੀ ਜੋ ਸਚਿ ਨਾਮਿ ਸਚਿ ਲਾਗੀ ॥
ਨਿਰਮਲ ਜੋਤਿ ਨਿਰੰਜਨੁ ਪਾਇਆ ਗੁਰਮੁਖਿ ਭ੍ਰਮੁ ਭਉ ਭਾਗੀ ॥
ਨਾਨਕ ਗੁਰਮੁਖਿ ਸਦਾ ਸੁਖੁ ਪਾਵਹਿ ਅਨਦਿਨੁ ਹਰਿ ਬੈਰਾਗੀ ॥(ਮ: 3-590)

4. ਸੇ ਗੁਰਸਿਖ ਧਨੁ ਧੰਨੁ ਹੈ ਜਿਨੀ ਗੁਰ ਉਪਦੇਸੁ ਸੁਣਿਆ ਹਰਿ ਕੰਨੀ ॥
ਗੁਰਿ ਸਤਿਗੁਰਿ ਨਾਮੁ ਦ੍ਰਿੜਾਇਆ ਤਿਨਿ [2]ਹੰਉਮੈ ਦੁਬਿਧਾ ਭੰਨੀ ॥
ਬਿਨੁ ਹਰਿਨਾਵੈ ਕੋ ਮਿਤ੍ਰੁ ਨਾਹੀ ਵੀਚਾਰਿ ਡਿਠਾ ਹਰਿ ਜੰਨੀ ॥
ਜਿਨਾ ਗੁਰਸਿਖਾ ਕਉ ਹਰਿ [3]ਸੰਤੁਸਟੁ ਹੈ ਤਿਨੀ ਸਤਿਗੁਰ ਕੀ ਗਲ ਮੰਨੀ ॥
ਜੋ ਗੁਰਮੁਖਿ ਨਾਮੁ ਧਿਆਇਦੇ ਤਿਨੀ [4]ਚੜੀ ਚਵਗਣਿ ਵੰਨੀ ॥(ਮ: 4—590)

5. ਧੰਨੁ ਧੰਨੁ ਸੋ ਗੁਰਸਿਖੁ ਕਹੀਐ ਜੋ ਸਤਿਗੁਰ ਚਰਣੀ ਜਾਇ ਪਇਆ ॥
ਧੰਨੁ ਧੰਨੁ ਸੋ ਗੁਰਸਿਖੁ ਕਹੀਐ ਜਿਨਿ ਹਰਿਨਾਮਾ ਮੁਖਿ ਰਾਮੁ ਕਹਿਆ ॥
ਧੰਨੁ ਧੰਨੁ ਸੋ ਗੁਰਸਿਖੁ ਕਹੀਐ ਜਿਸੁ ਹਰਿਨਾਮਿ ਸੁਣਿਐ ਮਨਿ ਅਨਦੁ ਭਇਆ ॥
ਧੰਨੁ ਧੰਨੁ ਸੋ ਗੁਰਸਿਖੁ ਕਹੀਐ ਜਿਨਿ ਸਤਿਗੁਰ ਸੇਵਾ ਕਰਿ ਹਰਿਨਾਮੁ ਲਇਆ ॥
ਤਿਸੁ ਗੁਰਸਿਖ ਕੰਉ ਹੰਉ ਸਦਾ ਨਮਸਕਾਰੀ
ਜੋ ਗੁਰ ਕੈ ਭਾਣੈ ਗੁਰਸਿਖ ਚਲਿਆ ॥ (ਮ: 4-593)

6. ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ ॥
ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ ॥ (ਮ: 3-601)

7. ਜੋ ਸਿਖ ਗੁਰ ਕਾਰ ਕਮਾਵਹਿ ਹਉ [5]ਗੁਲਮੁ ਤਿਨਾ ਕਾ ਗੋਲੀਆ ॥
ਹਰਿ ਰੰਗਿ ਚਲੂਲੇ[6] ਜੋ ਰਤੇ ਤਿਨ ਭਿਨੀ ਹਰਿ ਰੰਗਿ ਚੋਲੀਆ[7] ॥ (ਮ:4,311)

---

1. ਵਿਲਕਦੇ ਹੋਏ 2. ਹਉਮੈ ਅਤੇ ਦੁਬਿਧਾ ਦੂਰ ਕੀਤੀ 3. ਪ੍ਰਸੰਨ 4. ਚੌਗੁਣਾ ਰੰਗ ਚੜ੍ਹਿਆ
5. ਦਾਸਾਂ ਦਾ ਦਾਸ 6. ਲਾਲ ਗੂੜ੍ਹਾ ਰੰਗ 7. ਸਰੀਰ ਰੂਪੀ ਚੋਲਾ ।

8. ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ[8] ਉਠਿ ਹਰਿਨਾਮੁ ਧਿਆਵੈ ॥
ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ[9] ॥
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ[10] ਪਾਪ ਦੋਖ ਲਹਿ ਜਾਵੈ ॥
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿਨਾਮੁ ਧਿਆਵੈ ॥
ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ ॥
ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥
ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ
ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥ (ਮ: 4—305)

9. ਹਰਿ ਕੇ ਸੇਵਕ ਸੇ ਹਰਿ ਪਿਆਰੇ ਜਿਨ ਜਪਿਓ ਹਰਿ ਬਚਨਾਕੀ[11] ॥
[12]ਲੇਖਾ ਚਿਤ੍ਰ ਗੁਪਤਿ ਜੋ ਲਿਖਿਆ ਸਭ ਛੂਟੀ ਜਮ ਕੀ ਬਾਕੀ ॥ (668)

10. ਸੇਵਕ ਸਿਖ ਪੂਜਣ ਸਭਿ ਆਵਹਿ ਸਭਿ ਗਾਵਹਿ ਹਰਿ ਹਰਿ ਊਤਮ ਬਾਨੀ ॥
ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ
ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ ॥
ਬੋਲਹੁ ਭਾਈ ਹਰਿ ਕੀਰਤਿ ਹਰਿ ਭਵਜਲ ਤੀਰਥਿ ॥
ਹਰਿ ਦਰਿ ਤਿਨ ਕੀ ਊਤਮ ਬਾਤ ਹੈ ਸੰਤਹੁ ਹਰਿ ਕਥਾ ਜਿਨ ਜਨਹੁ ਜਾਨੀ ॥
ਆਪੇ ਗੁਰੁ ਚੇਲਾ ਹੈ ਆਪੇ ਆਪੇ ਹਰਿਪ੍ਰਭੁ [13]ਚੋਜ ਵਿਡਾਨੀ ॥
ਜਨ ਨਾਨਕ ਆਪਿ ਮਿਲਾਏ ਸੋਈ ਹਰਿ ਮਿਲਸੀ
ਅਵਰ ਸਭ ਤਿਆਗਿ ਓਹਾ ਹਰਿ ਭਾਨੀ ॥ (ਮ: 4—669)

11. ਨਾਨਕ ਸੇਵਕੁ ਸੋਈ ਆਖੀਐ ਜੋ ਸਿਰੁ ਧਰੇ ਉਤਾਰਿ ॥
ਸਤਿਗੁਰ ਕਾ ਭਾਣਾ ਮੰਨਿ ਲਏ ਸਬਦੁ ਰਖੈ ਉਰਧਾਰਿ ॥ (ਮ: 3—1247)

12. ਗੁਰ ਕੈ ਗ੍ਰਿਹਿ ਸੇਵਕੁ ਜੋ ਰਹੈ ॥ ਗੁਰਕੀ ਆਗਿਆ ਮਨ ਮਹਿ ਸਹੈ ॥
ਆਪਸ ਕਉ ਕਰਿ ਕਛੁ ਨ ਜਨਾਵੈ ॥ ਹਰਿ ਹਰਿ ਨਾਮੁ ਰਿਦੈ ਸਦ ਧਿਆਵੈ ॥
ਮਨੁ ਬੇਚੈ ਸਤਿਗੁਰ ਕੈ ਪਾਸਿ ॥ ਤਿਸੁ ਸੇਵਕ ਕੇ ਕਾਰਜ ਰਾਸਿ ॥
[14]ਬੀਸ ਬਿਸਵੇ ਗੁਰ ਕਾ ਮਨੁ ਮਾਨੈ ॥ ਸੋ ਸੇਵਕੁ ਪਰਮੇਸੁਰ ਕੀ ਗਤਿ ਜਾਨੈ ॥
(ਮ: 5—287)

---

8. ਰੋਜ ਸਵੇਰੇ 9. ਅੰਦਰਲੇ ਦਸਮ-ਦੁਆਰ ਰੂਪੀ ਮਾਨ ਸਰੋਵਰ ਜਾਂ ਅੰਮ੍ਰਿਤ ਦੇ ਸਰੋਵਰ ਵਿੱਚ ਇਸ਼ਨਾਨ ਕਰੇ। ਗੁਰਵਾਕ : ਕਾਇਆ ਅੰਦਰਿ ਅੰਮ੍ਰਿਤਸਰੁ ਸਾਚਾ (ਮ: 3, ਪੰ. 1046) 10. ਪਾਪ 11. ਬਚਨਾਂ ਦੁਆਰਾ 12. ਚਿਤਰ-ਗੁਪਤ (ਧਰਮ-ਰਾਜ ਦੇ ਕਰਮਾਂ ਦਾ ਹਿਸਾਬ ਲਿਖਣ ਵਾਲੇ ਕਰਮਚਾਰੀ) ਨੇ ਜੋ ਲੇਖਾ ਲਿਖਿਆ ਸੀ ਉਸ ਦਾ ਸਾਰਾ ਬਕਾਇਆ ਖ਼ਤਮ ਹੋ ਗਿਆ 13. ਪ੍ਰਭੂ ਦੇ ਕੌਤਕ ਹੈਰਾਨੀ ਭਰੇ ਹਨ 14. ਪੂਰੀ ਤਰ੍ਹਾਂ।

13. ਹੋਵੈ ਤ ਸਨਮੁਖੁ ਸਿਖੁ ਕੋਈ ਜੀਅਹੁ ਰਹੈ ਗੁਰ ਨਾਲੇ ॥
ਗੁਰ ਕੇ ਚਰਨ ਹਿਰਦੈ ਧਿਆਏ [15]ਅੰਤਰ ਆਤਮੈ ਸਮਾਲੇ ॥
[16]ਆਪੁ ਛਡਿ ਸਦਾ ਰਹੈ ਪਰਣੈ ਗੁਰ ਬਿਨੁ ਅਵਰੁ ਨ ਜਾਣੈ ਕੋਏ ॥
ਕਹੈ ਨਾਨਕ ਸੁਣਹੁ ਸੰਤਹੁ ਸੋ ਸਿਖੁ ਸਨਮੁਖੁ ਹੋਏ ॥ (ਮ: 3—919)

ਸਤੀ

ਆਮ ਤੌਰ ਤੇ ਜਿਹੜੀ ਇਸਤਰੀ ਜੀਉਂਦੇ-ਜੀਅ ਆਪਣੇ ਪਤੀ ਦੀ ਚਿਖਾ ਵਿੱਚ ਸੜ ਕੇ ਮਰ ਜਾਂਦੀ ਹੈ ਉਸ ਨੂੰ ਸਤੀ ਆਖਿਆ ਜਾਂਦਾ ਹੈ। ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਆਪਣੇ ਮੋਏ ਪਤੀ ਦੇ ਨਾਲ ਜੀਉਂਦੇ ਚਿਖਾ ਵਿੱਚ ਸੜ ਕੇ ਮਰਨ ਵਾਲੀ ਸਤੀ (ਸਚਿਆਰ) ਨਹੀਂ ਹੈ, ਸਗੋਂ ਅਸਲੀ ਸਤੀ ਤਾਂ ਉਹ ਇਸਤਰੀ ਹੈ ਜਿਹੜੀ ਪਰਮਾਤਮਾ ਰੂਪੀ ਕੰਤ ਦੀ ਬਿਰਹਾ ਦੀ ਚੋਟ ਨਾਲ ਹੀ ਮਰ ਜਾਂਦੀ ਹੈ। ਜਿਸ ਰੂਹ ਰੂਪੀ ਇਸਤਰੀ ਨੂੰ ਆਪਣੇ ਪਰਮੇਸ਼ਰ ਰੂਪੀ ਸਾਈਂ ਜਾਂ ਕੰਤ ਦੀ ਸੋਝੀ ਆ ਜਾਂਦੀ ਹੈ ਉਹ ਹਰ ਰੋਜ਼ ਆਪਣੇ ਪ੍ਰੀਤਮ ਦੇ ਪਿਆਰ ਵਿੱਚ ਸਤੀ ਹੁੰਦੀ ਹੈ, ਭਾਵ ਉਹ ਜੀਂਦੇ-ਜੀਅ ਮਰਨ ਦਾ ਅਭਿਆਸ ਕਰਦੀ ਹੈ।

1. ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨਿ[1] ॥
ਨਾਨਕ [2]ਸਤੀਆ ਜਾਣੀਅਨਿ ਜਿ ਬਿਰਹੇ ਚੋਟ ਮਰੰਨਿ ॥
ਭੀ ਸੋ ਸਤੀਆ ਜਾਣੀਅਨਿ ਸੀਲ[3] ਸੰਤੋਖਿ ਰਹੰਨਿ ॥
ਸੇਵਨਿ ਸਾਈ ਆਪਣਾ ਨਿਤ ਉਠਿ ਸੰਮ੍ਾਲੰਨਿ ॥
[4]ਕੰਤਾ ਨਾਲਿ ਮਹੇਲੀਆ ਸੇਤੀ ਅਗਿ ਜਲਾਹਿ ॥
ਜੇ ਜਾਣਹਿ ਪਿਰੁ ਆਪਣਾ ਤਾ ਤਨਿ ਦੁਖ ਸਹਾਹਿ ॥
[5]ਨਾਨਕ ਕੰਤ ਨ ਜਾਣਨੀ ਸੇ ਕਿਉ ਅਗਿ ਜਲਾਹਿ ॥
ਭਾਵੈ ਜੀਵਉ ਕੈ ਮਰਉ ਦੂਰਹੁ ਹੀ ਭਜਿ ਜਾਹਿ ॥ (ਮ: 3—787)

---

15. ਅੰਤਰ ਆਤਮਾ ਵਿੱਚ ਗੁਰੂ ਦੇ ਚਰਨਾਂ ਨੂੰ ਸੰਭਾਲੇ, ਭਾਵ ਅੰਦਰ ਸਤਿਗੁਰੂ ਦੇ ਨੂਰੀ ਸਰੂਪ, ਸੂਖਮ ਸਰੂਪ ਜਾ ਸ਼ਬਦ ਸਰੂਪ ਵਿੱਚ ਸਮਾ ਜਾਵੇ 16. ਆਪਾ-ਭਾਵ ਤਿਆਗ ਕੇ ਸਦਾ ਗੁਰੂ ਦੇ ਆਸਰੇ, ਸਹਾਰੇ ਜਾਂ ਸ਼ਰਨ ਵਿੱਚ ਰਹੇ।

1. ਚਿਖਾ ਉੱਤੇ ਪਤੀ ਦੇ ਨਾਲ ਜਲ ਕੇ ਮਰ ਜਾਣ ਵਾਲੀਆ 2. ਅਸਲ ਸਤੀਆਂ ਉਹ ਹਨ ਜੋ ਬਿਰਹਾ ਦੇ ਦੁੱਖ ਨਾਲ ਹੀ ਮਰ ਜਾਂਦੀਆਂ ਹਨ 3. ਕਾਮ ਨੂੰ ਵੱਸ ਕਰਨ ਵਾਲੀਆ 4. ਜਿਨ੍ਹਾਂ ਨੂੰ ਕੰਤ ਜਾਂ ਪਤੀ ਦੀ ਕਦਰ ਹੈ ਉਹ ਸਤੀਆਂ ਹਨ 5. ਜਿਨ੍ਹਾਂ ਨੂੰ ਕੰਤ ਦੀ ਕਦਰ ਨਹੀਂ, ਉਨ੍ਹਾਂ ਦਾ ਪਤੀ ਭਾਵੇਂ ਜੀਂਦਾ ਹੋਵੇ ਭਾਵੇਂ ਮਰ ਜਾਵੇ ਉਹ ਦੂਰੋਂ ਹੀ ਦੌੜ ਜਾਂਦੀਆਂ ਹਨ, ਉਸਦੇ ਨੇੜੇ ਨਹੀਂ ਆਉਂਦੀਆਂ।

ਸਾਧ-ਸੰਤ

ਗੁਰੂ ਅਰਜਨ ਸਾਹਿਬ ਨੇ 'ਸੁਖਮਨੀ' ਵਿੱਚ ਸਾਧ-ਸੰਤ ਦੀ ਭਾਰੀ ਮਹਿਮਾ ਕੀਤੀ ਹੈ। ਜੋ ਗੁਰਮੁੱਖ ਮਨ-ਇੰਦਰੀਆਂ ਨੂੰ ਸਾਧ ਕੇ, ਆਤਮਾ ਤੋਂ ਹਰ ਪ੍ਰਕਾਰ ਦੀਆਂ ਮੈਲਾਂ ਉਤਾਰ ਕੇ ਇਸ ਨੂੰ ਪੂਰੀ ਤਰ੍ਹਾਂ ਨਿਰਮਲ ਕਰ ਚੁੱਕਾ ਹੈ ਪੂਰਨ ਸਾਧ ਹੈ। ਸੰਤ ਸਭ ਤੋਂ ਉੱਚੀ ਅਧਿਆਤਮਿਕ ਅਵੱਸਥਾ ਪ੍ਰਾਪਤ ਕਰ ਚੁੱਕਾ ਉਹ ਸਾਧ ਹੈ ਜੋ ਪਰਮੇਸ਼ਰ ਵਿੱਚ ਅਭੇਦ ਹੋ ਗਿਆ ਹੋਵੇ। ਬਾਣੀ ਵਿੱਚ ਸਾਧ ਅਤੇ ਸੰਤ ਦੀ ਗਤੀ ਨੂੰ ਅਗੰਮ, ਅਗਾਧ, ਅਕੱਥ ਕਿਹਾ ਗਿਆ ਹੈ ਅਤੇ ਪੂਰਨ ਸੰਤ ਤੇ ਪਰਮੇਸ਼ਰ ਵਿੱਚ ਕੋਈ ਭੇਦ ਨਹੀਂ ਮੰਨਿਆ ਗਿਆ। ਸੰਤ ਵਿੱਚ ਹਰੀ ਅਤੇ ਉਸ ਦਾ ਨਾਮ ਆਪਣਾ ਘਰ ਕਰ ਚੁੱਕਾ ਹੁੰਦਾ ਹੈ—ਮਾਨੋਂ ਸੰਤ ਅਲੱਖ, ਅਰੂਪ ਹਰੀ ਦਾ ਅਤੇ ਉਸ ਦੇ ਸਭ ਗੁਣਾਂ ਦਾ ਪ੍ਰਤੱਖ, ਸਾਖਸ਼ਾਤ ਰੂਪ ਹੁੰਦਾ ਹੈ। ਉਹ ਪਰਮੇਸ਼ਰ ਵਾਂਗ ਹੀ ਅਮਰ, ਅਵਿਨਾਸ਼ੀ ਵੀ ਹੁੰਦਾ ਹੈ ਅਤੇ ਉਸ ਵਾਂਗ ਹੀ ਨਿਹਚਲ, ਅਡੋਲ ਸਹਿਜ ਅਵੱਸਥਾ ਵੀ ਪ੍ਰਾਪਤ ਕਰ ਚੁੱਕਾ ਹੁੰਦਾ ਹੈ। ਉਹ ਕਰਮ ਕਰਦਾ ਹੋਇਆ ਨਿਹਕਰਮੀ ਹੁੰਦਾ ਹੈ ਅਤੇ ਸੰਸਾਰ ਵਿੱਚ ਵਿਚਰਦਾ ਹੋਇਆ ਵੀ ਜੀਵਨ-ਮੁਕਤ ਹੁੰਦਾ ਹੈ। ਉਸ ਦੇ ਮਨ, ਬਚਨ, ਕਰਮ ਵਿੱਚ ਪੂਰਨ ਸਮਾਨਤਾ ਹੁੰਦੀ ਹੈ। ਉਸ ਦਾ ਕਥਿਆ ਹੋਇਆ ਕਦੇ 'ਅਧਾਖਰ' ਭਾਵ ਕੱਚਾ ਜਾਂ ਖ਼ਾਲੀ ਨਹੀਂ ਜਾਂਦਾ। ਉਸ ਤੋਂ ਕਦੇ ਕੁਝ ਬੁਰਾ ਨਹੀਂ ਹੁੰਦਾ ਅਤੇ ਉਹ ਜੋ ਕਰਦਾ ਹੈ ਸਦਾ ਭਲਾ ਹੁੰਦਾ ਹੈ।

ਸੱਚੇ ਸੰਤ ਸਦਾ ਸਮਦਰਸ਼ੀ ਹੁੰਦੇ ਹਨ। ਉਹ ਖ਼ੁਸ਼ੀ-ਗ਼ਮੀ, ਉਸਤਤ-ਨਿੰਦਿਆ, ਦੋਸਤ-ਦੁਸ਼ਮਨ, ਵਿਸ਼-ਅੰਮ੍ਰਿਤ ਦੀ ਦਵੈਤ ਤੋਂ ਉੱਪਰ ਉੱਠ ਚੁੱਕੇ ਹੁੰਦੇ ਹਨ। ਉਹ ਪੂਰੀ ਤਰ੍ਹਾਂ ਮਾਲਕ ਦੀ ਰਜ਼ਾ ਵਿੱਚ ਆ ਗਏ ਹੁੰਦੇ ਹਨ ਅਤੇ ਮਾਲਕ ਦੀ ਰਜ਼ਾ ਦਾ ਜੀਂਦਾ-ਜਾਗਦ ਰੂਪ ਹੁੰਦੇ ਹਨ। ਸੰਸਾਰ ਦੇ ਉਤਰਾ-ਚੜ੍ਹਾਅ ਉਨ੍ਹਾ ਨੂੰ ਡੁਲਾ ਨਹੀਂ ਸਕਦੇ ਅਤੇ ਸਰਬੰਸ ਨਿਛਾਵਰ ਕਰ ਦੇਣ ਉੱਤੇ ਵੀ ਉਹ ਮਾਲਕ ਦੇ ਭਾਣੇ ਨੂੰ ਮਿੱਠਾ ਕਰ ਕੇ ਮੰਨਦੇ ਹਨ।

ਪੂਰਨ ਸੰਤ ਨਿਮਰਤਾ, ਆਜਜ਼ੀ, ਖਿਮਾ ਦਾ ਰੂਪ ਹੁੰਦੇ ਹਨ। ਕਰੋੜਾਂ ਅਸੰਤ ਮਿਲਣ ਉੱਤੇ ਵੀ ਉਹ ਆਪਣੇ ਸਹਿਜ-ਸੁਭਾਅ ਨੂੰ ਨਹੀਂ ਬਦਲਦੇ ਅਤੇ ਕਠੋਰਤਾ, ਸ਼ੱਤਰੂਤਾ ਦਾ ਉੱਤਰ ਵੀ ਖਿਮਾ, ਪ੍ਰੇਮ ਅਤੇ ਦਇਆ ਵਿੱਚ ਦਿੰਦੇ ਹਨ ਕਿਉਂਕਿ ਉਨ੍ਹਾਂ ਦੀ ਲਿਵ ਸਦਾ ਮਾਲਕ ਵਿੱਚ ਲੱਗੀ ਹੁੰਦੀ ਹੈ ਅਤੇ ਉਨ੍ਹਾਂ ਨੂੰ ਘਟ-ਘਟ ਵਿੱਚ ਇੱਕੋ ਮਾਲਕ ਦੇ ਦਰਸ਼ਨ ਹੁੰਦੇ ਹਨ।

ਪੂਰਨ ਸੰਤ ਜੀਵ ਦੇ ਪਰਮ-ਹਿਤੈਸ਼ੀ ਹੁੰਦੇ ਹਨ। ਉਹ ਮੁਕਤੀ ਦੇ ਦਾਤਾ ਹੁੰਦੇ ਹਨ। ਉਹ ਆਪ ਮੁਕਤ ਹੁੰਦੇ ਹਨ ਤੇ ਜੋ ਜੀਵ ਉਨ੍ਹਾਂ ਦੀ ਸੰਗਤ, ਸ਼ਰਨ ਵਿੱਚ

ਆਉਂਦੇ ਹਨ ਉਨ੍ਹਾਂ ਨੂੰ ਵੀ ਸੱਚੀ ਮੁਕਤੀ ਦੀ ਦਾਤ ਬਖ਼ਸ਼ਦੇ ਹਨ। ਪੂਰਨ ਸੰਤ ਦੀ ਸੰਗਤ ਵਿੱਚ ਮਨ ਦੇ ਵਿਕਾਰ ਦੂਰ ਹੁੰਦੇ ਹਨ, ਪਰਮੇਸ਼ਰ ਦਾ ਪਿਆਰ ਜਾਗਦਾ ਹੈ, ਨਾਮ ਦੀ ਕਮਾਈ ਦਾ ਸ਼ੌਕ ਵਧਦਾ ਹੈ ਅਤੇ ਜੀਵ ਪਰਮੇਸ਼ਰ-ਪ੍ਰਾਪਤੀ ਦੇ ਕਾਬਲ ਬਣ ਜਾਂਦਾ ਹੈ। ਸੰਸਾਰਿਕ ਪਾਰਸ ਤਾਂ ਲੋਹੇ ਨੂੰ ਸੋਨਾ ਬਣਾਉਂਦਾ ਹੈ ਪਰ ਸੰਤਾਂ ਨੂੰ ਐਸੇ ਪਰਮ-ਪਾਰਸ ਮੰਨਿਆ ਗਿਆ ਹੈ ਜੋ ਜੀਵਾਂ ਨੂੰ ਆਪਣਾ ਹੀ ਰੂਪ, ਭਾਵ ਸੰਤ ਹੀ ਬਣਾ ਲੈਂਦੇ ਹਨ। ਗੁਰਬਾਣੀ ਇੱਕ ਪਾਸੇ ਜੀਵ ਸਾਹਮਣੇ ਪਰਮੇਸ਼ਰ ਪ੍ਰਾਪਤੀ ਦਾ ਆਦਰਸ਼ ਰੱਖਦੀ ਹੈ ਤਾਂ ਦੂਜੇ ਪਾਸੇ ਇਸ ਦੀ ਪ੍ਰਾਪਤੀ ਦਾ ਵਸੀਲਾ ਪੂਰਨ ਸਾਧ-ਸੰਤ ਦੀ ਸੰਗਤ ਨੂੰ ਦੱਸਦੀ ਹੈ, ਕਿਉਂਕਿ ਕੋਈ ਪੂਰਨ ਸੰਤ ਹੀ ਪੂਰਾ ਸਤਿਗੁਰੂ ਹੋ ਸਕਦਾ ਹੈ। ਪਰਮਾਰਥੀ ਪ੍ਰਾਪਤੀ ਦਾ ਕੋਈ ਐਸਾ ਪਹਿਲੂ ਨਹੀਂ ਜਿਸ ਨੂੰ ਗੁਰੂ ਸਹਿਬਾਨ ਨੇ ਪੂਰਨ ਸਾਧ-ਸੰਤ ਦੀ ਸੰਗਤ ਨਾਲ ਨਾ ਜੋੜਿਆ ਹੋਵੇ।

1. [1]ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿਨਾਮਾਂ ਮਨਿ ਮੰਤੁ ॥
   ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ ॥ (ਮ: 5—319)
2. ਸੋ ਸਾਧੂ ਬੈਰਾਗੀ ਸੋਈ ਹਿਰਦੈ ਨਾਮੁ ਵਸਾਏ ॥
   ਅੰਤਰਿ [2]ਲਾਗਿ ਨ ਤਾਮਸੁ ਮੂਲੇ ਵਿਚਹੁ ਆਪੁ ਗਵਾਏ ॥ (ਮ: 3—29)
3. ਸ੍ਰਵਣੀ[3] ਕੀਰਤਨੁ ਸਿਮਰਨੁ ਸੁਆਮੀ ਇਹੁ ਸਾਧ ਕੋ ਆਚਾਰੁ[4] ॥
   ਚਰਨ ਕਮਲ ਅਸਥਿਤਿ ਰਿਦ ਅੰਤਰਿ ਪੂਜਾ ਪ੍ਰਾਨ ਕੋ ਆਧਾਰੁ[5] ॥(ਮ: 5, 1222)
4. ਹਰਿ ਕਾ ਸੰਤੁ ਸਤਗੁਰੁ ਸਤ ਪੁਰਖਾ ਜੋ ਬੋਲੈ ਹਰਿ ਹਰਿ ਬਾਨੀ ॥
   ਜੋ ਜੋ ਕਹੈ ਸੁਣੈ ਸੋ ਮੁਕਤਾ ਹਮ ਤਿਸ ਕੈ ਸਦ ਕੁਰਬਾਨੀ ॥ (ਮ: 4—667)
5. ਰਾਮ ਸੰਤ ਮਹਿ ਭੇਦੁ ਕਿਛੁ ਨਾਹੀ ਏਕੁ ਜਨ ਕਈ ਮਹਿ ਲਾਖ ਕਰੋਰੀ ॥
   ਜਾ ਕੈ ਹੀਐ[6] ਪ੍ਰਗਟੁ ਪ੍ਰਭੁ ਹੋਆ ਅਨਦਿਨੁ ਕੀਰਤਨੁ ਰਸਨ ਰਮੋਰੀ ॥ (208)
6. ਸਤਿ ਪਰਮੇਸਰੁ ਸਤਿ ਸਾਧ ਜਨ ਨਿਹਚਲੁ ਹਰਿ ਕਾ ਨਾਉ ॥
   ਭਗਤਿ ਭਾਵਨੀ ਪਾਰਬ੍ਰਹਮ ਕੀ ਅਬਿਨਾਸੀ ਗੁਣ ਗਾਉ ॥ (ਮ: 5—1221)
7. ਹਰਿ ਕਾ ਸੰਤੁ ਹਰਿ ਕੀ ਹਰਿ ਮੂਰਤਿ ਜਿਸੁ ਹਿਰਦੈ ਹਰਿਨਾਮੁ ਮੁਰਾਰਿ[7] ॥
   ਮਸਤਕਿ ਭਾਗੁ ਹੋਵੈ ਜਿਸੁ ਲਿਖਿਆ ਸੋ ਗੁਰਮਤਿ ਹਿਰਦੈ ਹਰਿਨਾਮੁ ਸਮਾਰਿ ॥
   (ਮ: 4—1135)

---

1. ਜੋ ਸਾਹ-ਸਾਹ, ਗਰਾਹੀ-ਗਰਾਹੀ ਨਾਲ ਪਰਮੇਸ਼ਰ ਦਾ ਨਾਮ ਨਹੀਂ ਵਿਸਾਰਦੇ 2. ਜਿਨ੍ਹਾਂ ਨੇ ਅੰਦਰੋਂ ਤਮੋ ਗੁਣ ਦੀ ਅਗਨੀ ਅਤੇ ਹਉਮੈ ਮਾਰ ਲਈ ਹੈ 3. ਕੰਨਾਂ ਨਾਲ 4. ਕਰਣੀ, ਰਹਿਣੀ 5. ਆਸਰਾ 6. ਹਿਰਦੇ ਵਿੱਚ ਪ੍ਰਭੂ ਪ੍ਰਗਟ ਹੁੰਦਾ ਹੈ ਅਤੇ ਰਸਨਾ ਸਦਾ ਹਰੀ ਨਾਮ ਦੇ ਸਿਮਰਨ ਵਿੱਚ ਲੱਗੀ ਰਹਿੰਦੀ ਹੈ 7. ਮੁਰਾਰੀ, ਭਾਵ ਪਰਮੇਸ਼ਰ।

8. ਰਾਣਾ ਰਾਉ ਸਭੇ ਕੋਊ ਚਾਲੈ ਝੂਠੁ ਛੋਡਿ ਜਾਇ ਪਾਸਾਰੁ ॥
ਨਾਨਕ ਸੰਤ ਸਦਾ ਥਿਰੁ ਨਿਹਚਲੁ ਜਿਨ ਰਾਮਨਾਮੁ ਆਧਾਰੁ ॥(ਮ: 4—1200)

9. ਸਤਿ ਸਤਿ ਹਰਿ ਸਤਿ ਸੁਆਮੀ ਸਤਿ ਸਾਧ ਸੰਗੇਹੁ[8] ॥
ਸਤਿ ਤੇ ਜਨ ਜਿਨ ਪਰਤੀਤਿ ਉਪਜੀ ਨਾਨਕ ਨਹ ਭਰਮੇਹੁ ॥(ਮ: 5, 1226)

10. ਸਭੁ ਜਗੁ ਚਲਤਉ ਪੇਖੀਐ ਨਿਹਚਲੁ ਹਰਿ ਕੋ ਨਾਉ ॥
ਕਰਿ ਮਿਤ੍ਰਾਈ[9] ਸਾਧ ਸਿਉ ਨਿਹਚਲੁ ਪਾਵਹਿ ਠਾਉ ॥ (ਮ: 4—431)

11. ਥਾਨ ਪਵਿਤ੍ਰਾ ਮਾਨ ਪਵਿਤ੍ਰਾ ਪਵਿਤ੍ਰ ਸੁਨਨ ਕਹਨਹਾਰੇ ॥
ਕਹੁ ਨਾਨਕ ਤੇ ਭਵਨ ਪਵਿਤ੍ਰਾ ਜਾ ਮਹਿ ਸੰਤ ਤੁਮਾਰੇ ॥ (ਮ: 5—1215)

12. ਥਾਨੁਸੁਹਾਵਾ ਪਵਿਤੁ ਹੈ ਜਿਥੈ ਸੰਤ ਸਭਾ ॥
ਢੋਈ ਤਿਸ ਹੀ ਨੋ ਮਿਲੈ ਜਿਨਿ ਪੂਰਾ ਗੁਰੂ ਲਭਾ ॥ (ਮ: 5—44)

13. ਸੰਤਾਂ ਸੰਗਤਿ ਪਾਈਐ ਜੇ ਮੇਲੇ ਮੇਲਣਹਾਰੁ ॥
ਮਿਲਿਆ ਹੋਇ ਨ ਵਿਛੁੜੈ ਜਿਸ ਅੰਤਰਿ ਜੋਤਿ ਅਪਾਰ ॥ (ਮ: 5—56)

14. ਕਿਰਪਾ ਕਰੇ ਜਿਸੁ ਪਾਰਬ੍ਰਹਮੁ ਹੋਵੈ ਸਾਧੂ ਸੰਗੁ ॥
ਜਿਉ ਜਿਉ ਓਹੁ ਵਧਾਈਐ ਤਿਉ ਤਿਉ ਹਰਿ ਸਿਉ ਰੰਗੁ ॥ (ਮ: 5—71)

15. ਜਿਸੁ ਲੜਿ ਲਗਿਐ ਜੀਵੀਐ ਭਵਜਲੁ ਪਈਐ ਪਾਰਿ ॥
ਮਿਲਿ ਸਾਧੂ ਸੰਗਿ ਉਧਾਰੁ ਹੋਇ ਮੁਖ ਊਜਲ ਦਰਬਾਰਿ ॥ (ਮ: 5—218)

16. ਅਚਲੁ [10]ਗਹਿ ਕੈ ਸਾਧ ਕਾ ਤਰਣਾ ਇਹੁ ਸੰਸਾਰੁ ॥
ਪਾਰਬ੍ਰਹਮੁ ਆਰਾਧੀਐ ਉਧਰੇ ਸਭ ਪਰਵਾਰੁ ॥ (ਮ: 5—218)

17. ਟੂਟੇ ਬੰਧਨ ਜਾਸੁ ਕੇ ਹੋਆ ਸਾਧੂ ਸੰਗੁ ॥
ਜੋ ਰਾਤੇ ਰੰਗ ਏਕ ਕੈ ਨਾਨਕ ਗੂੜਾ ਰੰਗੁ ॥ (ਮ: 5—252)

18. [11]ਟਹਲ ਮਹਲ ਤਾ ਕਉ ਮਿਲੈ ਜਾ ਕਉ ਸਾਧ ਕ੍ਰਿਪਾਲ ॥
ਸਾਧੂ ਸੰਗਤਿ ਤਉ ਬਸੈ ਜਉ ਆਪਨ ਹੋਹਿ ਦਇਆਲ ॥
ਟੋਹੇ[12] ਟਾਹੇ ਬਹੁ ਭਵਨ ਬਿਨੁ ਨਾਵੈ ਸੁਖੁ ਨਾਹਿ ॥
ਟਲਹਿ ਜਾਮ ਕੇ ਦੂਤ ਤਿਹ ਜੁ ਸਾਧੂ ਸੰਗਿ ਸਮਾਹਿ ॥ (ਮ: 5—255)

19. ਜਹ ਸਾਧੂ ਗੋਬਿਦ ਭਜਨੁ ਕੀਰਤਨੁ ਨਾਨਕ ਨੀਤ ॥
[13]ਣਾ ਹਉ ਣਾ ਤੂੰ ਣਹ ਛੁਟਹਿ ਨਿਕਟਿ ਨ ਜਾਈਅਹੁ ਦੂਤ ॥ (ਮ: 5—256)

---

8. ਸਾਧੂ ਦੀ ਸੰਗਤ 9. ਦੋਸਤੀ, ਪ੍ਰੇਮ 10. ਸਾਧ ਦਾ ਪੱਲਾ ਫੜ ਕੇ ਸੰਸਾਰ-ਸਾਗਰ ਨੂੰ ਪਾਰ ਕਰ ਲਵੋ 11. ਸੇਵਾ ਦੀ ਪਦਵੀ 12. ਟਟੋਲੇ, ਖੋਜੇ, ਵੇਖੇ, ਭਾਲੇ 13. ਧਰਮ-ਰਾਜ ਆਪਣੇ ਦੂਤਾਂ ਨੂੰ ਕਹਿੰਦਾ ਹੈ ਕਿ ਜਿੱਥੇ ਪ੍ਰਭੂ ਦਾ ਭਜਨ ਅਤੇ ਸਾਧੂ ਦੀ ਸੰਗਤ ਹੈ ਓਥੇ ਨਾ ਜਾਇਓ, ਨਹੀ ਤਾਂ ਨਾ ਤੁਸੀਂ ਬੱਧੇ ਛੁੱਟੋਗੇ, ਨਾ ਮੈਂ ਛੁੱਟਾਂਗਾ।

20. ਧਧਾ ਧਾਵਤ ਤਉ ਮਿਟੈ ਸੰਤ ਸੰਗਿ ਹੋਇ ਬਾਸੁ ॥
ਧੁਰ ਤੇ ਕਿਰਪਾ ਕਰਹੁ ਆਪਿ ਤਉ ਹੋਇ ਮਨਹਿ ਪਰਗਾਸੁ ॥ (ਮ: 5—257)

21. ਨਾਨਕ ਨਾਮੁ ਨਾਮੁ ਜਪੁ ਜਪਿਆ ਅੰਤਰਿ ਬਾਹਰਿ ਰੰਗਿ ॥
ਗੁਰਿ ਪੂਰੈ ਉਪਦੇਸਿਆ ਨਰਕੁ ਨਾਹਿ ਸਾਧਸੰਗਿ ॥ (ਮ: 5—257)

22. [14]ਸਾਧੂ ਕੀ ਮਨ ਓਟ ਗਹੁ ਉਕਤਿ ਸਿਆਨਪ ਤਿਆਗੁ ॥
ਗੁਰਦੀਖਿਆ[15] ਜਿਹ ਮਨਿ ਬਸੈ ਨਾਨਕ ਮਸਤਕਿ ਭਾਗੁ ॥ (ਮ: 5—260)

23. ਪੰਚ ਬਿਕਾਰ ਮਨ ਮਹਿ ਬਸੇ ਰਾਚੇ ਮਾਇਆ ਸੰਗਿ ॥
ਸਾਧਸੰਗਿ ਹੋਇ ਨਿਰਮਲਾ ਨਾਨਕ ਪ੍ਰਭ ਕੈ ਰੰਗਿ ॥ (ਮ: 5—297)

24. ਲਾਭੁ ਮਿਲੈ [16]ਤੋਟਾ ਹਿਰੈ ਸਾਧਸੰਗਿ ਲਿਵ ਲਾਇ ॥
ਖਾਟਿ ਖਜਾਨਾ ਗੁਣ ਨਿਧਿ ਹਰੇ ਨਾਨਕ ਨਾਮੁ ਧਿਆਇ ॥ (ਮ: 5—298)

25. ਜਨਮ ਮਰਨ ਦੁਖੁ ਕਟਿਆ ਹਰਿ ਭੇਟਿਆ ਪੁਰਖੁ ਸੁਜਾਣੁ ॥
ਸੰਤ ਸੰਗਿ ਸਾਗਰੁ ਤਰੇ ਜਨ ਨਾਨਕ ਸਚਾ ਤਾਣੁ[17] ॥ (ਮ: 5—318)

26. ਬਨੁ ਬਨੁ ਫਿਰਤੀ ਖੋਜਤੀ ਹਾਰੀ ਬਹੁ ਅਵਗਾਹਿ[18] ॥
ਨਾਨਕ ਭੇਟੇ ਸਾਧ ਜਬ ਹਰਿ ਪਾਇਆ ਮਨ ਮਾਹਿ ॥ (ਮ: 5—455)

27. ਸੰਤ ਕਾ ਮਾਰਗੁ ਧਰਮ ਕੀ ਪਉੜੀ ਕੋ ਵਡਭਾਗੀ ਪਾਏ ॥
[19]ਕੋਟਿ ਜਨਮ ਕੇ ਕਿਲਬਿਖ ਨਾਸੇ ਹਰਿ ਚਰਣੀ ਚਿਤੁ ਲਾਏ ॥ (622)

28. ਸੰਤ ਪ੍ਰਸਾਦਿ ਮੇਰੇ ਪੂਰ ਮਨੋਰਥ ਕਰਿ ਕਿਰਪਾ ਭੇਟੇ ਗੁਣਤਾਸ ॥
ਸਾਂਤਿ ਸਹਜ ਸੂਖ ਮਨਿ ਉਪਜਿਓ ਕੋਟਿ ਸੂਰ ਨਾਨਕ ਪਰਗਾਸ ॥ (716)

29. ਕੋਟਿ ਅਪ੍ਰਾਧੀ ਸੰਤ ਸੰਗਿ ਉਧਰੈ ਜਮੁ ਤਾ ਕੈ ਨੇੜਿ ਨ ਆਵੈ ॥
ਜਨਮ ਜਨਮ ਕਾ ਬਿਛੁੜਿਆ ਹੋਵੈ ਤਿਨ ਹਰਿ ਸਿਉ ਆਣਿ ਮਿਲਾਵੈ ॥
ਮਾਇਆ ਮੋਹ ਭਰਮੁ ਭਉ ਕਾਟੈ ਸੰਤ ਸਰਣਿ ਜੋ ਆਵੈ ॥
ਜੇਹਾ ਮਨੋਰਥੁ ਕਰਿ ਆਰਾਧੇ ਸੋ ਸੰਤਨ ਤੇ ਪਾਵੈ ॥ (ਮ: 5—748)

30. ਚਰਨ ਸੰਤਨ ਕੇ ਮਾਥੇ ਮੇਰੇ ਊਪਰਿ ਨੈਨਹੁ ਧੂਰਿ ਬਾਂਛਈ[20] ॥
ਜਿਹ ਪ੍ਰਸਾਦਿ ਮਿਲੀਐ ਪ੍ਰਭ ਨਾਨਕ ਬਲਿ ਬਲਿ ਤਾ ਕੈ ਹਉ ਜਾਈ ॥
(ਮ: 5—1207)

31. ਕਰਿ ਸੰਗਤਿ ਤੂੰ ਸਾਧ ਕੀ ਅਠਸਠਿ ਤੀਰਥ ਨਾਉ ॥
ਜੀਉ ਪ੍ਰਾਣ ਮਨੁ ਤਨੁ ਹਰੇ ਸਾਚਾ ਇਹੁ ਸੁਆਉ ॥ (ਮ: 5—47)

---

14. ਮਨ ਵਿੱਚ ਸਾਧ ਦਾ ਆਸਰਾ ਲਵੇਂ 15. ਗੁਰਮੰਤਰ, ਗੁਰੂ ਦਾ ਸ਼ਬਦ 16. ਨੁਕਸਾਨ ਖ਼ਤਮ ਹੋਵੇ 17. ਬਲ, ਸ਼ਕਤੀ 18. ਗਾਹ ਕੇ, ਢੂੰਡ ਕੇ 19. ਕਰੋੜਾਂ ਜਨਮਾਂ ਦੇ ਪਾਪ ਦੂਰ ਹੋ ਗਏ 20. ਮੰਗਦਾ ਹਾਂ।

32. ਤੀਰਥ ਵਰਤ ਲਖ ਸੰਜਮਾ ਪਾਈਐ ਸਾਧੂ ਧੂਰਿ ॥
ਲੂਕਿ ਕਮਾਵੈ ਕਿਸ ਤੇ ਜਾ ਵੇਖੈ ਸਦਾ ਹਦੂਰਿ ॥ (ਮ: 5—48)

33. [21]ਚਾਰਿ ਪਦਾਰਥ ਅਸਟ ਦਸਾ ਸਿਧਿ ਸਭ ਊਪਰਿ ਸਾਧ ਭਲੇ ॥
ਨਾਨਕ ਦਾਸ ਧੂਰਿ ਜਨ ਬਾਛੈ ਉਧਰਹਿ ਲਾਗਿ ਪਲੇ ॥ (ਮ: 5—1227)

34. ਕਬੀਰ ਜਾ ਘਰ ਸਾਧ ਨ ਸੇਵੀਅਹਿ ਹਰਿ ਕੀ ਸੇਵਾ ਨਾਹਿ ॥
[22]ਤੇ ਘਰ ਮਰਹਟ ਸਾਰਖੇ ਭੂਤ ਬਸਹਿ ਤਿਨ ਮਾਹਿ ॥ (ਕਬੀਰ—1374)

35. ਸੰਤਾ ਕਉ ਮਤਿ ਕੋਈ ਨਿੰਦਹੁ ਸੰਤ ਰਾਮੁ ਹੈ ਏਕੋ ॥
ਕਹੁ ਕਬੀਰ ਮੈ ਸੋ ਗੁਰੁ ਪਾਇਆ ਜਾ ਕਾ ਨਾਉ ਬਿਬੇਕੋ[23] ॥ (ਕਬੀਰ—793)

ਅਪਰਸ

ਅਪਰਸ ਤੋਂ ਭਾਵ ਹੈ, ਸਪਰਸ਼ ਨਾ ਕਰਨਾ ਅਥਵਾ ਨਾ ਛੂਹਣਾ। ਆਮ ਤੌਰ ਤੇ ਜਿਹੜਾ ਜੀਵ ਛੂਤ-ਛਾਤ ਨੂੰ ਮੰਨਦਾ ਹੋਵੇ ਅਤੇ ਬਾਹਰਮੁਖੀ ਸੁੱਚਮਤਾ ਵਿੱਚ ਵਿਸ਼ਵਾਸ ਰੱਖੇ ਉਸ ਨੂੰ ਅਪਰਸ ਆਖਦੇ ਹਨ। ਗੁਰਮਤਿ ਅਨੁਸਾਰ ਜਿਹੜਾ ਜੀਵ ਕੁਕਰਮਾਂ ਨੂੰ ਨਹੀਂ ਛੂੰਹਦਾ ਅਤੇ ਆਪਣੀਆਂ ਇੰਦਰੀਆਂ ਨੂੰ ਵਿਕਾਰਾਂ ਦੇ ਸਪਰਸ਼ ਤੋਂ ਬਚਾ ਕੇ ਰੱਖਦਾ ਹੈ, ਉਹ ਸੱਚਾ ਅਪਰਸ ਹੈ। 'ਸੱਚਾ ਸ਼ਬਦ' ਜਾਂ 'ਸੱਚਾ ਨਾਮ' ਵੀ ਅਜਿਹੇ ਅਪਰਸ ਦੇ ਅੰਦਰ ਹੀ ਪ੍ਰਗਟ ਹੁੰਦਾ ਹੈ। ਅਜਿਹਾ ਮਨੁੱਖ ਆਪ ਵੀ ਤਰ ਜਾਂਦਾ ਹੈ ਤੇ ਦੂਜਿਆਂ ਨੂੰ ਵੀ ਤਾਰ ਲੈਂਦਾ ਹੈ। ਪਰ ਅਜਿਹਾ ਅਪਰਸ ਬਣਨਾ ਕੋਈ ਸੌਖੀ ਗੱਲ ਨਹੀਂ ; ਕਰੋੜਾਂ ਵਿੱਚੋਂ ਕੋਈ ਵਿਰਲਾ ਜੀਵ ਅਜਿਹਾ ਸੱਚਾ ਅਪਰਸ ਬਣ ਸਕਦਾ ਹੈ।

---

21. ਧਰਮ, ਅਰਥ, ਕਾਮ, ਮੋਕਸ਼, ਚਾਰ ਪਦਾਰਥਾਂ ਤੋਂ ਅਤੇ ਅੱਠਾਂ ਦਿਸ਼ਾਵਾਂ ਵਿੱਚ ਸੰਤ ਉੱਤਮ ਹਨ 22. ਉਹ ਘਰ ਸ਼ਮਸ਼ਾਨ ਭੂਮੀ ਸਮਾਨ ਹੈ 23. ਗਿਆਨ ।

ਅਪਰਸ

1. [1]ਉਰਿਧਾਰੈ ਜੋ ਅੰਤਰਿ ਨਾਮੁ ॥ ਸਰਬ ਮੈ ਪੇਖੈ ਭਗਵਾਨੁ ॥
[2]ਨਿਮਖ ਨਿਮਖ ਠਾਕੁਰ ਨਮਸਕਾਰੈ ॥
[3]ਨਾਨਕ ਓਹੁ ਅਪਰਸੁ ਸਗਲ ਨਿਸਤਾਰੈ ॥
[4]ਮਿਥਿਆ ਨਾਹੀ ਰਸਨਾ ਪਰਸ ॥ [5]ਮਨ ਮਹਿ ਪ੍ਰੀਤਿ ਨਿਰੰਜਨ ਦਰਸ ॥
[6]ਪਰਤ੍ਰਿਅ ਰੂਪੁ ਨ ਪੇਖੈ ਨੇਤ੍ਰ ॥ ਸਾਧ ਕੀ ਟਹਲ ਸੰਤ ਸੰਗਿ ਹੇਤ[7] ॥
[8]ਕਰਨ ਨ ਸੁਨੈ ਕਾਹੂ ਕੀ ਨਿੰਦਾ ॥ ਸਭ ਤੇ ਜਾਨੈ ਆਪਸ ਕਉ ਮੰਦਾ ॥
[9]ਗੁਰ ਪ੍ਰਸਾਦਿ ਬਿਖਿਆ ਪਰਹਰੈ ॥ [10]ਮਨ ਕੀ ਬਾਸਨਾ ਮਨ ਤੇ ਟਰੈ ॥
[11]ਇੰਦ੍ਰੀਜਿਤ ਪੰਚ ਦੋਖ ਤੇ ਰਹਤ ॥ [12]ਨਾਨਕ ਕੋਟਿ ਮਧੇ ਕੋ ਐਸਾ ਅਪਰਸ ॥
(ਮ: 5—274)

---

1. ਨਾਮ ਨੂੰ ਅੰਦਰ ਹਿਰਦੇ ਵਿੱਚ ਧਾਰਨ ਕਰੇ 2. ਹਰ ਸਮੇਂ 3. ਐਸਾ ਵਿਅਕਤੀ ਜੋ ਮਾਇਆ ਦੇ ਸਪਰਸ਼ ਤੋਂ ਪਰੇ ਹੋਵੇ ਸਭ ਨੂੰ ਪਾਰ ਉਤਾਰਦਾ ਹੈ 4. ਝੂਠ ਨੂੰ ਜੀਭ ਛੂੰਹਦਾ ਤਕ ਨਹੀਂ ਭਾਵ ਝੂਠ ਨੂੰ ਨੇੜੇ ਨਹੀਂ ਢੁਕਣ ਦਿੰਦਾ 5. ਮਨ ਵਿੱਚ ਸਿਰਫ਼ ਪ੍ਰਭੂ ਦੇ ਦਰਸ਼ਨਾਂ ਦਾ ਪ੍ਰੇਮ ਹੁੰਦਾ ਹੈ 6. ਪ੍ਰਾਈ ਇਸਤਰੀ ਨੂੰ ਬੁਰੀ ਨਜ਼ਰ ਨਾਲ ਨਹੀਂ ਵੇਖਦਾ 7. ਪਿਆਰ 8. ਕੰਨਾਂ ਨਾਲ ਕਿਸੇ ਦੀ ਨਿੰਦਿਆ ਨਹੀਂ ਸੁਣਦਾ 9. ਗੁਰੂ ਦੀ ਕਿਰਪਾ ਨਾਲ ਹਰ ਤਰ੍ਹਾਂ ਦੀ ਬੁਰਾਈ ਤਿਆਗ ਦਿੰਦਾ ਹੈ 10. ਮਨ ਵਿੱਚੋਂ ਹਰ ਪ੍ਰਕਾਰ ਦੀ ਆਸਾ-ਮਨਸਾ ਕੱਢ ਦਿੰਦਾ ਹੈ 11. ਇੰਦਰੀਆਂ ਨੂੰ ਵੱਸ ਵਿੱਚ ਕਰ ਕੇ ਵਿਕਾਰਾਂ ਨੂੰ ਜਿੱਤ ਲੈਂਦਾ ਹੈ 12. ਕਰੋੜ ਵਿੱਚੋਂ ਕੋਈ ਵਿਰਲਾ ਵਿਅਕਤੀ ਐਸਾ ਸੱਚਾ ਅਪਰਸ ਬਣਦਾ ਹੈ ।

ਜੀਵਨ ਮੁਕਤ

ਪਰਮਾਰਥੀ ਗ੍ਰੰਥਾਂ ਵਿੱਚ ਅਨੇਕ ਪ੍ਰਕਾਰ ਦੀ ਮੁਕਤੀ ਦਾ ਵਰਣਨ ਹੈ, ਪਰ ਜੀਵਨ-ਮੁਕਤ ਨੂੰ ਸਭ ਤੋਂ ਉੱਤਮ ਮੰਨਿਆ ਗਿਆ ਹੈ। ਜੀਂਦੇ-ਜੀਅ ਜ਼ਿੰਦਗੀ ਦੇ ਬੰਧਨਾਂ ਤੋਂ ਆਜ਼ਾਦ ਹੋ ਜਾਣਾ ਹੀ ਜੀਵਨ-ਮੁਕਤ ਹੋਣਾ ਹੈ। ਜੀਵ ਨੂੰ ਇਹ ਉੱਚੀ ਆਤਮਿਕ ਅਵੱਸਥਾ ਜੀਂਦੇ-ਜੀਅ ਆਤਮਾ ਨੂੰ ਪਰਮਾਤਮਾ ਵਿੱਚ ਲੀਨ ਕਰ ਕੇ ਸਦੀਵੀ ਮੁਕਤੀ ਪ੍ਰਾਪਤ ਕਰਨ ਤੋਂ ਹੁੰਦੀ ਹੈ।

ਗੁਰਮਤਿ ਕਰਮ ਅਤੇ ਸੰਸਾਰ ਦੇ ਤਿਆਗ ਲਈ ਨਹੀਂ ਕਹਿੰਦਾ ਸਗੋਂ ਕਰਮ ਕਰਦੇ ਹੋਏ ਨਿਹਕਰਮੀ ਹੋਣ ਅਤੇ ਸੰਸਾਰ ਵਿੱਚ ਰਹਿੰਦੇ ਹੋਏ ਇਸ ਦੀਆਂ ਮੈਲਾਂ ਵਿੱਚ ਨਾ ਲਿਬੜਨ ਦੀ ਐਸੀ ਪੂਰਨ ਜੁਗਤੀ ਸਮਝਾਉਂਦਾ ਹੈ, ਜੋ ਇਨਸਾਨ ਨੂੰ ਜੀਵਨ-ਮੁਕਤ ਦੀ ਉੱਚੀ ਅਵੱਸਥਾ ਦਾ ਭਾਗੀ ਬਣਾ ਦਿੰਦੀ ਹੈ।

ਅਸੀਂ ਆਸਾ, ਮਨਸਾ, ਤ੍ਰਿਸ਼ਨਾ, ਮਮਤਾ ਅਤੇ ਹਉਮੈ ਤੋਂ ਪਰੇਰਤ ਹੋ ਕੇ ਕਰਮ ਕਰਦੇ ਹਾਂ ਅਤੇ ਇਸ ਤਰ੍ਹਾਂ ਜਗਤ ਅਤੇ ਆਵਾਗੌਣ ਦੇ ਚੱਕਰ ਵਿੱਚ ਫੱਸ ਜਾਂਦੇ ਹਾਂ। ਪਰੰਤੂ ਜਿਹੜਾ ਵਿਅਕਤੀ ਮਨ-ਮਤ ਤਿਆਗ ਕੇ ਗੁਰਮਤਿ ਵਿੱਚ ਆ ਜਾਂਦਾ ਹੈ, ਸਤਿਗੁਰੂ ਅਤੇ ਅਕਾਲਪੁਰਖ ਦੇ ਭਾਣੇ ਅਤੇ ਹੁਕਮ ਵਿੱਚ ਚੱਲਦਾ ਹੈ, ਕਿਸੇ ਤਰ੍ਹਾਂ ਦੇ ਫਲ ਦੀ ਆਸ ਨਹੀਂ ਰੱਖਦਾ, ਹਉਮੈ ਮੁਕਤ ਹੋ ਕੇ ਪਰਮੇਸ਼ਰ ਦੇ ਭਉ-ਭਾਉ ਅਧੀਨ ਕਰਮ ਕਰਦਾ ਹੈ, ਉਹ ਕਰਮ ਕਰਦਾ ਹੋਇਆ ਵੀ ਉਨ੍ਹਾਂ ਦੇ ਬੰਧਨਕਾਰੀ ਪ੍ਰਭਾਵ ਤੋਂ ਮੁਕਤ ਹੋ ਜਾਂਦਾ ਹੈ। ਉਸ ਦੇ ਕਰਮ 'ਹੁਕਮ ਰਜਾਈ' ਕਰਮ ਜਾਂ ਅਧਿਆਤਮਿਕ ਕਰਮ ਹੁੰਦੇ ਹਨ। ਇਹੋ ਸੁਆਰਥੀ ਨਹੀਂ ਪਰਮਾਰਥੀ ਅਤੇ ਪਰ-ਉਪਕਾਰੀ ਕਰਮ ਹੁੰਦੇ ਹਨ। ਉਸ ਦੇ ਹੱਥ ਜਗਤ ਦੀ ਕਾਰ ਵੱਲ ਹੁੰਦੇ ਹਨ, ਪਰ ਉਸ ਦੀ ਲਿਵ ਸਦਾ ਮਾਲਕ ਦੇ ਚਰਨ-ਕੰਵਲਾਂ ਵਿੱਚ ਲੱਗੀ ਹੁੰਦੀ ਹੈ। ਉਹ ਹਰ ਸਮੇਂ ਨਾਮ ਦੇ ਰੰਗ ਵਿੱਚ ਰੰਗਿਆ ਹੁੰਦਾ ਹੈ, ਜਿਸ ਕਾਰਨ ਉਹ ਸਹਿਜ ਵਿੱਚ ਵਿਚਰਦਾ ਹੈ ਅਤੇ ਉਸ ਤੋਂ ਕੋਈ ਮੰਦਾ ਕੰਮ ਹੋ ਹੀ ਨਹੀਂ ਸਕਦਾ। 'ਹੁਕਮ ਰਜਾਈ' ਚੱਲਣ ਵਾਲਾ ਪਰਮੇਸ਼ਰ ਪਿਆਰਾ ਐਸੀ ਥਿਰ ਅਵਸਥਾ ਪ੍ਰਾਪਤ ਕਰ ਲੈਂਦਾ ਹੈ, ਜਿਸ ਵਿੱਚ ਉਹ ਹਰਖ-ਸੋਗ, ਉਸਤਤ-ਨਿੰਦਿਆ, ਲਾਭ-ਹਾਨੀ, ਵੈਰੀ-ਮੀਤ ਨੂੰ ਸਮ ਕਰਕੇ ਜਾਣਦਾ ਹੈ। ਉਹ ਦਵੈਤ ਵਿੱਚੋਂ ਪੂਰਨ ਏਕਤਾ ਵਿੱਚ ਆ ਜਾਂਦਾ ਹੈ। ਉਸ ਦਾ ਹਰ ਕਰਮ ਪਰਮੇਸ਼ਰ ਨਮਿਤ ਹੁੰਦਾ ਹੈ, ਜਿਸ ਕਾਰਨ, ਕਰਮ ਅਤੇ ਜੀਵਨ ਉਸ ਲਈ ਬੰਧਨਕਾਰੀ ਨਹੀਂ ਰਹਿ ਜਾਂਦੇ ਅਤੇ ਉਹ ਜੀਵਨ-ਮੁਕਤ ਹੋ ਜਾਂਦਾ ਹੈ।

1. ਗੁਰਪਰਸਾਦੀ ਹਉਮੈ ਛੁਟੈ ਜੀਵਨੁ ਮੁਕਤੁ ਸੋ ਹੋਇ ॥
ਨਾਨਕ ਜਿਸਨੋ ਬਖਸੇ ਤਿਸੁ ਮਿਲੈ ਤਿਸੁ ਬਿਘਨੁ ਨਾ ਲਾਗੈ ਕੋਇ ॥
ਜੀਵਤ ਮਰਣਾ ਸਭੁ ਕੋ ਕਹੈ ਜੀਵਨ ਮੁਕਤਿ ਕਿਉ ਹੋਇ ॥
ਭੈ ਕਾ ਸੰਜਮੁ ਜੇ ਕਰੇ ਦਾਰੂ ਭਾਉ ਲਾਏਇ ॥ (ਮ: 3—948)

2. ਜਰਾ ਜੋਹਿ ਨ ਸਕਈ ਸਚਿ ਰਹੈ ਲਿਵ ਲਾਇ ॥
ਜੀਵਨ ਮੁਕਤੁ ਸੋ ਆਖੀਐ ਜਿਸੁ ਵਿਚਹੁ ਹਉਮੈ ਜਾਇ ॥ (ਮ: 1—1010)

3. ਚੰਚਲ ਮਨੁ [1]ਦਹਦਿਸਿ ਕਉ ਧਾਵਤ ਅਚਲ ਜਾਹਿ ਠਹਰਾਨੋ ॥
ਕਹੁ ਨਾਨਕ ਇਹ ਬਿਧਿ ਕੋ ਜੋ ਨਰੁ ਮੁਕਤਿ ਤਾਹਿ ਤੁਮ ਮਾਨੋ ॥(ਮ: 9—685)

4. ਗੁਰਮੁਖਿ ਨਾਮਿ ਰਤੇ ਸੇ ਉਧਰੇ ਕਰ ਕਾ ਸਬਦੁ ਵੀਚਾਰਿ ॥
ਜੀਵਨ ਮੁਕਤਿ ਹਰਿਨਾਮੁ ਧਿਆਇਆ ਹਰਿ ਰਾਖਿਆ ਉਰਿਧਾਰਿ[2] ॥
(ਮ: 3—1259)

5. ਦਮਿ ਦਮਿ ਸਦਾ ਸਮ੍ਹਾਲਦਾ ਦੰਮੁ ਨ ਬਿਰਥਾ ਜਾਇ ॥
ਜਨਮ ਮਰਨ ਕਾ ਭਉ ਗਇਆ ਜੀਵਨ ਪਦਵੀ ਪਾਇ ॥ (ਮ: 3—556)

6. ਸੰਤ ਸੰਗਤਿ ਸਿਉ ਮੇਲੁ ਭਇਆ ਹਰਿ ਹਰਿ ਨਾਮਿ ਸਮਾਏ ਰਾਮ ॥
ਗੁਰ ਕੈ ਸਬਦਿ ਸਦ ਜੀਵਨ ਮੁਕਤ ਭਏ ਹਰਿ ਕੈ ਨਾਮਿ ਲਿਵ ਲਾਏ ਰਾਮ ॥
(ਮ: 3—771)

7. ਉਸਤਤਿ ਨਿੰਦਿਆ ਨਾਹਿ ਜਿਹ [3]ਕੰਚਨ ਲੋਹ ਸਮਾਨਿ ॥
ਕਹੁ ਨਾਨਕ ਸੁਨੁ ਰੇ ਮਨਾ ਮੁਕਤਿ ਤਾਹਿ ਤੈ ਜਾਨਿ ॥
[4]ਹਰਖ ਸੋਗ ਜਾਕੈ ਨਹੀ ਬੈਰੀ ਮੀਤ ਸਮਾਨ ॥
ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੈ ਜਾਨ ॥ (ਮ: 9—1427)

8. ਇਹੁ ਜਗਤੁ ਮਮਤਾ ਮੁਆ ਜੀਵਣ ਕੀ [5]ਬਿਧਿ ਨਾਹਿ ॥
ਗੁਰ ਕੈ ਭਾਣੈ ਜੋ ਚਲੈ ਤਾਂ ਜੀਵਣ ਪਦਵੀ ਪਾਹਿ ॥ (ਮ: 3—508)

---

1. ਦਸਾਂ ਦਿਸ਼ਾਵਾਂ ਵਲ ਜਾਂਦਾ ਹੈ 2. ਅੰਦਰ ਧਾਰਨ ਕੀਤਾ 3. ਸੋਨਾ 4. ਖ਼ੁਸ਼ੀ-ਗ਼ਮੀ 5. ਜੁਗਤੀ।

ਬ੍ਰਹਮ ਗਿਆਨੀ

ਗੁਰਮਤਿ ਵਿੱਚ ਗਿਆਨ ਦੇ ਅਰਥ ਧਰਮ-ਪੁਸਤਕਾਂ, ਵੇਦਾਂ-ਸ਼ਾਸਤਰਾਂ ਆਦਿ ਦੇ ਆਧਾਰ ਉੱਤੇ ਪ੍ਰਾਪਤ ਹੋਏ ਗਿਆਨ ਦੇ ਨਹੀਂ ਹਨ। ਇਸ ਵਿੱਚ ਪ੍ਰਤੱਖ ਨਿਜੀ ਅਨੁਭਵ ਨੂੰ ਸੱਚਾ ਗਿਆਨ ਮੰਨਿਆ ਗਿਆ ਹੈ। ਜਿਸ ਨੇ ਨਾਮ-ਭਗਤੀ ਦੁਆਰਾ ਆਪਣੇ ਅੰਦਰ ਪ੍ਰਭੂ ਨੂੰ ਪ੍ਰਗਟ ਕਰ ਲਿਆ ਹੈ, ਉਹੀ ਬ੍ਰਹਮ ਗਿਆਨੀ ਹੈ। ਬ੍ਰਹਮ-ਗਿਆਨੀ ਬ੍ਰਹਮ ਵਾਂਗ ਦਵੈਤ ਤੋਂ ਛੁਟਕਾਰਾ ਪਾ ਕੇ ਏਕਤਾ ਵਿੱਚ ਆ ਜਾਂਦਾ ਹੈ। ਉਸ ਨੂੰ ਸਤਿਨਾਮ ਵਾਲੀ ਸਹਿਜ ਅਵੱਸਥਾ ਪ੍ਰਾਪਤ ਹੋ ਜਾਂਦੀ ਹੈ। ਉਸ ਨੂੰ ਅੰਦਰ-ਬਾਹਰ, ਕਣ-ਕਣ ਵਿੱਚ ਪਰਮੇਸ਼ਰ ਪੱਸਰਿਆ ਹੋਇਆ ਦਿਖਾਈ ਦਿੰਦਾ ਹੈ। ਉਹ ਬ੍ਰਹਮ ਵਾਂਗ ਹੀ ਸਮਰੱਥ ਅਤੇ ਸਰਵ-ਸ਼ਕਤੀਮਾਨ ਹੋ ਜਾਂਦਾ ਹੈ। ਮਨ, ਮਾਇਆ ਅਤੇ ਕਾਲ ਉਸ ਦੇ ਸੇਵਕ ਹੁੰਦੇ ਹਨ ਅਤੇ ਉਹ ਅੰਜਨ ਵਿੱਚ ਨਿਰੰਜਨ ਰਹਿੰਦਾ ਹੈ। ਉਹ ਮਰਨ-ਜੰਮਣ ਦੇ ਦੱਖਾਂ ਤੋਂ ਉੱਪਰ ਉੱਠ ਜਾਂਦਾ ਹੈ। ਬ੍ਰਹਮਗਿਆਨੀ ਸਦਾ ਨਿਰਭਉ ਅਤੇ ਨਿਰਵੈਰ ਹੁੰਦਾ ਹੈ। ਉਸ ਦਾ ਮਨ ਪ੍ਰਕਾਸ਼ ਨਾਲ ਭਰਪੂਰ ਹੁੰਦਾ ਹੈ ਤੇ ਉਸ ਦੀ ਦ੍ਰਿਸ਼ਟੀ ਵਿੱਚੋਂ ਅੰਮ੍ਰਿਤ ਬਰਸਦਾ ਹੈ। ਉਸ ਨੂੰ ਵੈਰੀ ਮੀਤ ਸਮਾਨ ਦਿਖਾਈ ਦੇਂਦੇ ਹਨ। ਉਹ ਕਦੇ ਕਿਸੇ ਦਾ ਬੁਰਾ ਨਹੀਂ ਚਿਤਵਦਾ। ਉਹ ਜੋ ਕਰਦਾ ਹੈ, ਭਲਾ ਕਰਦਾ ਹੈ। ਉਹ ਸੱਚੀ ਨਿਮਰਤਾ, ਸੱਚੀ ਦਇਆ, ਸੱਚੇ ਗਿਆਨ ਅਤੇ ਸੱਚੇ ਪ੍ਰੇਮ ਦਾ ਪੁੰਜ ਹੁੰਦਾ ਹੈ। ਉਸ ਦਾ ਕਿਹਾ ਕਦੇ ਅਧੂਰਾ ਨਹੀਂ ਹੁੰਦਾ। ਉਹ ਸਦਾ ਸਹਿਜ ਸੁੱਖ ਵਿੱਚ ਰਹਿੰਦਾ ਹੈ—ਪਰਮੇਸ਼ਰ ਵਿੱਚ ਲੀਨ ਹੋ ਕੇ ਉਹ ਪਰਮੇਸ਼ਰ ਦਾ ਹੀ ਰੂਪ ਹੋ ਗਿਆ ਹੁੰਦਾ ਹੈ।

1. ਮਨਿ ਸਾਚਾ ਮੁਖਿ ਸਾਚਾ ਸੋਇ ॥ ਅਵਰੁ ਨ ਪੇਖੈ[1] ਏਕਸੁ ਬਿਨੁ ਕੋਇ ॥
ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ ॥
ਬ੍ਰਹਮ ਗਿਆਨੀ ਸਦਾ ਨਿਰਲੇਪ ॥ ਜੈਸੇ ਜਲ ਮਹਿ ਕਮਲ ਅਲੇਪ[2] ॥
ਬ੍ਰਹਮ ਗਿਆਨੀ ਸਦਾ ਨਿਰਦੋਖ[3] ॥ [4]ਜੈਸੇ ਸੂਰੁ ਸਰਬ ਕਉ ਸੋਖ ॥
ਬ੍ਰਹਮ ਗਿਆਨੀ ਕੈ ਦ੍ਰਿਸਟਿ ਸਮਾਨਿ ॥
[5]ਜੈਸੇ ਰਾਜ ਰੰਕ ਕਉ ਲਾਗੈ ਤੁਲਿ ਪਵਾਨ ॥
ਬ੍ਰਹਮ ਗਿਆਨੀ ਕੈ ਧੀਰਜੁ ਏਕ ॥

---

1. ਦੇਖੇ 2. ਨਿਰਲੇਪ, ਅਭਿੱਜ 3. ਨਿਰਦੋਸ਼, ਦੋਸ਼-ਰਹਿਤ 4. ਜਿਸ ਤਰ੍ਹਾਂ ਸੂਰਜ ਸਭ ਨੂੰ ਪ੍ਰਕਾਸ਼ ਦਿੰਦਾ ਹੈ 5. ਜਿਸ ਤਰ੍ਹਾਂ ਹਵਾ ਰਾਜੇ ਅਤੇ ਫ਼ਕੀਰ ਨੂੰ ਇਕੋ ਤਰ੍ਹਾਂ ਲਗਦੀ ਹੈ।

[6]ਜਿਉ ਬਸੁਧਾ ਕੋਊ ਖੋਦੈ ਕੋਊ ਚੰਦਨ ਲੇਪ ॥
ਬ੍ਰਹਮ ਗਿਆਨੀ ਕਾ ਇਹੈ ਗੁਨਾਉ[7] ॥
ਨਾਨਕ ਜਿਉ [8]ਪਾਵਕ ਕਾ ਸਹਜ ਸੁਭਾਉ ॥
ਬ੍ਰਹਮ ਗਿਆਨੀ ਨਿਰਮਲ ਤੇ ਨਿਰਮਲਾ ॥ ਜੈਸੇ ਮੈਲੁ ਨ ਲਾਗੈ ਜਲਾ ॥
ਬ੍ਰਹਮ ਗਿਆਨੀ ਕੈ ਮਨਿ ਹੋਇ ਪ੍ਰਗਾਸੁ ॥ ਜੈਸੇ ਧਰ[9] ਊਪਰਿ ਆਕਾਸੁ ॥
ਬ੍ਰਹਮ ਗਿਆਨੀ ਕੈ [10]ਮਿਤ੍ਰ ਸਤ੍ਰ ਸਮਾਨਿ ॥
ਬ੍ਰਹਮ ਗਿਆਨੀ ਕੈ ਨਾਹੀ ਅਭਿਮਾਨ ॥
ਬ੍ਰਹਮ ਗਿਆਨੀ ਊਚ ਤੇ ਊਚਾ ॥ ਮਨਿ ਅਪਨੈ ਹੈ ਸਭ ਤੇ ਨੀਚਾ ॥
ਬ੍ਰਹਮ ਗਿਆਨੀ ਸੇ ਜਨ ਭਏ ॥ ਨਾਨਕ ਜਿਨ ਪ੍ਰਭੁ ਆਪਿ ਕਰੇਇ ॥
ਬ੍ਰਹਮ ਗਿਆਨੀ ਸਗਲ ਕੀ ਰੀਨਾ[11] ॥ ਆਤਮ ਰਸੁ ਬ੍ਰਹਮ ਗਿਆਨੀ ਚੀਨਾ[12] ॥
ਬ੍ਰਹਮ ਗਿਆਨੀ ਕੀ ਸਭ ਊਪਰਿ [13]ਮਇਆ ॥
ਬ੍ਰਹਮ ਗਿਆਨੀ ਤੇ ਕਛੁ ਬੁਰਾ ਨ ਭਇਆ ॥
ਬ੍ਰਹਮ ਗਿਆਨੀ ਸਦਾ [14]ਸਮ ਦਰਸੀ ॥ (ਮ: 5—272)
ਬ੍ਰਹਮ ਗਿਆਨੀ ਕੀ ਦ੍ਰਿਸਟਿ ਅੰਮ੍ਰਿਤੁ ਬਰਸੀ ॥
ਬ੍ਰਹਮ ਗਿਆਨੀ ਬੰਧਨ ਤੇ ਮੁਕਤਾ ॥ ਬ੍ਰਹਮ ਗਿਆਨੀ ਕੀ ਨਿਰਮਲ ਜੁਗਤਾ[15] ॥
ਬ੍ਰਹਮ ਗਿਆਨੀ ਕਾ ਭੋਜਨੁ ਗਿਆਨ ॥
ਨਾਨਕ ਬ੍ਰਹਮਗਿਆਨੀ ਕਾ ਬ੍ਰਹਮ ਧਿਆਨੁ ॥
ਬ੍ਰਹਿਮਗਿਆਨੀ ਏਕ ਊਪਰਿ ਆਸ ॥ ਬ੍ਰਹਮਗਿਆਨੀ ਕਾ ਨਹੀ ਬਿਨਾਸ ॥
ਬ੍ਰਹਮਗਿਆਨੀ ਕੈ ਗਰੀਬੀ ਸਮਾਹਾ ॥ ਬ੍ਰਹਮਗਿਆਨੀ ਪਰਉਕਾਰ ਉਮਾਹਾ[16] ॥
ਬ੍ਰਹਮਗਿਆਨੀ ਕੈ [17]ਨਾਹੀ ਧੰਧਾ ॥ ਬ੍ਰਹਮਗਿਆਨੀ ਲੇ [18]ਧਾਵਤੁ ਬੰਧਾ ॥
ਬ੍ਰਹਮਗਿਆਨੀ ਕੈ ਹੋਇ ਸੁ ਭਲਾ ॥ ਬ੍ਰਹਮਗਿਆਨੀ ਸੁਫਲ ਫਲਾ ॥
ਬ੍ਰਹਮਗਿਆਨੀ ਸੰਗਿ ਸਗਲ ਉਧਾਰੁ ॥
ਨਾਨਕ ਬ੍ਰਹਮਗਿਆਨੀ ਜਪੈ ਸਗਲ ਸੰਸਾਰੁ ॥
ਬ੍ਰਹਮਗਿਆਨੀ ਕੈ ਏਕੈ ਰੰਗ ॥ ਬ੍ਰਹਮਗਿਆਨੀ ਕੈ ਬਸੈ ਪ੍ਰਭੁ ਸੰਗ ॥
ਬ੍ਰਹਮਗਿਆਨੀ ਕੈ ਨਾਮੁ ਆਧਾਰੁ ॥ ਬ੍ਰਹਮਗਿਆਨੀ ਕੈ [19]ਨਾਮੁ ਪਰਵਾਰੁ ॥

6. ਜਿਵੇਂ ਕੋਈ ਧਰਤੀ ਪੁੱਟਦਾ ਹੈ, ਕੋਈ ਇਸ ਉੱਤੇ ਚੰਦਨ ਦਾ ਲੇਪ ਕਰਦਾ ਹੈ, ਪਰ ਧਰਤੀ ਦੋਹਾਂ ਵਿੱਚ ਵਿਤਕਰਾ ਨਹੀਂ ਕਰਦੀ 7. ਗੁਣ 8, ਜਿਵੇਂ ਅੱਗ ਦਾ ਇੱਕ-ਸਾਰ ਸੁਭਾਅ ਹੁੰਦਾ 9. ਧਰਤੀ 10. ਦੋਸਤ-ਦੁਸ਼ਮਣ 11. ਧੂੜ 12 ਜਾਨਿਆਂ, ਪ੍ਰਾਪਤ ਕੀਤਾ 13. ਨਜ਼ਰ, ਕਿਰਪਾ 14. ਇੱਕੋ ਨਜ਼ਰ ਨਾਲ ਵੇਖਣ ਵਾਲਾ 15. ਸਾਧਨ, ਜੁਗਤੀ, ਰਹਿਣੀ, ਕਰਣੀ 16. ਉਤਸ਼ਾਹ 17. ਕਿਸੇ ਕੰਮ ਵਿੱਚ ਔਖ ਜਾਂ ਬੰਧਨ ਨਹੀਂ ਮਹਿਸੂਸ ਕਰਦਾ 18. ਉਹ ਚੰਚਲ ਮਨ ਨੂੰ ਨਿਹਚਲ ਕਰ ਲੈਂਦਾ ਹੈ 19 ਨਾਮ ਹੀ ਉਸ ਦਾ ਅਸਲ ਪਰਵਾਰ ਹੈ ।

ਬ੍ਰਹਮਗਿਆਨੀ ਸਦਾ ਸਦ ਜਾਗਤ ॥ ਬ੍ਰਹਮਗਿਆਨੀ [20]ਅਹੰਬੁਧਿ ਤਿਆਗਤ ॥
ਬ੍ਰਹਮਗਿਆਨੀ ਕੈ ਮਨਿ ਪਰਮਾਨੰਦ ॥
ਬ੍ਰਹਮਗਿਆਨੀ ਕੈ ਘਰਿ ਸਦਾ ਅਨੰਦ ॥ ਬ੍ਰਹਮਗਿਆਨੀ ਸੁਖ ਸਹਜ ਨਿਵਾਸ ॥
ਨਾਨਕ ਬ੍ਰਹਮਗਿਆਨੀ ਕਾ ਨਹੀ ਬਿਨਾਸ ॥ ਬ੍ਰਹਮਗਿਆਨੀ ਬ੍ਰਹਮ ਕਾ ਬੇਤਾ[21] ॥
ਬ੍ਰਹਮਗਿਆਨੀ ਏਕ[22] ਸੰਗਿ ਹੇਤਾ ॥ ਬ੍ਰਹਮਗਿਆਨੀ ਕੈ ਹੋਇ ਅਚਿੰਤ ॥
ਬ੍ਰਹਮਗਿਆਨੀ ਕਾ [23]ਨਿਰਮਲ ਮੰਤ ॥ ਬ੍ਰਹਮਗਿਆਨੀ ਜਿਸੁ ਕਰੈ ਪ੍ਰਭੁ ਆਪਿ ॥
ਬ੍ਰਹਮਗਿਆਨੀ ਕਾ ਬਡ ਪਰਤਾਪ ॥
ਬ੍ਰਹਮਗਿਆਨੀ ਕਾ ਦਰਸੁ ਬਡਭਾਗੀ ਪਾਈਐ ॥
ਬ੍ਰਹਮਗਿਆਨੀ ਕਉ ਬਲਿ ਬਲਿ ਜਾਈਐ ॥
ਬ੍ਰਹਮਗਿਆਨੀ ਕਉ ਖੋਜਹਿ ਮਹੇਸੁਰ[24] ॥
ਨਾਨਕ ਬ੍ਰਹਮਗਿਆਨੀ ਆਪਿ ਪਰਮੇਸੁਰ ॥
ਬ੍ਰਹਮਗਿਆਨੀ ਕੀ ਕੀਮਤਿ ਨਾਹਿ ॥
ਬ੍ਰਹਮਗਿਆਨੀ ਕੈ ਸਗਲ ਮਨ ਮਾਹਿ ॥
ਬ੍ਰਹਮਗਿਆਨੀ ਕਾ ਕਉਨੁ ਜਾਨੈ ਭੇਦੁ ॥ ਬ੍ਰਹਮਗਿਆਨੀ ਕਉ ਸਦਾ ਅਦੇਸੁ[25] ॥
ਬ੍ਰਹਮਗਿਆਨੀ ਕਾ ਕਥਿਆ ਨ ਜਾਇ ਅਧਾਖੁਰੁ[26] ॥
ਬ੍ਰਹਮਗਿਆਨੀ ਸਰਬ ਕਾ ਠਾਕੁਰੁ ॥
ਬ੍ਰਹਮਗਿਆਨੀ ਕੀ ਮਿਤਿ[27] ਕਉਨੁ ਬਖਾਨੈ ॥
ਬ੍ਰਹਮਗਿਆਨੀ ਕੀ ਗਤਿ ਬ੍ਰਹਮਗਿਆਨੀ ਜਾਨੈ ॥
ਬ੍ਰਹਮਗਿਆਨੀ ਕਾ ਅੰਤੁ ਨ ਪਾਰੁ ॥
ਨਾਨਕ ਬ੍ਰਹਮਗਿਆਨੀ ਕਉ ਸਦਾ ਨਮਸਕਾਰੁ ॥
ਬ੍ਰਹਮਗਿਆਨੀ ਸਭ ਸ੍ਰਿਸਟਿ ਕਾ ਕਰਤਾ ॥
ਬ੍ਰਹਮਗਿਆਨੀ ਸਦ ਜੀਵੈ ਨਹੀ ਮਰਤਾ ॥
ਬ੍ਰਹਮਗਿਆਨੀ [28]ਮੁਕਤਿ ਜੁਗਤਿ ਜੀਅ ਕਾ ਦਾਤਾ ॥
ਬ੍ਰਹਮਗਿਆਨੀ [29]ਪੂਰਨ ਪੁਰਖੁ ਬਿਧਾਤਾ ॥ ਬ੍ਰਹਮਗਿਆਨੀ ਅਨਾਥ ਕਾ ਨਾਥੁ ॥
ਬ੍ਰਹਮਗਿਆਨੀ ਕਾ ਸਭ ਊਪਰਿ ਹਾਥੁ ॥ ਬ੍ਰਹਮਗਿਆਨੀ ਕਾ ਸਗਲ ਅਕਾਰੁ ॥
ਬ੍ਰਹਮਗਿਆਨੀ ਆਪਿ ਨਿਰੰਕਾਰੁ ॥
ਬ੍ਰਹਮਗਿਆਨੀ ਕੀ ਸੋਭਾ ਬ੍ਰਹਮਗਿਆਨੀ ਬਨੀ ॥
ਨਾਨਕ ਬ੍ਰਹਮਗਿਆਨੀ ਸਰਬ ਕਾ ਧਨੀ[30] ॥ (ਮ: 5—273-74)

---

20. ਹਉਮੈ, ਹੰਕਾਰ 21. ਬ੍ਰਹਮ ਦਾ ਗਿਆਤਾ 22. ਉਸ ਦਾ ਕੇਵਲ ਇੱਕ ਪ੍ਰਭੂ ਨਾਲ ਪ੍ਰੇਮ ਹੁੰਦਾ ਹੈ 23. ਉਸ ਦਾ ਮੰਤਰ ਪਵਿੱਤਰ ਹੁੰਦਾ ਹੈ 24. ਸ਼ਿਵਜੀ 25. ਨਮਸਕਾਰ 26. ਕੱਚਾ, ਖ਼ਾਲੀ, ਵਿਅਰਥ 27. ਸੀਮਾ, ਮਹਿਮਾ, ਉਪਮਾ 28. ਮੁਕਤੀ ਦੀ ਜੁਗਤੀ ਦੇਣ ਵਾਲਾ 29. ਪੂਰਨ-ਪੁਰਖ ਪਰਮੇਸ਼ਰ 30. ਮਾਲਕ, ਸੁਆਮੀ, ਨਾਥ ।

ਮੋਮਨ

ਆਮ ਤੌਰ ਤੇ ਇਸਲਾਮ ਅਤੇ ਇਸ ਦੀ ਸ਼ਰੀਅਤ ਵਿੱਚ ਦ੍ਰਿੜ੍ਹ ਨਿਸਚਾ ਧਾਰਨ ਕਰਨ ਵਾਲਿਆਂ ਨੂੰ ਮੋਮਨ ਅਤੇ ਬਾਕੀ ਸਭ ਨੂੰ ਕਾਫ਼ਿਰ ਕਿਹਾ ਜਾਂਦਾ ਹੈ। ਪਰੰਤੂ ਗੁਰਬਾਣੀ ਬਾਹਰਮੁਖੀ ਸ਼ਰੀਅਤ ਦੇ ਅਸੂਲਾਂ, ਅਰਥਾਤ ਰੋਜ਼ਾ, ਨਿਮਾਜ਼, ਸੁੱਨਤ, ਜ਼ਕਾਤ, ਬਾਂਗ, ਹੱਜ, ਕਾਬਾ ਆਦਿ ਨੂੰ ਮਹੱਤਤਾ ਨਹੀਂ ਦਿੰਦੀ। ਗੁਰਬਾਣੀ ਇਸ ਗੱਲ ਉੱਤੇ ਜ਼ੋਰ ਦਿੰਦੀ ਹੈ ਕਿ ਹਰ ਇਨਸਾਨ ਨੂੰ ਮੋਮਨ ਬਣਨ ਲਈ ਮਿਹਰ ਨੂੰ ਮਸੀਤ, ਸਿਦਕ ਨੂੰ ਮੁਸੱਲਾ ਅਤੇ ਹੱਕ-ਹਲਾਲ ਦੀ ਕਮਾਈ ਨੂੰ ਕੁਰਾਨ ਦੀਆਂ ਪਵਿੱਤਰ ਆਇਤਾਂ ਸਮਝਣਾ ਚਾਹੀਦਾ ਹੈ। ਉਸਨੂੰ ਸ਼ਰਮ ਦੀ ਸੁੱਨਤ ਤੇ ਸ਼ੀਲ ਸੁਭਾਅ ਦੇ ਰੋਜ਼ੇ ਰੱਖ ਕੇ ਸੱਚਾ ਮੁਸਲਮਾਨ ਜਾਂ ਮੋਮਨ ਅਖਵਾਉਣ ਦੇ ਕਾਬਲ ਬਣਨਾ ਚਾਹੀਦਾ ਹੈ।

ਵਾਸਤਵ ਵਿੱਚ ਹਿੰਦੂ ਅਤੇ ਤੁਰਕ ਦੋਹਾਂ ਦੇ ਅੰਦਰ ਇੱਕੋ ਮਾਲਕ ਦਾ ਨਿਵਾਸ ਹੈ ਅਤੇ ਉਸੇ ਇੱਕ ਖ਼ੁਦਾ ਦਾ ਕਲਮਾ (ਸ਼ਬਦ) ਹਰ ਇਕ ਦੇ ਅੰਦਰ ਹੈ। ਇਸ ਲਈ ਜਿਹੜਾ ਇਨਸਾਨ ਹਰ ਰੋਜ਼ ਆਪਣੇ ਦਿਲ ਨੂੰ ਖੋਜਦਾ ਹੈ ਅਤੇ ਆਪਣੀ ਲਿਵ 'ਕਲਾਮਿ-ਇਲਾਹੀ' (ਧੁਰ ਕੀ ਬਾਣੀ, ਗੁਪਤੀ ਬਾਣੀ) ਜਾਂ 'ਬਾਂਗਿ-ਆਸਾਨੀ (ਆਕਾਸ਼ ਬਾਣੀ, ਸੱਚੀ ਬਾਣੀ, ਨਿਰਮਲ ਨਾਦ) ਨਾਲ ਜੋੜਦਾ ਹੈ, ਉਹੀ ਸੱਚਾ ਮੋਮਨ ਹੈ।

1. *ਮੁਸਲਮਾਣੁ ਕਹਾਵਣੁ ਮੁਸਕਲ ਜਾ ਹੋਇ ਤਾ ਮੁਸਲਮਾਣੁ ਕਹਾਵੈ ॥
[1]ਅਵਲਿ [2]ਅਉਲਿ ਦੀਨੁ ਕਰਿ ਮਿਠਾ ਮਸਕਲ[3] ਮਾਨਾ[4] ਮਾਲੁ ਮੁਸਾਵੈ[5] ॥
ਹੋਇ ਮੁਸਲਿਮੁ ਦੀਨ[6] ਮੁਹਾਣੈ ਮਰਣ ਜੀਵਣ ਕਾ ਭਰਮੁ ਚੁਕਾਵੈ ॥
ਰਬ ਕੀ ਰਜਾਇ ਮੰਨੇ ਸਿਰ ਉਪਰਿ ਕਰਤਾ ਮੰਨੇ ਆਪੁ ਗਵਾਵੈ ॥

---

*ਸੱਚੀ ਮੁਸਲਮਾਨੀ ਦੀ ਵਿਆਖਿਆ ਲਈ ਦੇਖੋ ਹਜ਼ੂਰ ਮਹਾਰਾਜ ਸਾਵਣ ਸਿੰਘ ਜੀ ਦੇ ਸਤਿਸੰਗ ਸੰਗ੍ਰਹਿ 'ਸੰਤ-ਮਤ ਪ੍ਰਕਾਸ਼ ਭਾਗ ਸੱਤਵਾਂ' ਵਿੱਚ ਸਤਿਸੰਗ : ਅਲਹ ਅਗਮ ਖ਼ੁਦਾਈ ਬੰਦੇ।

1. ਪਹਿਲੋਂ 2. ਔਲੀਆ, ਸੰਤ ਦਾ ਮਾਰਗ ਜਾਂ ਉਪਦੇਸ਼ ਮਿੱਠਾ ਕਰ ਕੇ ਮੰਨੇ 3. ਜ਼ੰਗ ਉਤਾਰਨ ਵਾਲਾ ਸੰਦ 4. ਸਮਾਨ; ਦੀ ਤਰ੍ਹਾਂ 5. ਮਾਲ ਲੁਟਾ ਦਵੇ, ਭਾਵ, ਹੌਲੀ-ਹੌਲੀ ਆਪਣੇ ਐਬਾਂ-ਪਾਪਾਂ ਦਾ ਮਾਲ (ਜ਼ੰਗ) ਲਾਹ ਦਵੇ 6. ਆਗੂ (ਮੁਹਾਣੇ) ਭਾਵ ਮੁਰਸ਼ਦ ਜਾਂ ਗੁਰੂ ਦਾ ਆਗਿਆਕਾਰੀ, ਹੁਕਮ ਮੰਨਣ ਵਾਲਾ ਹੋਵੇ।

ਤਉ ਨਾਨਕ [7]ਸਰਬ ਜੀਆ ਮਿਹਰੰਮਤਿ ਹੋਇ ਤ ਮੁਸਲਮਾਣੁ ਕਹਾਵੈ ॥ (141)

2. [8]ਮਿਹਰ ਮਸੀਤਿ ਸਿਦਕੁ ਮੁਸਲਾ ਹਕੁ ਹਲਾਲੁ ਕੁਰਾਣੁ ॥
ਸਰਮ ਸੁੰਨਤਿ ਸੀਲੁ ਰੋਜਾ ਹੋਹੁ ਮੁਸਲਮਾਣੁ ॥
[9]ਕਰਣੀ ਕਾਬਾ ਸਚੁ ਪੀਰੁ ਕਲਮਾ ਕਰਮ ਨਿਵਾਜ ॥
ਤਸਬੀ ਸਾ ਤਿਸੁ ਭਾਵਸੀ ਨਾਨਕ ਰਖੈ ਲਾਜ ॥ (ਮ: 1—140)

3. [10]ਪੰਜਿ ਨਿਵਾਜਾ ਵਖਤ ਪੰਜਿ ਪੰਜਾ ਪੰਜੇ ਨਾਉ ॥
[11]ਪਹਿਲਾ ਸਚੁ ਹਲਾਲੁ ਦੁਇ ਤੀਜਾ ਖੈਰ ਖੁਦਾਇ ॥
ਚਉਥੀ ਨੀਅਤਿ ਰਾਸਿ ਮਨੁ ਪੰਜਵੀ ਸਿਫਤਿ ਸਨਾਇ ॥
[12]ਕਰਣੀ ਕਲਮਾ ਆਖਿ ਕੈ ਤਾ ਮੁਸਲਮਾਣੁ ਸਦਾਇ ॥
ਨਾਨਕ ਜੇਤੇ ਕੂੜਿਆਰ ਕੂੜੈ ਕੂੜੀ ਪਾਇ ॥ (ਮ: 1—141)

4. ਮੁਸਲਮਾਣੁ ਮੋਮ ਦਿਲਿ ਹੋਵੈ ॥ ਅੰਤਰ ਕੀ ਮਲੁ ਦਿਲ ਤੇ ਧੋਵੈ ॥
ਦੁਨੀਆ ਰੰਗ ਨ ਆਵੈ ਨੇੜੈ [13]ਜਿਉ ਕੁਸਮ ਪਾਟੁ ਘਿਉ ਪਾਕੁ ਹਰਾ ॥
(ਮ: 5—1084)

5. [14]ਰੋਜਾ ਧਰੈ ਮਨਾਵੈ ਅਲਹੁ ਸੁਆਦਤਿ ਜੀਅ ਸੰਘਾਰੈ ॥
ਆਪਾ ਦੇਖਿ ਅਵਰ ਨਹੀ ਦੇਖੈ ਕਾਹੇ ਕਉ ਝਖ ਮਾਰੈ ॥ (ਕਬੀਰ, 483)

6. [15]ਮੁਸਲਮਾਨਾ ਸਿਫਤਿ ਸਰੀਅਤਿ ਪੜਿ ਪੜਿ ਕਰਹਿ ਬੀਚਾਰੁ ॥
ਬੰਦੇ ਸੇ ਜਿ ਪਵਹਿ ਵਿਚਿ ਬੰਦੀ ਵੇਖਣ ਕਉ ਦੀਦਾਰੁ ॥ (ਮ: 1—465)

7. ਸਭ ਜੀਵਾਂ ਉੱਤੇ ਰਹਿਮ ਕਰੇ, ਭਾਵ ਉੱਪਰ ਦੱਸੇ ਸਾਰੇ ਗੁਣ ਧਾਰਨ ਕਰੇ ਤਾਂ ਸੱਚਾ ਮੁਸਲਮਾਨ ਅਖਵਾ ਸਕਦਾ ਹੈ 8. ਦਇਆ ਦੀ ਮਸੀਤ, ਸਿਦਕ ਦੀ ਭਗਤੀ ਕਰਨ ਵਾਲੀ ਚਟਾਈ, ਲੱਜਿਆ ਦੀ ਸੁੰਨਤ, ਬ੍ਰਹਮਚਰਜ ਦਾ ਰੋਜ਼ਾ ਰੱਖੇ ਤਾ ਮੁਸਲਮਾਨ ਬਣ ਸਕਦਾ ਹੈ 9. ਨੇਕ ਕਰਣੀ ਦਾ ਕਾਬਾ (ਮੱਕੇ ਵਿਖੇ ਮੁਸਲਮਾਨਾਂ ਦਾ ਪ੍ਰਮੁੱਖ ਧਰਮ ਅਸਥਾਨ), ਸੱਚ ਦਾ ਮੁਰਸਦ. ਦਇਆ ਦੀ ਨਿਮਾਜ਼, ਭਾਣੇ ਦੀ ਮਾਲਾ (ਤਸਬੀ) ਲਵੇ ਤਾਂ ਦਰਗਾਹ ਵਿੱਚ ਉਹਦੀ ਲਾਜ ਰਹੇਗੀ 10 ਮੁਸਲਮਾਨ ਪੰਜ ਵਕਤ ਨਮਾਜ਼ ਪੜ੍ਹਦੇ ਹਨ ਅਤੇ ਉਨ੍ਹਾਂ ਨੇ ਪੰਜ ਨਮਾਜ਼ਾਂ ਦੇ ਪੰਜ ਨਾਂ ਰੱਖੇ ਹੋਏ ਹਨ 11. ਸੱਚ, ਧਰਮ ਦੀ ਕਮਾਈ, ਮਾਲਕ ਤੋਂ ਸਭ ਦਾ ਭਲਾ ਮੰਗਣਾ, ਨੀਅਤ ਸਾਫ਼ ਕਰਨਾ ਅਤੇ ਪ੍ਰਭੂ ਦੀ ਉਪਮਾ (ਭਗਤੀ, ਉਪਾਸਨਾ) ਕਰਨਾ ਪੰਜ ਨਮਾਜਾਂ ਬਣਾ 12. ਨੇਕ ਰਹਿਣੀ ਦਾ ਕਲਮਾ ਪੜ੍ਹ ਤਾ ਤੂੰ ਸੱਚਾ ਮੁਸਲਮਾਨ ਕਹਾ ਸਕਦਾ ਹੈਂ 13. ਕੁਸਮ=ਫੁੱਲ; ਪਾਟ=ਪੱਟ, ਰੇਸ਼ਮ; ਪਾਕ=ਪਵਿੱਤਰ; ਹਰਾ=ਮਿਰਗਾਨ; ਹਰਨ ਦੀ ਖੱਲ; ਭਾਵ ਉਹ ਫੁੱਲ, ਰੇਸ਼ਮ, ਘਿਉ ਅਤੇ ਮਿਰਗਾਨ ਵਾਂਗ ਪਵਿੱਤਰ ਹੋਵੇ 14. ਜੋ ਰੋਜ਼ੇ ਰੱਖ-ਰੱਖ ਕੇ ਪ੍ਰਭੂ ਨੂੰ ਪ੍ਰਸੰਨ ਕਰਨ ਦੀ ਕੋਸ਼ਿਸ਼ ਕਰਦਾ ਹੈ, ਪਰ ਜ਼ੁਆਦ ਖ਼ਾਤਰ ਜੀਆਂ ਨੂੰ ਮਾਰ-ਮਾਰ ਕੇ ਖਾਂਦਾ ਹੈ ਅਤੇ ਸਿਰਫ਼ ਆਪਣੇ ਆਪ ਬਾਰੇ ਸੋਚਦਾ ਹੈ, ਦੂਸਰਿਆਂ ਦੀ ਜਾਨ ਦੀ ਪਰਵਾਹ ਨਹੀਂ ਕਰਦਾ, ਤਾਂ ਰੋਜ਼ੇ ਆਦਿ ਰੱਖ ਕੇ ਪ੍ਰਭੂ ਨੂੰ ਪ੍ਰਸੰਨ ਕਰਨ ਦਾ ਜਤਨ ਕਰਨਾ ਝੱਖ ਮਾਰਨ ਸਮਾਨ ਹੈ 15. ਮੁਸਲਮਾਨਾਂ ਵਿੱਚ ਸ਼ਰ੍ਹਾ ਜਾਂ ਸ਼ਰੀਅਤ ਦੀ ਬਹੁਤ ਉਪਮਾ ਹੈ ਅਤੇ ਉਹ ਆਪਣੀਆਂ ਧਾਰਮਿਕ ਪੁਸਤਕਾਂ ਪੜ੍ਹ-ਪੜ੍ਹ ਕੇ ਵਿਚਾਰਦੇ ਹਨ ਪਰ ਪਰਮੇਸ਼ਰ ਦੇ ਅਸਲ ਬੰਦੇ, ਗ਼ੁਲਾਮ ਜਾਂ ਸੇਵਕ ਉਹ ਹਨ ਜਿਹੜੇ ਉਸਦਾ ਦੀਦਾਰ ਦੇਖਣ ਲਈ ਆਪਣੇ ਆਪ ਉੱਤੇ ਉਸਦੇ ਹੁਕਮ ਵਿੱਚ ਰਹਿਣ ਦੀ ਬੰਦਸ਼ ਲਾਉਂਦੇ ਹਨ ।

7. [16]ਰੋਜਾ ਧਰੈ ਨਿਵਾਜ ਗੁਜਾਰੈ ਕਲਮਾ ਭਿਸਤਿ ਨ ਹੋਈ ॥
[17]ਸਤਰਿ ਕਾਬਾ ਘਟ ਹੀ ਭੀਤਰਿ ਜੇਕਰਿ ਜਾਨੈ ਕੋਈ ॥
[18]ਨਿਵਾਜ ਸੋਈ ਜੋ ਨਿਆਉ ਬਿਚਾਰੈ [19]ਕਲਮਾ ਅਕਲਹਿ ਜਾਨੈ ॥
[20]ਪਾਚਹੁ ਮੁਸਿ ਮੁਸਲਾ ਬਿਛਾਵੈ ਤਬ ਤਉ ਦੀਨੁ ਪਛਾਨੈ ॥
ਖਸਮੁ ਪਛਾਨਿ ਤਰਸ ਕਰਿ ਜੀਅ ਮਹਿ [21]ਮਾਰਿ ਮਣੀ ਕਰਿ ਫੀਕੀ ॥
[22]ਆਪੁ ਜਨਾਇ ਅਵਰ ਕਉ ਜਾਨੈ ਤਬ ਹੋਇ ਭਿਸਤ ਸਰੀਕੀ ॥(ਕਬੀਰ,480)

8. [23]ਕਿਆ ਉਜੂ ਪਾਕੁ ਕੀਆ ਮੁਹੁ ਧੋਇਆ ਕਿਆ ਮਸੀਤਿ ਸਿਰੁ ਲਾਇਆ ॥
ਜਉ ਦਿਲ ਮਹਿ ਕਪਟੁ ਨਿਵਾਜ ਗੁਜਾਰਹੁ ਕਿਆ ਹਜ ਕਾਬੈ ਜਾਇਆ ॥
(ਕਬੀਰ, 1350)

9. [23]ਕਹਾ ਉਡੀਸੇ ਮਜਨੁ ਕੀ ਕਿਆ ਮਸੀਤਿ ਸਿਰੁ ਨਾਂਏਂ ॥
ਦਿਲ ਮਹਿ ਕਪਟੁ ਨਿਵਾਜ ਗੁਜਾਰੈ ਕਿਆ ਹਜ ਕਾਬੈ ਜਾਂਏਂ ॥(ਕਬੀਰ,1349)

10. [24]ਕਬੀਰ ਮੁਲਾਂ ਮੁਨਾਰੇ ਕਿਆ ਚਢਹਿ ਸਾਂਈ ਨ ਬਹਰਾ ਹੋਇ ॥
ਜਾ ਕਾਰਨਿ ਤੂੰ ਬਾਂਗ ਦੇਹਿ ਦਿਲ ਹੀ ਭੀਤਰਿ ਜੋਇ ॥
[25]ਸੇਖੁ ਸਬੂਰੀ ਬਾਹਰਾ ਕਿਆ ਹਜ ਕਾਬੇ ਜਾਇ ॥
[26]ਕਬੀਰ ਜਾ ਕੀ ਦਿਲ ਸਾਬਤਿ ਨਹੀ ਤਾ ਕਉ ਕਹਾਂ ਖੁਦਾਇ ॥
ਕਬੀਰ ਅਲਹ ਕੀ ਕਰਿ ਬੰਦਗੀ ਜਿਹ ਸਿਮਰਤ ਦੁਖੁ ਜਾਇ ॥
[27]ਦਿਲ ਮਹਿ ਸਾਂਈ ਪਰਗਟੈ ਬੁਝੈ ਬਲੰਤੀ ਨਾਂਇ ॥ (ਕਬੀਰ, 1374)

11. [28]ਹਕੁ ਪਰਾਇਆ ਨਾਨਕਾ ਉਸੁ ਸੂਅਰੁ ਉਸੁ ਗਾਇ ॥

16. ਰੋਜੇ ਰੱਖਣ,ਨਿਮਾਜ ਤੇ ਕਲਮਾ ਪੜ੍ਹਨ ਨਾਲ ਸੁਰਗ ਨਹੀਂ ਮਿਲਦਾ 17. ਸੱਤਰ ਕਾਬੇ; ਭਾਵ ਮਨੁੱਖਾ ਸਰੀਰ ਸਭ ਤੋਂ ਵੱਡਾ. ਸਭ ਤੋਂ ਪਵਿੱਤਰ ਪੂਜਾ ਦਾ ਸਥਾਨ ਹੈ 18. ਨਿਆਂ ਕਰਨਾ ਨਮਾਜ਼ ਗੁਜ਼ਾਰਨ ਸਮਾਨ ਹੈ 19. ਅਕਲਹਿ=ਕਲਾ-ਰਹਿਤ; ਕਲਾ-ਰਹਿਤ ਪ੍ਰਭੂ ਨੂੰ ਜਾਣਨਾ ਸੱਚਾ ਕਲਮਾ ਪੜ੍ਹਨਾ ਹੈ 20. ਪੰਜਾਂ ਵਿਕਾਰਾਂ ਨੂੰ ਮਾਰਨਾ ਨਿਮਾਜ਼ ਪੜ੍ਹਨ ਵਾਲੀ ਸਫ਼ ਜਾਂ ਚਿਟਾਈ ਬਛਾਉਣਾ ਹੈ—ਜੇ ਇਹ ਸਭ ਕੁਝ ਕਰੇ ਤਾਂ ਹੀ ਸੱਚਾ ਧਰਮ ਜਾਂ ਦੀਨ ਪਛਾਣ ਸਕਦਾ ਹੈ 21. ਮਾਨ ਜਾਂ ਹਉਮੈ ਨੂੰ ਮਾਰ ਕੇ ਕਮਜ਼ੋਰ ਕਰ ਦਵੇ 22 ਪਹਿਲੋਂ ਆਪਣੇ ਆਪ ਨੂੰ ਪਛਾਣੇ ਤਾਂ ਹੀ ਸੁਰਗ (ਪਰਮੇਸ਼ਰ ਦੀ ਦਰਗਾਹ) ਦਾ ਭਾਗੀ (ਸਰੀਕ) ਬਣ ਸਕਦਾ ਹੈ 23. ਉਜੂ (ਪੰਜ ਇਸ਼ਨਾਨਾ) ਕਰਨ, ਮੂੰਹ ਧੋਣ, ਮਸੀਤ ਵਿੱਚ ਸਿਰ ਨਿਵਾਉਣ ਅਤੇ ਨਿਮਾਜ ਪੜ੍ਹਨ ਅਤੇ ਹੱਜ ਕਾਬੇ ਜਾਣ ਦਾ ਕੀ ਲਾਭ ਹੈ ਜੇ ਦਿਲ ਕਪਟ ਦਾ ਭਰਿਆ ਹੋਇਆ ਹੈ 24. ਮੁੱਲਾਂ ਮੁਨਾਰੇ ਉੱਤੇ ਚੜ੍ਹ ਕੇ ਬਾਂਗਾਂ ਦਿੰਦਾ ਹੈ, ਰੱਬ ਬੋਲਾ ਨਹੀਂ ਹੈ, ਉਹ ਤਾਂ ਦਿਲ ਦੇ ਅੰਦਰ ਹੀ ਹੈ, ਬਾਹਰ ਬਾਂਗਾਂ ਦੇਣ ਦਾ ਕੀ ਲਾਭ ਹੈ ? 25. ਹੇ ਸ਼ੇਖ ! ਸਬਰ-ਸੰਤੋਖ ਤੋਂ ਬਿਨਾਂ, ਹੱਜ ਕਰਨ, ਕਾਬੇ ਜਾਣ ਦਾ ਕੋਈ ਲਾਭ ਨਹੀਂ 26. ਜਿਨ੍ਹਾਂ ਦਾ ਦਿਲ ਸਾਫ਼ ਨਹੀਂ, ਉਨ੍ਹਾਂ ਨੂੰ ਖ਼ੁਦਾ ਨਹੀਂ ਮਿਲ ਸਕਦਾ 27. ਸਾਈਂ ਅੰਦਰ ਪ੍ਰਗਟ ਹੋ ਜਾਵੇ ਤਾਂ ਨਾਮ ਦੁਆਰਾ ਮਨ ਵਿੱਚ ਬਲਦੀ ਹਰ ਤਰ੍ਹਾਂ ਦੀ ਅਗਨੀ ਬੁੱਝ ਜਾਵੇ 28. ਮੁਸਲਮਾਨਾਂ ਵਿੱਚ ਸੂਰ ਦਾ ਮਾਸ ਹਰਾਮ ਸਮਝਿਆ ਹੈ ਅਤੇ ਹਿੰਦੂ ਗਊ ਦਾ ਮਾਸ ਖਾਣਾ ਮਹਾਂ-ਪਾਪ ਸਮਝਦੇ ਹਨ । ਗੁਰੂ ਸਾਹਿਬ ਕਹਿੰਦੇ ਹਨ ਪਰਾਇਆ ਹੱਕ ਖਾਣਾ ਅਸਲ ਹਰਾਮ ਜਾਂ ਪਾਪ ਹੈ ।

[29]ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ ॥
[30]ਗਲੀ ਭਿਸਤਿ ਨ ਜਾਈਐ ਛੁਟੈ ਸਚੁ ਕਮਾਇ ॥
[31]ਮਾਰਣ ਪਾਹਿ ਹਰਾਮ ਮਹਿ ਹੋਇ ਹਲਾਲੁ ਨ ਜਾਇ ॥ (ਮ: 1—141)

12. ਉਠੁ ਫਰੀਦਾ ਉਜੂ ਸਾਜਿ ਸੁਬਹ ਨਿਵਾਜ ਗੁਜਾਰਿ ॥
ਜੋ ਸਿਰੁ ਸਾਂਈ ਨਾ ਨਿਵੈ ਸੋ ਸਿਰੁ ਕਪਿ ਉਤਾਰਿ ॥
[32]ਜੋ ਸਿਰੁ ਸਾਈ ਨਾ ਨਿਵੈ ਸੋ ਸਿਰੁ ਕੀਜੈ ਕਾਂਇ ॥
ਕੁੰਨੇ ਹੇਠਿ ਜਲਾਈਐ ਬਾਲਣ ਸੰਦੈ ਥਾਇ ॥ (ਫਰੀਦ, 1381)

13. [33]ਦੇਹੀ ਮਹਜਿਦਿ ਮਨੁ ਮਉਲਾਨਾ ਸਹਜ ਨਿਵਾਜ ਗੁਜਾਰੈ ॥
ਬੀਬੀ ਕਉਲਾ ਸਉ ਕਾਇਨੁ ਤੇਰਾ ਨਿਰੰਕਾਰ ਆਕਾਰੈ ॥ (ਨਾਮਦੇਵ, 1167)

14. [34]ਸਾਚੁ ਕਤੇਬ ਬਖਾਨੈ ਅਲਹੁ ਨਾਰਿ ਪੁਰਖੁ ਨਹੀ ਕੋਈ ॥
[35]ਪਢੇ ਗੁਨੇ ਨਾਹੀ ਕਛੁ ਬਉਰੇ ਜਉ ਦਿਲ ਮਹਿ ਖਬਰਿ ਨ ਹੋਈ ॥
[36]ਅਲਹੁ ਗੈਬੁ ਸਗਲ ਘਟ ਭੀਤਰਿ ਹਿਰਦੈ ਲੇਹੁ ਬਿਚਾਰੀ ॥
[37]ਹਿੰਦੂ ਤੁਰਕ ਦੁਹੂੰ ਮਹਿ ਏਕੈ ਕਹੈ ਕਬੀਰ ਪੁਕਾਰੀ ॥ (ਕਬੀਰ, 483)

15. ਸਭ ਮਹਿ ਸਚਾ ਏਕੋ ਸੋਈ ਤਿਸ ਕਾ ਕੀਆ ਸਭੁ ਕਛੁ ਹੋਈ ॥
ਹੁਕਮੁ ਪਛਾਨੈ ਸੁ ਏਕੋ ਜਾਨੈ ਬੰਦਾ ਕਹੀਐ ਸੋਈ ॥ (ਨਾਮਦੇਵ, 1350)

16. [38]ਦਖਨਿ ਦੇਸਿ ਹਰੀ ਕਾ ਬਾਸਾ ਪਛਿਮਿ ਅਲਹ ਮੁਕਾਮਾ ॥
ਦਿਲ ਮਹਿ ਖੋਜਿ ਦਿਲੈ ਦਿਲਿ ਖੋਜਹੁ ਏਹੀ ਠਉਰ ਮੁਕਾਮਾ ॥ (ਕਬੀਰ,1349)

---

29. ਕੁਝ ਧਰਮਾਂ ਵਿੱਚ ਵਿਸ਼ਵਾਸ ਹੈ ਕਿ ਕਿਆਮਤ ਜਾਂ ਹਿਸਾਬ ਦੇ ਦਿਨ ਰਸੂਲ, ਪੈਗੰਬਰ ਸ਼ਹਾਦਤ (ਹਾਮੀ) ਭਰ ਦੇਵੇਗਾ ਅਤੇ ਜੀਵ ਨੂੰ ਬਖ਼ਸ਼ ਦਿੱਤਾ ਜਾਵੇਗਾ। ਗੁਰੂ ਸਾਹਿਬ ਕਹਿੰਦੇ ਹਨ ਸਤਿਗੁਰੂ ਤਾਂ ਹੀ ਹਾਮੀ ਭਰੇਗਾ ਜੇ ਸਿੱਖ ਸਤਿਗੁਰੂ ਦੇ ਮਾਰਗ ਦੀ ਉਲੰਘਣਾ ਨਹੀਂ ਕਰੇਗਾ 30. ਗੱਲਾਂ ਨਾਲ ਸੁਰਗ ਪ੍ਰਾਪਤ ਨਹੀਂ ਹੋ ਜਾਵੇਗਾ, ਸ਼ਬਦ ਰੂਪੀ ਸੱਚ ਦੀ ਕਮਾਈ ਨਾਲ ਹੀ ਮੁਕਤੀ ਪ੍ਰਾਪਤ ਹੋ ਸਕਦੀ ਹੈ 31. ਜੇ ਹਰਾਮ ਵਿੱਚੋਂ ਮਾਇਆ ਲਾ ਦਿੱਤੀ ਜਾਵੇ ਤਾਂ ਉਹ ਹਲਾਲ ਨਹੀਂ ਬਣ ਜਾਂਦੀ, ਭਾਵ ਪਾਪ ਵਾਲੀ ਜਾਂ ਨਾਵਾਜਬ ਚੀਜ਼ ਕਿਸੇ ਤਰ੍ਹਾਂ ਵੀ ਪੁੰਨ ਵਾਲੀ ਜਾਂ ਵਾਜਬ ਨਹੀਂ ਬਣ ਸਕਦੀ 32. ਜਿਹੜਾ ਸਿਰ ਮਾਲਕ ਅੱਗੇ ਨਾ ਝੁਕੇ, ਉਸਦੀ ਭਗਤੀ ਵਿਚ ਨਾ ਲੱਗੇ, ਉਹ ਕੱਟ ਦੇਣ ਅਤੇ ਪਤੀਲੇ ਹੇਠ ਬਾਲਣ ਦੀ ਥਾਂ ਜਲਾ ਦੇਣ ਦੇ ਕਾਬਲ ਹੈ 33. ਦੇਹੀ ਨੂੰ ਮਸਜਿਦ ਬਣਾ, ਮਨ ਨੂੰ ਮੌਲਵੀ ਬਣਾ ਅਤੇ ਆਪਣੇ ਅੰਦਰੋਂ ਸ਼ਬਦ ਰੂਪੀ ਸਹਿਜ ਦੀ ਕਮਾਈ ਦੀ ਨਿਮਾਜ਼ ਪੜ੍ਹ; ਤੂੰ ਤਾਂ ਉਲਟਾ ਬੀਬੀ ਕਉਲਾ (ਮਾਇਆ) ਨਾਲ ਨਿਕਾਹ (ਵਿਆਹ) ਕੀਤਾ ਹੋਇਆ ਹੈ 34. ਕੁਰਾਨ ਸ਼ਰੀਫ਼ ਇੱਕ ਅਲ੍ਹਾ ਨੂੰ ਸੱਚ ਮੰਨਦਾ ਹੈ ਅਤੇ ਨਾਰ-ਪੁਰਖ, (ਮਰਦ ਇਸਤਰੀ, ਸ਼ਿਵ ਸ਼ਕਤੀ, ਪੁਰਸ਼-ਪ੍ਰਕ੍ਰਿਤੀ) ਦੀ ਦਵੈਤ ਨਹੀਂ ਮੰਨਦਾ 35. ਕੁਰਾਨ ਸ਼ਰੀਫ਼ ਵਿੱਚ ਸੱਚ ਨੂੰ ਪੜ੍ਹ ਲੈਣ ਦਾ ਕੀ ਲਾਭ ਹੈ, ਜੇ ਇਸ ਅਸਲੀਅਤ ਨੂੰ ਆਪਣੇ ਅੰਦਰ ਅਨੁਭਵ ਦੁਆਰਾ ਸੱਚ ਕਰ ਕੇ ਨਾ ਦੇਖ ਲਿਆ ਜਾਵੇ ? 36. ਉਹ ਪ੍ਰਭੂ (ਅਲ੍ਹਾ) ਘਟ-ਘਟ ਅੰਦਰ ਛੁਪਿਆ (ਗ਼ੈਬ) ਬੈਠਾ ਹੈ 37. ਹਿੰਦੂਆਂ ਮੁਸਲਮਾਨਾਂ ਵਿੱਚ ਉਹ ਇੱਕੋ ਰਬ ਵੱਸਦਾ ਹੈ 38 ਹਿੰਦੂ ਸਮਝਦੇ ਹਨ ਹਰੀ ਦੱਖਣ ਵਿੱਚ ਵੱਸਦਾ ਹੈ, ਮੁਸਲਮਾਨ ਸਮਝਦੇ ਹਨ ਰੱਬ ਪੱਛਮ ਵਿੱਚ ਵੱਸਦਾ ਹੈ। ਅਸਲ ਵਿੱਚ ਉਹ ਹਰ ਇੱਕ ਦੇ ਆਪਣੇ ਅੰਦਰ ਵੱਸਦਾ ਹੈ।

17. [39]ਬੇਦ ਕਤੇਬ ਇਫਤਰਾ ਭਾਈ ਦਿਲ ਕਾ ਫਿਕਰੁ ਨ ਜਾਈ ॥
[40]ਟੁਕੁ ਦਮੁ ਕਰਾਰੀ ਜਉ ਕਰਹੁ ਹਾਜਿਰ ਹਜੂਰਿ ਖੁਦਾਇ ॥
[41]ਬੰਦੇ ਖੋਜੁ ਦਿਲ ਹਰ ਰੋਜ ਨਾ ਫਿਰੁ ਪਰੇਸਾਨੀ ਮਾਹਿ ॥
[42]ਇਹ ਜੁ ਦੁਨੀਆ ਸਿਹਰੁ ਮੇਲਾ ਦਸਤਗੀਰੀ ਨਾਹਿ ॥
[43]ਦਰੋਗੁ ਪੜਿ ਪੜਿ ਖੁਸੀ ਹੋਇ ਬੇਖਬਰ ਬਾਦੁ ਬਕਾਹਿ ॥
[44]ਹਕੁ ਸਚੁ ਖਾਲਕੁ ਖਲਕ ਮਿਆਨੇ ਸਿਆਮ ਮੂਰਤਿ ਨਾਹਿ ॥
[45]ਅਸਮਾਨ ਮ੍ਹਿਾਨੇ ਲਹੰਗ ਦਰੀਆ ਗੁਸਲ ਕਰਦਨ ਬੂਦ ॥
[46]ਕਰਿ ਫਕਰੁ ਦਾਇਮ ਲਾਇ ਚਸਮੇ ਜਹ ਤਹਾ ਮਉਜੂਦ ॥
[47]ਅਲਾਹ ਪਾਕੰ ਪਾਕ ਹੈ ਸਕ ਕਰਉ ਜੇ ਦੂਸਰ ਹੋਇ ॥
[48]ਕਬੀਰ ਕਰਮੁ ਕਰੀਮ ਕਾ ਉਹੁ ਕਰੈ ਜਾਨੈ ਸੋਇ ॥ (ਕਬੀਰ, 727)

---

39. ਇਫ਼ਤਰਾ=ਬਨਾਵਟ; ਚਾਰ ਵੇਦ ਅਤੇ ਚਾਰ ਕਤੇਬ ਬਨਾਵਟ ਨਾਲ ਭਰੇ ਪਏ ਹਨ. ਇਨ੍ਹਾਂ ਨਾਲ ਦਿਲ ਦਾ ਭਰਮ ਨਹੀਂ ਜਾਂਦਾ 40. ਜੇ ਪਲ ਭਰ ਲਈ ਮਨ ਨੂੰ ਨਿਹਚਲ ਕਰ ਲਿਆ ਜਾਵੇ ਤਾ ਅੰਦਰ ਇਕ ਦਮ ਰੱਬ ਦਾ ਦੀਦਾਰ ਹੋ ਜਾਵੇ 41. ਜੇ ਰੱਬ ਨੂੰ ਰੋਜ਼ ਅੰਦਰੋਂ ਖੋਜਿਆ ਜਾਵੇ ਤਾਂ ਪਰੇਸ਼ਾਨੀ ਜਾ ਭਟਕਨਾ ਖ਼ਤਮ ਹੋ ਜਾਵੇ 42. ਸਿਹਰੁ=ਜਾਦੂ; ਦਸਤ=ਹੱਥ; ਇਹ ਦੁਨੀਆਂ ਜਾਦੂ ਦੇ ਖੇਲ੍ਹ ਸਮਾਨ ਹੈ, ਇਸ ਵਿਚੋਂ ਹੱਥ ਕੁਝ ਨਹੀਂ ਆਉਂਦਾ 43. ਲੋਕ ਝੂਠੀਆਂ ਗੱਲਾ ਪੜ੍ਹ-ਪੜ੍ਹ ਕੇ ਖ਼ੁਸ਼ ਹੁੰਦੇ ਅਤੇ ਝਗੜੇ ਕਰਦੇ ਹਨ 44. ਸਿਆਮ ਮੂਰਤਿ=ਸਾਂਵਲੀ ਸੂਰਤ ਵਾਲਾ (ਕ੍ਰਿਸ਼ਨ); ਉਹ ਸੱਚਾ ਰੱਬ ਜੋ ਹਰ ਹਿਰਦੇ ਵਿਚ ਵੱਸਦਾ ਹੈ ਸਾਵਲੀ ਸੂਰਤ ਵਾਲਾ ਨਹੀਂ, ਭਾਵ ਉਹ ਨਿਰਾਕਾਰ ਹੈ 45. ਦਸਮ-ਦੁਆਰ ਰੂਪੀ ਆਕਾਸ ਵਿੱਚ ਸ਼ਬਦ ਦਾ ਦਰਿਆ ਵਗ ਰਿਹਾ ਹੈ, ਉਸ ਵਿਚ ਇਸ਼ਨਾਨ ਕਰ; ਅਸਮਾਨ ਮ੍ਹਿਾਨੇ=ਅਸਮਾਨ ਵਿੱਚ; ਲਹੰਗ ਦਰੀਆ=ਦਰਿਆ ਵਗ ਰਿਹਾ ਹੈ; ਗੁਸਲ=ਇਸ਼ਨਾਨ; ਕਰਦਨ ਬੂਦ=ਕਰ 46. ਹਮੇਸ਼ਾ ਫ਼ਕੀਰ ਦੀ ਰਹਿਤ ਰਹਿ ਅਤੇ ਐਨਕਾਂ ਲਾ ਕੇ (ਅੰਦਰਲੀ ਅੱਖ ਨਾਲ) ਦੇਖ ਤੈਨੂੰ ਹਰ ਜਗ੍ਹਾ ਇੱਕੋ ਪਰਮੇਸ਼ਰ ਵਿਆਪਕ ਨਜਰ ਆਵੇਗਾ; ਫਕਰ=ਫ਼ਕੀਰੀ; ਦਾਇਮ=ਹਮੇਸ਼ਾ; ਚਸ਼ਮ=ਅੱਖ ਜਾਂ ਐਨਕ 47. ਉਹ ਰੱਬ ਪਵਿੱਤਰ ਤੋਂ ਪਵਿੱਤਰ ਹੈ ਅਤੇ ਸਭ ਵਿੱਚ ਉਹੀ ਇੱਕ ਹੈ। ਸ਼ੱਕ ਅਤੇ ਵਿਤਕਰਾ ਤਾਂ ਕੀਤਾ ਜਾਵੇ ਜੇ ਉਸ ਤੋਂ ਬਿਨਾ ਕੋਈ ਦੂਜਾ ਹੋਵੇ 48. ਸਭ ਉਸ ਦਇਆਲੂ ਪ੍ਰਭੂ ਦੀ ਹੀ ਦਇਆ ਹੈ।

ਉਪਦੇਸ਼

ਗੁਰਮਤਿ ਦਾ ਇਹੀ ਮੁੱਖ ਉਪਦੇਸ਼ ਹੈ ਕਿ ਇਹ ਸਾਰਾ ਸੰਸਾਰ ਅਸਥਿਰ ਤੇ ਨਾਸ਼ਵਾਨ ਹੈ , ਕੇਵਲ 'ਕੁੱਲ ਮਾਲਿਕ', ਉਸ ਦਾ 'ਸ਼ਬਦ' ਅਤੇ 'ਸਤਿਗੁਰੂ'—ਜਿਸ ਵਿੱਚ ਕੁਲ-ਮਾਲਿਕ ਦਾ ਸ਼ਬਦ ਪ੍ਰਤੱਖ ਹੈ—ਸਤਿ ਹਨ। ਉਸ ਅਕਾਲਪੁਰਖ ਦੀ ਅਪਾਰ ਦਇਆ-ਮਿਹਰ ਹੋਈ ਤਾਂ ਇਸ ਜੀਵ ਨੂੰ ਮਨੁੱਖਾ ਜਨਮ ਪ੍ਰਾਪਤ ਹੋਇਆ, ਜੋ ਚਉਰਾਸੀ ਲੱਖ ਜੂਨੀਆਂ ਵਿੱਚੋਂ ਸਰਵ-ਸ੍ਰੇਸ਼ਟ ਹੈ। ਕੇਵਲ ਇਸੇ ਜਾਮੇ ਵਿੱਚ ਹੀ ਜੀਵ ਪ੍ਰਭੂ ਨਾਲ ਮਿਲਾਪ ਕਰ ਸਕਦਾ ਹੈ। ਪਰੰਤੂ ਇਹ ਜੀਵ ਮਨ ਦੇ ਅਧੀਨ ਹੋ ਕੇ ਆਪਣਾ ਹੀਰੇ ਵਰਗਾ ਜਨਮ ਕਉਡੀਆਂ ਇਕੱਠੀਆਂ ਕਰਨ ਵਿੱਚ ਬਤੀਤ ਕਰ ਦੇਂਦਾ ਹੈ।

ਗੁਰਬਾਣੀ ਦੱਸਦੀ ਹੈ ਕਿ ਧਨ-ਦੌਲਤ ਅਤੇ ਮਾਇਆ ਆਦਿ ਦੇ ਸਭ ਮੋਹ ਝੂਠੇ ਹਨ। ਦੁਨੀਆਂ ਦੇ ਸਭ ਰੰਗ ਫਿੱਕੇ ਤੇ ਨਾਸ਼ਵਾਨ ਹਨ। ਮਾਤਾ, ਪਿਤਾ, ਭਾਈ, ਸੁੱਤ, ਬੰਧਪ ਆਦਿ ਦਾ ਮੋਹ ਕੇਵਲ ਸੁਆਰਥੀ ਤੇ ਝੂਠਾ ਹੈ। ਮੌਤ ਸਮੇਂ ਜੀਵ ਇਹ ਸਭ ਵਸਤਾਂ ਇੱਥੇ ਹੀ ਛੱਡ ਜਾਂਦਾ ਹੈ। ਕੇਵਲ ਨਾਮ ਦਾ ਦਾਤਾ ਸਤਿਗੁਰੂ ਅਤੇ ਨਾਮ ਦੀ ਕਮਾਈ ਜੀਵ ਦੇ ਨਾਲ ਨਿਭਦੀਆਂ ਹਨ ਅਤੇ ਇਹੋ ਉਸ ਦੀ 'ਸੱਚੀ ਪੂੰਜੀ' ਜਾਂ 'ਸੱਚੀ ਰਾਸ਼ੀ' ਹੈ। ਜਿਹੜੇ ਜੀਵ 'ਨਾਮ' ਜਾਂ 'ਸ਼ਬਦ' ਦੀ ਕਮਾਈ ਨਹੀਂ ਕਰਦੇ, ਉਹ ਜੀਵਨ ਰੂਪੀ ਹੀਰਾ ਜੂਏ ਵਿੱਚ ਹਾਰ ਜਾਂਦੇ ਹਨ। ਅੰਤ ਉਨ੍ਹਾਂ ਨੂੰ ਜਮਾਂ ਦੀਆਂ ਚੋਟਾਂ ਸਹਿਣੀਆਂ ਪੈਂਦੀਆਂ ਹਨ ਤੇ ਚਉਰਾਸੀ ਦੇ ਚੱਕਰ ਵਿੱਚ ਫਿਰਨਾ ਪੈਂਦਾ ਹੈ।

ਗੁਰਬਾਣੀ ਉਪਦੇਸ਼ ਕਰਦੀ ਹੈ ਕਿ ਜੀਵ ਨੂੰ 'ਨਾਮ ਦੇ ਭੰਡਾਰੀ' ਤੇ 'ਨਾਮ ਦੇ ਦਾਤਾ' ਸਤਿਗੁਰੂ ਦੀ ਸ਼ਰਨ ਲੈਣੀ ਚਾਹੀਦੀ ਹੈ। ਸਤਿਗੁਰੂ ਦੀ ਦੱਸੀ ਜੁਗਤੀ ਅਨੁਸਾਰ ਨਾਮ ਦੀ ਕਮਾਈ ਕਰਕੇ, ਦੁਰਲੱਭ ਮਾਨਸ-ਜਨਮ ਸਫਲ ਕਰਨਾ ਚਾਹੀਦਾ ਹੈ ਅਤੇ ਜਨਮ-ਮਰਨ ਦਿਆਂ ਬੰਧਨਾਂ ਤੋਂ ਸਦਾ ਲਈ ਛੁਟਕਾਰਾ ਪਾ ਲੈਣਾ ਚਾਹੀਦਾ ਹੈ।

1. ਕੋਟਿ ਬਿਘਨ ਤਿਸੁ ਲਾਗਤੇ ਜਿਸ ਨੋ ਵਿਸਰੈ ਨਾਉ ॥
ਨਾਨਕ [1]ਅਨਦਿਨੁ ਬਿਲਪਤੇ ਜਿਉ ਸੁੰਞੈ ਘਰਿ ਕਾਉ ॥ (ਮ: 5—522)
2. [2]ਜਿਨ ਹਰਿ ਹਿਰਦੈ ਨਾਮੁ ਨ ਬਸਿਓ ਤਿਨ ਮਾਤ ਕੀਜੈ ਹਰਿ ਬਾਂਝਾ ॥
ਤਿਨ ਸੁੰਞੀ ਦੇਹ ਫਿਰਹਿ ਬਿਨੁ ਨਾਵੈ ਓਇ [3]ਖਪਿ ਖਪਿ ਮੁਏ ਕਰਾਂਝਾ ॥ (697)

---

1. ਰੋਜ਼ ਇਉਂ ਵਿਲਕਦੇ, ਕੁਰਲਾਉਂਦੇ ਹਨ, ਜਿਸ ਤਰ੍ਹਾਂ ਉਜਾੜ ਘਰ ਵਿੱਚ ਕਾਂ 2. ਬਾਂਝ= ਜਿਸ ਦੇ ਬੱਚਾ ਪੈਦਾ ਨਾ ਹੋ ਸਕੇ; ਕਹਿੰਦੇ ਹਨ ਜਿਨ੍ਹਾਂ ਦੇ ਹਿਰਦੇ ਵਿਚ ਨਾਮ ਨਾ ਵੱਸੇ ਉਨ੍ਹਾਂ ਦੀ ਮਾਤਾ ਬਾਂਝ ਹੋ ਜਾਵੇ, ਭਾਵ ਉਨ੍ਹਾਂ ਵਰਗੀ ਹੋਰ ਸੰਤਾਨ ਪੈਦਾ ਨਾ ਕਰੇ 3. ਨਾਮ-ਵਿਹੂਣੇ ਖਪ-ਖਪ ਕੇ ਕੁਰਲਾਉਂਦੇ ਫਿਰਦੇ ਹਨ।

3. ਜਿਨਾ ਸਤਿਗੁਰੁ ਪੁਰਖੁ ਨ ਸੇਵਿਓ ਸਬਦਿ ਨ ਕੀਤੋ ਵੀਚਾਰੁ ॥
ਓਇ ਮਾਣਸ ਜੂਨਿ ਨ ਆਖੀਅਨਿ ਪਸੂ ਢੋਰ ਗਾਵਾਰ ॥ (ਮ: 3—1418)
4. ਜਿਨਿ ਹਰਿ ਹਰਿ ਨਾਮੁ ਨ ਚੇਤਿਓ ਸੁ ਅਉਗੁਣਿ ਆਵੈ ਜਾਇ ॥
ਜਿਸੁ ਸਤਗੁਰੁ ਪੁਰਖੁ ਨ ਭੇਟਿਓ ਸੁ ਭਉਜਲਿ ਪਚੈ ਪਚਾਇ ॥ (ਮ: 1—22)
5. ਸਤਿਗੁਰੁ ਜਿਨੀ ਨ ਸੇਵਿਓ ਸੇ ਕਿਤੁ ਆਏ ਸੰਸਾਰਿ ॥
ਜਮ ਦਰਿ ਬਧੇ ਮਾਰੀਅਹਿ ਕੂਕ ਨ ਸੁਣੈ ਪੂਕਾਰ ॥ (ਮ: 3—69)
6. ਸਤਿਗੁਰ ਸਿਉ ਚਿਤੁ ਨ ਲਾਇਓ ਨਾਮੁ ਨ ਵਸਿਓ ਮਨਿ ਆਇ ॥
ਧ੍ਰਿਗੁ ਇਵੇਹਾ ਜੀਵਿਆ ਕਿਆ ਜੁਗ ਮਹਿ ਪਾਇਆ ਆਇ ॥(ਮ: 3—510)
7. ਸਤਿਗੁਰੁ ਜਿਨੀ ਨ ਸੇਵਿਓ ਸਬਦਿ ਨ ਕੀਤੋ ਵੀਚਾਰੁ ॥
ਅੰਤਰਿ ਗਿਆਨੁ ਨ ਆਇਓ ਮਿਰਤਕੁ ਹੈ ਸੰਸਾਰਿ ॥ (ਮ: 4—88)
8. ਅਤਿ ਸੁੰਦਰ ਕੁਲੀਨ[4] ਚਤੁਰ ਮੁਖਿ ਙਿਆਨੀ ਧਨਵੰਤ ॥
ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ ॥ (ਮ: 5—253)
9. ਤਬ ਲਗੁ ਪ੍ਰਾਨੀ ਤਿਸੈ ਸਰੇਵਹੁ[5] ਜਬ ਲਗੁ ਘਟ ਮਹਿ ਸਾਸਾ ॥
ਜੇ ਘਟੁ ਜਾਇ ਤ ਭਾਉ ਨ ਜਾਸੀ ਹਰਿ ਕੇ ਚਰਨ ਨਿਵਾਸਾ ॥ (ਕਬੀਰ, 793)
10. [6]ਆਗਾਹਾ ਕੂ ਤ੍ਰਾਘਿ ਪਿਛਾ ਫੇਰਿ ਨ ਮੁਹਡੜਾ ॥
ਨਾਨਕ ਸਿਝਿ ਇਵੇਹਾ ਵਾਰ ਬਹੁੜਿ ਨ ਹੋਵੀ ਜਨਮੜਾ ॥ (ਮ: 5—1096)
11. ਜਿਨੀ ਨਾਮੁ ਵਿਸਾਰਿਆ ਦੂਜੀ ਕਾਰੈ ਲਗਿ ॥
ਦੁਬਿਧਾ ਲਾਗੇ ਪਚਿ ਮੁਏ ਅੰਤਰਿ ਤ੍ਰਿਸਨਾ ਅਗਿ ॥ (ਮ: 1—19)
12. ਇਕੁ ਤਿਲੁ ਪਿਆਰਾ ਵੀਸਰੈ ਰੋਗੁ ਵਡਾ ਮਨ ਮਾਹਿ ॥
ਕਿਉ ਦਰਗਹ ਪਤਿ ਪਾਈਐ ਜਾ ਹਰਿ ਨ ਵਸੈ ਮਨ ਮਾਹਿ ॥ (ਮ: 1—21)
13. [7]ਮੁਖੁ ਤਲੈ ਪੈਰ ਉਪਰੇ ਵਸੰਦੋ ਕੁਹਥੜੈ ਥਾਇ ॥
[8]ਨਾਨਕ ਸੋ ਧਣੀ ਕਿਉ ਵਿਸਾਰਿਓ ਉਧਰਹਿ ਜਿਸ ਦੈ ਨਾਇ ॥(ਮ: 5—706)
14. ਨਾਨਕ ਦੁਨੀਆ ਕੀਆਂ ਵਡਿਆਈਆਂ ਅਗੀ ਸੇਤੀ ਜਾਲਿ ॥
ਏਨੀ ਜਲੀਈਂ[9] ਨਾਮੁ ਵਿਸਾਰਿਆ ਇਕ ਨ ਚਲੀਆ ਨਾਲਿ ॥(ਮ: 2,1290)
15. ਦੁਨੀਆ ਕੀਆ ਵਡਿਆਈਆ ਕਵਨੈ ਆਵਹਿ ਕਾਮਿ ॥
ਮਾਇਆ ਕਾ ਰੰਗੁ ਸਭੁ ਫਿਕਾ ਜਾਤੋ ਬਿਨਸਿ ਨਿਦਾਨਿ ॥ (ਮ: 5—45)

---

4. ਉੱਚੀ ਕੁਲ ਵਾਲਾ 5. ਭਗਤੀ ਕਰੋ, ਸਿਮਰੋ 6. ਅੱਗੇ ਵਲ ਦੇਖ, ਪਿੱਠ ਨਾ ਫੇਰ; ਇਸੇ ਵਾਰ ਪਰਮੇਸ਼ਰ ਨਾਲ ਮਿਲਾਪ ਕਰ 7. ਮਾਤਾ ਦੇ ਪੇਟ ਵਿਚ ਤੂੰ ਪੁੱਠਾ ਲਟਕਿਆ ਹੋਇਆ ਸੀ, ਅਤੇ ਕਸੂਤੇ (ਕੁਹਥੜੇ) ਥਾਂ ਫਸਿਆ ਹੋਇਆ ਸੀ 8. ਜਿਸ ਪ੍ਰਭੂ ਦੇ ਨਾਮ ਨਾਲ ਤੇਰਾ ਨਿਸਤਾਰਾ ਹੋ ਸਕਦਾ ਹੈ, ਉਸ ਨੂੰ ਨਾ ਵਿਸਾਰ 9. ਇਨ੍ਹਾਂ ਸੜੀਆਂ ਹੋਈਆਂ ਨੇ ।

16. ਲੋਕਨ ਕੀ ਚਤੁਰਾਈ ਉਪਮਾ ਤੇ ਬੈਸੰਤਰਿ[10] ਜਾਰਿ ॥
ਕੋਈ ਭਲਾ ਕਹਉ ਭਾਵੈ ਬੁਰਾ ਕਹਉ ਹਮ ਤਨੁ ਦੀਓ ਹੈ ਢਾਰਿ ॥ (528)
17. ਕਬ ਕੋਊ ਲੋਗਨ ਕਉ ਪਤੀਆਵੈ[11] ਲੋਕਿ ਪਤੀਣੈ ਨਾ ਪਤਿ ਹੋਇ ॥
ਜਨ ਨਾਨਕ ਹਰਿ ਹਿਰਦੈ ਸਦ ਧਿਆਵਹੁ ਤਾ ਜੈ ਜੈ ਕਰੇ ਸਭੁ ਕੋਇ ॥ (368)
18. ਕਰੈ ਗੁਮਾਨੁ[12] ਚੁਭਹਿ ਤਿਸੁ ਸੂਲਾ ਕੋ ਕਾਢਨ ਕਉ ਨਾਹੀ ॥
ਅਜੈ ਸੁ ਚੋਭ ਕਉ ਬਿਲਲ ਬਿਲਾਤੇ ਨਰਕੇ ਘੋਰ ਪਚਾਹੀ ॥ (ਕਬੀਰ, 969)
19. ਧਨੁ ਧਨੁ ਕਹਾ ਪੁਕਾਰਤੇ ਮਾਇਆ ਮੋਹ ਸਭ ਕੂਰ[13] ॥
ਨਾਮ ਬਿਹੂਨੇ[14] ਨਾਨਕਾ ਹੋਤ ਜਾਤ ਸਭੁ ਧੂਰ ॥ (ਮ: 5—250)
20 [15]ਪਸੂ ਮਿਲਹਿ ਚੰਗਿਆਈਆ ਖੜੁ ਖਾਵਹਿ ਅੰਮ੍ਰਿਤੁ ਦੇਹਿ ॥
ਨਾਮ ਵਿਹੂਣੇ ਆਦਮੀ ਧ੍ਰਿਗੁ ਜੀਵਣ ਕਰਮ ਕਰੇਹਿ ॥ (ਮ: 1—489)
21. ਨਾਨਕ ਗਾਲੀ ਕੂੜੀਆ ਬਾਝੁ ਪਰੀਤਿ ਕਰੇਇ ॥
ਤਿਚਰੁ ਜਾਣੈ ਭਲਾ ਕਰਿ ਜਿਚਰੁ ਲੇਵੈ ਦੇਇ ॥ (ਮ: 1—594)
22. ਮਾਤ ਪਿਤਾ ਸੁਤ ਬੰਧਪਾ ਕੂੜੇ ਸਭੇ ਸਾਕ ॥
ਜਿਨਿ ਕੀਤਾ ਤਿਸਹਿ ਨ ਜਾਣਈ ਮਨਮੁਖ ਪਸੁ ਨਾਪਾਕੁ ॥ (ਮ: 5—47)
23. [16]ਬਧਾ ਚਟੀ ਜੋ ਭਰੇ ਨਾ ਗੁਣੁ ਨਾ ਉਪਕਾਰੁ ॥
ਸੇਤੀ ਖੁਸੀ ਸਵਾਰੀਐ ਨਾਨਕ ਕਾਰਜੁ ਸਾਰੁ ॥ (ਮ: 2—787)
24. ਸਉ ਓਲਾਮ੍ਹ੍ਹਿ ਦਿਨੈ ਕੇ ਰਾਤੀ ਮਿਲਨਿ ਸਹੰਸ[17] ॥
ਸਿਫਤਿ ਸਲਾਹਣੁ ਛਡਿ ਕੈ ਕਰੰਗੀ ਲਗਾ ਹੰਸੁ ॥
ਫਿਟੁ ਇਵੇਹਾ ਜੀਵਿਆ ਜਿਤੁ ਖਾਇ ਵਧਾਇਆ ਪੇਟੁ ॥
ਨਾਨਕ ਸਚੇ ਨਾਮ ਵਿਣੁ ਸਭੋ ਦੁਸਮਨੁ ਹੇਤੁ ॥ (ਮ: 1—790)
25. ਧ੍ਰਿਗੁ ਤਿਨਾ ਕਾ ਜੀਵਿਆ ਜਿ ਲਿਖਿ ਲਿਖਿ ਵੇਚਹਿ ਨਾਉ ॥
ਖੇਤੀ ਜਿਨ ਕੀ ਉਜੜੈ ਖਲਵਾੜੇ ਕਿਆ ਥਾਉ ॥ (ਮ: 1—1245)
26. ਖਾਂਦਿਆ ਖਾਂਦਿਆ ਮੁਹੁ ਘਠਾ ਪੈਨੰਦਿਆ ਸਭੁ ਅੰਗੁ ॥
ਨਾਨਕ ਧ੍ਰਿਗੁ ਤਿਨਾ ਦਾ ਜੀਵਿਆ ਜਿਨ ਸਚਿ ਨ ਲਗੋ ਰੰਗੁ ॥ (ਮ:5, 523)
27. ਕਬੀਰ ਰੋੜਾ ਹੂਆ ਤ ਕਿਆ ਭਇਆ ਪੰਥੀ[18] ਕਉ ਦੁਖੁ ਦੇਇ ॥

---

10. ਅੱਗ 11. ਲੋਕਾਂ ਦੀ ਕੌਣ ਤਸੱਲੀ ਕਰਾ ਸਕਦਾ ਹੈ, ਉਨ੍ਹਾਂ ਨੂੰ ਕੌਣ ਖ਼ੁਸ਼ ਕਰ ਸਕਦਾ ਹੈ 12. ਹੰਕਾਰ; ਜੋ ਹੰਕਾਰ ਕਰਦੇ ਹਨ, ਉਨ੍ਹਾਂ ਨੂੰ ਸੂਲਾਂ ਚੁਭਦੀਆਂ ਹਨ, ਉਹ ਘੋਰ ਨਰਕਾ ਵਿੱਚ ਪੈ ਕੇ ਵਿਲਕਦੇ ਹਨ 13. ਕੂੜ, ਝੂਠ, 14. ਖਾਲੀ 15. ਨਾਮ-ਵਿਹੂਣੇ ਆਦਮੀ ਨਾਲੋਂ ਤਾਂ ਪਸ਼ੂ ਚੰਗੇ ਹਨ ਜੋ ਘਾਹ ਖਾ ਕੇ ਦੁੱਧ (ਅੰਮ੍ਰਿਤ) ਦਿੰਦੇ ਹਨ 16. ਬੰਧਨ ਜਾਂ ਮਜਬੂਰੀ ਨਾਲ ਸੇਵਾ ਜਾਂ ਭਗਤੀ ਕਰਨ ਦਾ ਕੋਈ ਲਾਭ ਨਹੀਂ 17. ਹਜ਼ਾਰ 18. ਮੁਸਾਫ਼ਰ ।

ਐਸਾ ਤੇਰਾ ਦਾਸੁ ਹੈ ਜਿਉ ਧਰਨੀ[19] ਮਹਿ ਖੇਹ ॥
ਕਬੀਰ ਖੇਹ ਹੂਈ ਤਉ ਕਿਆ ਭਇਆ ਜੌ ਉਡਿ ਲਾਗੈ ਅੰਗ ॥
ਹਰਿ ਜਨੁ ਐਸਾ ਚਾਹੀਐ ਜਿਉ ਪਾਨੀ ਸਰਬੰਗ[20] ॥
ਕਬੀਰ ਪਾਨੀ ਹੂਆ ਤ ਕਿਆ ਭਇਆ ਸੀਰਾ[21] ਤਾਤਾ ਹੋਇ ॥
ਹਰਿ ਜਨੁ ਐਸਾ ਚਾਹੀਐ ਜੈਸਾ ਹਰਿ ਹੀ ਹੋਇ ॥ (ਕਬੀਰ, 1372)

28. ਕਬੀਰ ਮੇਰਾ ਮੁਝ ਮਹਿ ਕਿਛੁ ਨਹੀ ਜੋ ਕਿਛੁ ਹੈ ਸੋ ਤੇਰਾ ॥
ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ ॥ (ਕਬੀਰ, 1375)

29. ਕਬੀਰਾ ਜਹਾ ਗਿਆਨੁ ਤਹ ਧਰਮੁ ਹੈ ਜਹਾ ਝੂਠੁ ਤਹ ਪਾਪੁ ॥
ਮਹਾ ਲੋਭੁ ਤਹ ਕਾਲੁ ਹੈ ਜਹਾ ਖਿਮਾ ਤਹ ਆਪਿ ॥ (ਕਬੀਰ, 1372)

30. ਕਬੀਰ ਸੋਈ ਮੁਖੁ ਧੰਨਿ ਹੈ ਜਾ ਮੁਖਿ ਕਹੀਐ ਰਾਮੁ ॥
ਦੇਹੀ ਕਿਸ ਕੀ ਬਾਪੁਰੀ[22] ਪਵਿਤ੍ਰੁ ਹੋਇਗੋ ਗ੍ਰਾਮੁ ॥
ਕਬੀਰ ਸੋਈ ਕੁਲ ਭਲੀ ਜਾ ਕੁਲ ਹਰਿ ਕੋ ਦਾਸੁ ॥
ਜਿਹ ਕੁਲ ਦਾਸੁ ਨ ਊਪਜੈ ਸੋ ਕੁਲ [23]ਢਾਕੁ ਪਲਾਸੁ ॥ (ਕਬੀਰ, 1370)

31. ਕਬੀਰ ਚਕਈ[24] ਜਉ ਨਿਸਿ[25] ਬੀਛੁਰੈ ਆਇ ਮਿਲੈ ਪਰਭਾਤਿ ॥
ਜੋ ਨਰ ਬਿਛੁਰੇ ਰਾਮ ਸਿਉ ਨਾ ਦਿਨ ਮਿਲੇ ਨ ਰਾਤਿ ॥ (ਕਬੀਰ, 1371)

32. ਕਬੀਰ ਸਾਧੂ ਕਉ ਮਿਲਨੇ ਜਾਈਐ ਸਾਥਿ ਨ ਲੀਜੈ ਕੋਇ ॥
ਪਾਛੈ ਪਾਉ ਨ ਦੀਜੀਐ ਆਗੈ ਹੋਇ ਸੁ ਹੋਇ ॥ (ਕਬੀਰ, 1370)

33. ਕਬੀਰ ਸੂਤਾ ਕਿਆ ਕਰਹਿ ਬੈਠਾ ਰਹੁ ਅਰੁ ਜਾਗੁ ॥
ਜਾ ਕੇ ਸੰਗ ਤੇ ਬੀਛੁਰਾ ਤਾਹੀ ਕੇ ਸੰਗ ਲਾਗੁ ॥ (ਕਬੀਰ, 1371)

34. ਫਰੀਦਾ ਜਿਨੀ ਕੰਮੀ ਨਾਹਿ ਗੁਣ ਤੇ ਕੰਮੜੇ ਵਿਸਾਰਿ ॥
ਮਤੁ ਸਰਮਿੰਦਾ ਥੀਵਹੀ ਸਾਂਈ ਦੈ ਦਰਬਾਰਿ ॥ (ਫਰੀਦ, 1381)

35. ਫਰੀਦਾ ਸਕਰ ਖੰਡੁ ਨਿਵਾਤ[26] ਗੁੜੁ ਮਾਖਿਓ ਮਾਂਝਾ ਦੁਧੁ ॥
ਸਭੇ ਵਸਤੂ ਮਿਠੀਆਂ ਰਬ ਨ ਪੁਜਨਿ ਤੁਧੁ ॥ (ਫਰੀਦ, 1379)

36. ਸੂਮਹਿ[27] ਧਨੁ ਰਾਖਨ ਕਉ ਦੀਆ ਮੁਗਧੁ[28] ਕਹੈ ਧਨੁ ਮੇਰਾ ॥
ਜਮ ਕਾ ਡੰਡੁ ਮੂੰਡ ਮਹਿ ਲਾਗੈ ਖਿਨ ਮਹਿ ਕਰੈ ਨਿਬੇਰਾ ॥ (ਕਬੀਰ, 479)

37. [29]ਥਾਕਾ ਤੇਜੁ ਉਡਿਆ ਮਨੁ ਪੰਖੀ ਘਰਿ ਆਂਗਨਿ ਨ ਸੁਖਾਈ ॥
ਬੇਣੀ ਕਹੈ ਸੁਨਹੁ ਰੇ ਭਗਤਹੁ ਮਰਨ ਮੁਕਤਿ ਕਿਨਿ ਪਾਈ ॥ (ਬੇਣੀ, 93)

---

19. ਧਰਤੀ ਦੀ ਖ਼ਾਕ ਸਮਾਨ 20. ਨਿਰਾ ਪਾਣੀ 21. ਠੰਡਾ-ਤੱਤਾ 22. ਵਿਚਾਰੀ 23. ਢਾਕ-ਪਲਾਸ ਫੁੱਲ-ਹੀਣ ਪੌਦੇ ਹਨ 24. ਚਕਵੀ 25. ਰਾਤ 26. ਮਿਸ਼ਰੀ 27. ਸੂਮ, ਕੰਜੂਸ 28. ਮੂਰਖ 29. ਜਦ ਆਤਮਾ ਦਾ ਪੰਛੀ ਸਰੀਰ ਵਿੱਚੋਂ ਉਡ ਗਿਆ ਤਾਂ ਮੁਰਦਾ ਵਿਹੜੇ ਵਿੱਚ ਪਿਆ ਚੰਗਾ ਨਹੀਂ ਲਗਦਾ। ਬੇਣੀ ਜੀ ਕਹਿੰਦੇ ਹਨ ਮਰਨ ਤੋਂ ਬਾਅਦ ਮੁਕਤੀ ਕਿਸ ਨੇ ਪ੍ਰਾਪਤ ਕੀਤੀ ਹੈ ? ਭਾਵ ਜਿਸ ਨੇ ਮੁਕਤੀ ਪ੍ਰਾਪਤ ਕੀਤੀ ਹੈ ਜੀਂਦੇ-ਜੀਅ ਕੀਤੀ ਹੈ।

38. ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ ॥
ਤੇ ਨਰ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ ॥ (ਰਵਿਦਾਸ, 1377)

39. ਕਬੀਰ ਸੇਵਾ ਕਉ ਦੁਇ ਭਲੇ ਏਕੁ ਸੰਤੁ ਇਕੁ ਰਾਮੁ ॥
ਰਾਮੁ ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ ॥ (ਕਬੀਰ, 1373)

40. ਸਾਥਿ ਨ ਚਾਲੈ ਬਿਨੁ ਭਜਨ ਬਿਖਿਆ ਸਗਲੀ ਛਾਰੁ ॥
ਹਰਿ ਹਰਿ ਨਾਮੁ ਕਮਾਵਨਾ ਨਾਨਕ ਇਹੁ ਧਨੁ ਸਾਰੁ ॥ (ਮ: 5—288)

ਮਾਂਗ (ਮੰਗ)

ਅਸੀਂ ਸਭ ਆਪਣੀ ਤੁੱਛ ਬੁੱਧੀ ਅਨੁਸਾਰ ਮਾਲਿਕ ਅਤੇ ਸਤਿਗੁਰੂ ਤੋਂ ਅਨੇਕ ਪ੍ਰਕਾਰ ਦੀਆਂ ਮੰਗਾਂ ਮੰਗਦੇ ਹਾਂ। ਅਸੀਂ ਇਹ ਨਹੀਂ ਸੋਚਦੇ ਕਿ ਨਾਸ਼ਵਾਨ ਜਗਤ ਦੀ ਕੋਈ ਚੀਜ਼ ਅਮਲ ਵਿੱਚ ਮੰਗਣ-ਯੋਗ ਨਹੀਂ ਹੈ। ਜੀਵ ਅਗਿਆਨੀ ਹੈ। ਪਰਮੇਸ਼ਰ ਸਰਵ-ਗਿਆਤਾ ਅਤੇ ਦਇਆਲੂ ਹੈ। ਕੇਵਲ ਪਰਮੇਸ਼ਰ ਨੂੰ ਹੀ ਗਿਆਨ ਹੈ ਕਿ ਸਾਡਾ ਅਸਲ ਭਲਾ ਕਿਸ ਗੱਲ ਵਿੱਚ ਹੈ। ਇਸ ਲਈ ਬਜਾਏ ਪਰਮੇਸ਼ਰ ਅੱਗੇ ਅਰਜੋਈ ਕਰਨ ਦੇ ਕਿ ਉਹ ਸਾਡੇ ਮਨ ਦੀਆਂ ਪੈਦਾ ਕੀਤੀਆਂ ਮੰਗਾਂ ਪੂਰੀਆਂ ਕਰੇ, ਸਾਨੂੰ ਚਾਹੀਦਾ ਹੈ ਕਿ ਉਸ ਸਰਵ-ਗਿਆਤਾ ਅਤੇ ਕ੍ਰਿਪਾਲੂ ਮਾਲਿਕ 'ਤੇ ਭਰੋਸਾ ਰੱਖਦੇ ਹੋਏ, ਆਪਣੇ ਮਨ ਨੂੰ ਉਸ ਦੀ ਮਰਜ਼ੀ ਮੁਤਾਬਿਕ ਢਾਲੀਏ ਅਤੇ ਸਦਾ ਉਸ ਦੇ ਭਾਣੇ ਵਿੱਚ ਅਪਣੀ ਬਿਹਤਰੀ ਸਮਝੀਏ। ਜਿਹੜੀਆਂ ਸੰਸਾਰਕ ਦਾਤਾਂ ਪਰਮੇਸ਼ਰ ਤੋਂ ਮੰਗਦੇ ਹਾਂ, ਸਮਾਂ ਪਾ ਕੇ ਸੁੱਖਾਂ ਦੀ ਬਜਾਏ ਦੁੱਖਾਂ ਦਾ ਕਾਰਨ ਬਣ ਜਾਂਦੀਆਂ ਹਨ। ਜਿਨ੍ਹਾਂ ਚੀਜ਼ਾਂ ਦੀ ਪਰਮੇਸ਼ਰ ਤੋਂ ਮੰਗ ਕਰਦੇ ਹਾਂ, ਉਨ੍ਹਾਂ ਨਾਲ ਮੋਹ-ਪਿਆਰ ਪੈਦਾ ਹੋ ਜਾਂਦਾ ਹੈ ਅਤੇ ਇਹ ਮੋਹ ਸਾਨੂੰ ਚੁਰਾਸੀ ਦੇ ਚੱਕਰ ਵਿੱਚ ਫਸਾ ਦਿੰਦਾ ਹੈ।

ਮਹਾਤਮਾ ਸਮਝਾਉਂਦੇ ਹਨ ਕਿ ਕੁਲ ਮਾਲਕ ਤੋਂ ਐਸੀਆਂ ਅਮਰ ਦਾਤਾਂ ਮੰਗਣੀਆਂ ਚਾਹੀਦੀਆਂ ਹਨ ਜੋ ਸੱਚੇ ਆਨੰਦ ਅਤੇ ਸਦੀਵੀ ਸ਼ਾਂਤੀ ਦਾ ਕਾਰਨ ਹੋਣ। ਮਾਲਕ ਤੋਂ ਕੁਲ ਮਾਲਕ ਮੰਗਣਾ ਚਾਹੀਦਾ ਹੈ, ਜਾਂ ਫਿਰ ਨਾਮ ਅਤੇ ਪਰਮੇਸ਼ਰ ਨਾਲ ਮਿਲਾਪ ਕਰਾਉਣ ਵਾਲਾ ਪੂਰਨ ਸਤਿਗੁਰੂ ਮੰਗਣਾ ਚਾਹੀਦਾ ਹੈ। ਕੁਲ ਮਾਲਕ ਅਤੇ ਪੂਰਨ ਸਤਿਗੁਰੂ ਤੋਂ ਉਸ ਦੇ ਦਰਸ਼ਨ, ਸਤਿਸੰਗ, ਉਸ ਦੀ ਸ਼ਰਨ, ਭਜਨ-ਸਿਮਰਨ ਅਤੇ ਭਾਣੇ ਦਾ ਪਿਆਰ, ਹੁਕਮ ਵਿੱਚ ਚੱਲਣ ਦਾ ਬਲ, ਮਨ-

ਇੰਦਰੀਆਂ ਉੱਤੇ ਜਿੱਤ ਪ੍ਰਾਪਤ ਕਰਨ ਦੀ ਸ਼ਕਤੀ ਅਤੇ ਭਵ-ਸਾਗਰ ਸੰਸਾਰ ਤੋਂ ਪਾਰ ਉਤਰਨ ਦੀ ਸਮਰੱਥਾ ਮੰਗਣੀ ਚਾਹੀਦੀ ਹੈ । ਕੁਲ ਮਾਲਕ ਅਤੇ ਸਤਿਗੁਰੂ ਐਸੀਆਂ ਸ਼ੁਭ ਮੰਗਾਂ ਦੀ ਪੂਰਤੀ ਦੇ ਸਮਰੱਥ ਵੀ ਹੁੰਦੇ ਹਨ ਅਤੇ ਇਨ੍ਹਾਂ ਨੂੰ ਪੂਰਾ ਕਰਕੇ ਪ੍ਰਸੰਨ ਵੀ ਹੁੰਦੇ ਹਨ ।

1. ਵਿਣੁ ਤੁਧੁ ਹੋਰੁ ਜਿ ਮੰਗਣਾ ਸਿਰਿ ਦੁਖਾ ਕੈ ਦੁਖ ॥
ਦੇਹਿ ਨਾਮੁ ਸੰਤੋਖੀਆ ਉਤਰੈ ਮਨ ਕੀ ਭੁਖ ॥ (ਮ: 5—948)
2. ਦੁਇ ਕਰ ਜੋੜਿ ਮਾਗਉ ਇਕੁ ਦਾਨਾ ਸਾਹਿਬਿ ਤੁਠੈ ਪਾਵਾ[1] ॥
ਸਾਸਿ ਸਾਸਿ ਨਾਨਕੁ ਆਰਾਧੇ ਆਠ ਪਹਰ ਗੁਣ ਗਾਵਾ ॥ (ਮ: 5—749)
3. ਦਿਨੁ ਰੈਣਿ ਸਾਸਿ ਸਾਸਿ ਗੁਣ ਗਾਵਾ ਜੇ ਸੁਆਮੀ ਤੁਧੁ ਭਾਵਾ ॥
ਨਾਮੁ ਤੇਰਾ ਸੁਖੁ ਨਾਨਕੁ ਮਾਗੈ ਸਾਹਿਬ ਤੁਠੈ ਪਾਵਾ ॥ (ਮ: 5—747)
4. [2]ਖੁਧਿਆਵੰਤੁ ਨ ਜਾਣਈ ਲਾਜ ਕੁਲਾਜ ਕੁਬੋਲ ॥
ਨਾਨਕੁ ਮਾਂਗੈ ਨਾਮੁ ਹਰਿ ਕਰਿ ਕਿਰਪਾ ਸੰਜੋਗ ॥ (ਮ: 5—317)
5. ਕਾਮ ਕ੍ਰੋਧ ਲੋਭ ਝੂਠ ਨਿੰਦਾ ਇਨ ਤੇ ਆਪਿ ਛਡਾਵਹੁ ॥
ਇਹ ਭੀਤਰ ਤੇ ਇਨ ਕਉ ਡਾਰਹੁ ਆਪਨ ਨਿਕਟਿ ਬੁਲਾਵਹੁ ॥ (ਮ: 5,617)
6. ਸਤਿਗੁਰ ਭੀਖਿਆ ਦੇਹਿ ਮੈ ਤੂੰ ਸੰਮ੍ਰਥੁ ਦਾਤਾਰੁ ॥
ਹਉਮੈ ਗਰਬੁ[3] ਨਿਵਾਰੀਐ [4]ਕਾਮੁ ਕ੍ਰੋਧੁ ਅਹੰਕਾਰੁ ॥ (ਮ: 1—790)
7. ਨਿਰਗੁਣੁ ਮੁਗਧੁ ਅਜਾਣੁ ਅਗਿਆਨੀ ਕਰਮ ਧਰਮ ਨਹੀ ਜਾਣਾ ॥
ਦਇਆ ਕਰਹੁ ਨਾਨਕੁ ਗੁਣ ਗਾਵੈ ਮਿਠਾ ਲਗੈ ਤੇਰਾ ਭਾਣਾ ॥(ਮ: 5—748)
8. ਜਿਨੀ ਗੁਰਮੁਖਿ ਨਾਮੁ ਸਲਾਹਿਆ ਤਿਨਾ ਸਭ ਕੋ ਕਹੈ ਸਾਬਾਸਿ ॥
ਤਿਨ ਕੀ ਸੰਗਤਿ ਦੇਹਿ ਪ੍ਰਭ ਮੈ ਜਾਚਿਕ[5] ਕੀ ਅਰਦਾਸਿ ॥ (ਮ: 4—42)
9. ਤੂ ਅਥਾਹੁ ਅਪਾਰ ਅਤਿ ਊਚਾ ਕੋਈ ਅਵਰੁ ਨ ਤੇਰੀ ਭਾਤੇ[6] ॥
ਇਹ ਅਰਦਾਸਿ ਹਮਾੜੀ ਸੁਆਮੀ ਵਿਸਰੁ ਨਾਹੀ ਸੁਖ ਦਾਤੇ ॥ (ਮ: 5—747)
10. ਤੁਧੁ ਆਗੈ ਅਰਦਾਸਿ ਹਮਾਰੀ ਜੀਉ ਪਿੰਡੁ ਸਭੁ ਤੇਰਾ ॥
ਕਹੁ ਨਾਨਕ ਸਭ ਤੇਰੀ ਵਡਿਆਈ ਕੋਈ ਨਾਉ ਨ ਜਾਣੈ ਮੇਰਾ ॥ (383)
11. ਕਰਮਹੀਣ ਧਨ ਕਰੈ ਬਿਨੰਤੀ ਕਦਿ ਨਾਨਕ ਆਵੈ ਵਾਰੀ ॥

1. ਦਇਆਲ ਹੋਵੇ, ਦਇਆ ਕਰੇ 2. ਭੁੱਖਾ; ਭੁੱਖੇ ਨੂੰ ਆਦਰ, ਨਿਰਾਦਰ ਦੀ ਪਰਵਾਹ ਨਹੀਂ ਹੁੰਦੀ 3. ਹੰਕਾਰ 4. ਦੂਰ ਕਰ ਦਿਓ 5. ਮੰਗਤਾ 6. ਤੇਰੇ ਵਰਗਾ ਹੋਰ ਕੋਈ ਨਹੀਂ ।

ਸਭਿ ਸੁਹਾਗਣਿ ਮਾਣਹਿ ਰਲੀਆ ਇਕ ਦੇਵਹੁ ਰਾਤਿ ਮੁਰਾਰੀ[7] ॥ (959)

12. ਸਭੇ ਕੰਤੈ ਰਤੀਆ ਮੈ ਦੋਹਾਗਣਿ ਕਿਤੁ ॥
ਮੈ ਤਨਿ ਅਵਗਣ ਏਤੜੇ ਖਸਮੁ ਨ ਫੇਰੇ ਚਿਤੁ ॥ (ਮ: 1—790)

13. ਹੇ ਠਾਕੁਰ ਹਉ ਦਾਸਰੋ ਮੈ ਨਿਰਗੁਨ ਗੁਨੁ ਨਹੀ ਕੋਇ ॥
ਨਾਨਕ ਦੀਜੈ ਨਾਮ ਦਾਨੁ ਰਾਖਉ ਹੀਐ ਪਰੋਇ[8] ॥ (ਮ: 5—261)

14. ਹਮ ਭੀਖਕ ਭੇਖਾਰੀ ਤੇਰੇ ਤੂ ਨਿਜਪਤਿ ਹੈ ਦਾਤਾ ॥
ਹੋਹੁ ਦੈਆਲ ਨਾਮੁ ਦੇਹੁ ਮੰਗਤ ਜਨ ਕੰਉ ਸਦਾ ਰਹਉ ਰੰਗਿ ਰਾਤਾ ॥
ਬਹੁਤੇ ਫੇਰ ਪਏ ਕਿਰਪਨ ਕਉ ਅਬ ਕਿਛੁ ਕਿਰਪਾ ਕੀਜੈ ॥
ਹੋਹੁ ਦਇਆਲ ਦਰਸਨੁ ਦੇਹੁ ਅਪੁਨਾ ਐਸੀ ਬਖਸ ਕਰੀਜੈ ॥ (ਮ: 3—666)

15. ਚਰਨ ਤੁਮ੍ਾਰੇ ਹਿਰਦੈ ਵਾਸਹਿ ਸੰਤਨ ਕਾ ਸੰਗੁ ਪਾਵਉ ॥
ਸੋਗ ਅਗਨਿ ਮਹਿ ਮਨੁ ਨ ਵਿਆਪੈ ਆਠ ਪਹਰ ਗੁਣ ਗਾਵਉ ॥ (682)

16. ਅਨੇਕ ਜਨਮ ਪਾਪ ਕਰਿ ਭਰਮੇ ਹੁਣਿ ਤਉ ਸਰਣਾਗਤਿ ਆਏ ॥
ਦਇਆ ਕਰਹੁ ਰਖਿ ਲੇਵਹੁ ਹਰਿ ਜੀਉ ਹਮ ਲਾਗਹ ਸਤਿਗੁਰ ਪਾਏ ॥(1114)

17. ਸੁਣਿ ਸੁਣਿ ਜੀਵਾ ਸੋਇ[9] ਤਿਨਾ ਕੀ ਜਿਨ੍ ਅਪੁਨਾ ਪ੍ਰਭੁ ਜਾਤਾ ॥
ਹਰਿਨਾਮੁ ਅਰਾਧਹਿ ਨਾਮੁ ਵਖਾਣਹਿ ਹਰਿਨਾਮੇ ਹੀ ਮਨੁ ਰਾਤਾ ॥
ਸੇਵਕੁ ਜਨ ਕੀ ਸੇਵਾ ਮਾਗੈ ਪੂਰੈ ਕਰਮਿ ਕਮਾਵਾ ॥
ਨਾਨਕ ਕੀ ਬੇਨੰਤੀ ਸੁਆਮੀ ਤੇਰੇ ਜਨ ਦੇਖਣੁ ਪਾਵਾ ॥ (ਮ: 5—802)

---

7. ਮੁਰ ਰਾਕਸ਼ਸ ਨੂੰ ਮਾਰਨ ਵਾਲਾ ਕ੍ਰਿਸ਼ਨ, ਭਾਵ ਪਰਮੇਸ਼ਰ 8. ਹਿਰਦੇ ਵਿੱਚ ਪਰੋ ਕੇ ਰੱਖਾਂ, 9. ਖ਼ਬਰ, ਮਹਿਮਾ ।

ਬੇਨਤੀ

ਬੇਨਤੀ ਜਾਂ ਅਰਦਾਸ ਵਿੱਚ ਭਾਰੀ ਸ਼ਕਤੀ ਹੈ। ਸੱਚੇ ਹਿਰਦੇ ਵਿੱਚੋਂ ਨਿਕਲੀ ਪੁਕਾਰ ਮਾਲਕ ਦੀ ਦਰਗਾਹ ਵਿੱਚ ਪਹੁੰਚਦੀ ਹੈ। ਪਰੰਤੂ ਬੇਨਤੀ ਸਦਾ ਉੱਚੀ-ਸੁੱਚੀ ਦਾਤ ਲਈ ਕਰਨੀ ਚਾਹੀਦੀ ਹੈ।

ਬੇਨਤੀ ਮਨ ਨੂੰ ਝੂਠੇ ਅਭਿਮਾਨ ਤੋਂ ਖ਼ਾਲੀ ਕਰ ਕੇ, ਪ੍ਰੇਮ-ਭਰੋਸੇ ਅਤੇ ਨਿਮਰਤਾ ਨਾਲ ਕਰਨੀ ਚਾਹੀਦੀ ਹੈ। ਸੱਚਾ ਸਾਧਕ ਧਨ-ਦੌਲਤ, ਜੋਬਨ-ਸੁੰਦਰਤਾ, ਪੁੱਤਰ-ਕਲੱਤਰ, ਇਲਮ-ਹੁਨਰ, ਜਾਤ-ਕੁਲ ਆਦਿ ਦਾ ਮਾਨ ਨਹੀਂ ਕਰਦਾ। ਉਹ ਨਿਮਾਣਾ, ਨਿਤਾਣਾ ਬਣ ਕੇ ਮਾਲਕ ਦੀ ਦਇਆ-ਮਿਹਰ ਲਈ ਅਰਜੋਈ ਕਰਦਾ ਹੈ। ਉਹਦੀ ਨਿਗਾਹ ਆਪਣੇ ਗੁਣਾਂ ਉੱਤੇ ਨਹੀਂ ਔਗੁਣਾਂ ਉੱਤੇ ਹੁੰਦੀ ਹੈ। ਸੱਚਾ ਪ੍ਰੇਮੀ ਕਦੇ ਸੰਸਾਰ ਦੀਆਂ ਨਾਸ਼ਵਾਨ ਵਸਤਾਂ ਲਈ ਬੇਨਤੀ ਨਹੀਂ ਕਰਦਾ। ਉਹ ਆਪਣੇ ਪ੍ਰੀਤਮ ਤੋਂ ਕੇਵਲ ਪ੍ਰੀਤਮ ਨੂੰ ਹੀ ਮੰਗਦਾ ਹੈ।

ਪ੍ਰੇਮੀ ਆਜਿਜ਼ ਤੇ ਨਿਮਰ ਹੋ ਕੇ ਬੇਨਤੀ ਕਰਦਾ ਹੈ : ਹੇ ਮਾਲਿਕ ! ਮੈਂ ਅਪਰਾਧੀ ਹਾਂ, ਪਾਪੀ ਹਾਂ, ਅਵਗੁਣਾਂ ਨਾਲ ਭਰਿਆ ਪਿਆ ਹਾਂ। ਜੇਕਰ ਮੇਰੇ ਅਵਗੁਣਾਂ ਤੇ ਗੁਨਾਹਾਂ ਦਾ ਹਿਸਾਬ ਕੀਤਾ ਜਾਵੇ ਤਾਂ ਮੈਂ ਕਦਾਚਿਤ ਵੀ ਬਖ਼ਸ਼ਿਸ਼ ਦਾ ਹੱਕਦਾਰ ਨਹੀਂ ਹੋ ਸਕਦਾ। ਮੈਂ ਪਾਪੀ ਹਾਂ ਤੁਸੀਂ ਪਾਪ-ਖੰਡਨ ਹੋ। ਮੈਂ ਗੁਨਾਹਗਾਰ ਹਾਂ, ਤੁਸੀਂ ਬਖ਼ਸ਼ਣਹਾਰ ਹੋ ! ਮੈਂ ਕਦੇ ਭਜਨ-ਸਿਮਰਨ ਅਥਵਾ ਸੰਤਾਂ ਦਾ ਸਤਿਸੰਗ ਨਹੀਂ ਕੀਤਾ, ਸਦਾ ਵਿਸ਼ਿਆਂ ਵਿੱਚ ਹੀ ਰੱਤਿਆ ਰਿਹਾ ਹਾਂ। ਮੇਰੇ ਉੱਤੇ ਕ੍ਰਿਪਾ ਕਰੋ। ਮੇਰੇ ਪਿਛਲੇ ਅਵਗੁਣਾਂ ਨੂੰ ਬਖ਼ਸ਼ ਕੇ ਅੱਗੇ ਲਈ ਸਿੱਧੇ ਮਾਰਗ ਉੱਤੇ ਪਾਵੋ। ਤੁਸੀਂ ਸਦਾ ਅੰਗ-ਸੰਗ ਹੋ ਕੇ ਮੇਰੀ ਸੰਭਾਲ ਕਰੋ ਅਤੇ ਆਪਣੀ ਸੱਚੀ ਭਗਤੀ ਦਾ ਸੱਚਾ ਤਰੀਕਾ ਦੱਸੋ। ਮੈਨੂੰ ਸੱਚੀ ਪ੍ਰੀਤ-ਪ੍ਰਤੀਤ ਬਖਸ਼ੋ ਅਤੇ ਜਨਮਾਂ-ਜਨਮਾਂ ਦੇ ਵਿਛੜੇ ਹੋਏ ਨੂੰ ਆਪਣੇ ਨਾਲ ਮਿਲਾ ਲਵੋ।

1. **ਲੇਖੈ ਕਤਹਿ ਨ ਛੂਟੀਐ ਖਿਨੁ ਖਿਨੁ ਭੂਲਨਹਾਰ ॥**
   ਬਖਸਨਹਾਰ ਬਖਸਿ ਲੈ ਨਾਨਕ ਪਾਰਿ ਉਤਾਰ ॥ (ਮ: 5—261)
2. **ਮੋਹ ਭਰਮ ਬੂਡਤ[1] ਘਣੋ ਮਹਾ ਨਰਕ ਮਹਿ ਵਾਸ ॥**
   ਕਰਿ ਕਿਰਪਾ ਪ੍ਰਭ ਰਾਖਿ ਲੇਹੁ ਨਾਨਕ ਤੇਰੀ ਆਸ ॥ (ਮ: 5—297)
3. **ਤੁਧੁ ਭਾਵੈ ਤਾ ਬਖਸਿ ਲੈਹਿ ਖੋਟੇ ਸੰਗਿ ਖਰੇ ॥**

---

1. ਡੂੰਘੇ ਥਾਂ ਡੁੱਬਦੇ ਜਾਂਦੇ ਨੂੰ।

ਨਾਨਕ ਭਾਵੈ ਪਾਰਬ੍ਰਹਮ ਪਾਹਨ[2] ਨੀਰਿ ਤਰੇ ॥ (ਮ: 5—261)

4. ਅਸੀ ਖਤੇ[3] ਬਹੁਤੁ ਕਮਾਵਦੇ ਅੰਤੁ ਨ ਪਾਰਾਵਾਰੁ ॥
ਹਰਿ ਕਿਰਪਾ ਕਰਿ ਕੈ ਬਖਸਿ ਲੈਹੁ ਹਉ ਪਾਪੀ ਵਡ ਗੁਨਹਗਾਰ ॥ (1416)

5. ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ ॥
ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ ॥ (ਮ: 3—853)

6. ਕਿਛੁ ਰੂਪੁ ਨਹੀ ਕਿਛੁ ਜਾਤਿ ਨਾਹੀ ਕਿਛੁ ਢੰਗੁ ਨ ਮੇਰਾ ॥
ਕਿਆ ਮੁਹੁ ਲੈ ਬੋਲਹ ਗੁਣ ਬਿਹੂਨ[4] ਨਾਮੁ ਜਪਿਆ ਨ ਤੇਰਾ ॥ (167)

7. ਰੂਪ ਹੀਨ ਬੁਧਿ ਬਲ ਹੀਨੀ ਮੋਹਿ ਪਰਦੇਸਨਿ ਦੂਰ ਤੇ ਆਈ ॥
[5]ਨਾਹਿਨ ਦਰਬੁ ਨ ਜੋਬਨ ਮਾਤੀ ਮੋਹਿ ਅਨਾਥ ਕੀ ਕਰਹੁ ਸਮਾਈ ॥ (204)

8. ਜੇਤਾ ਸਮੁੰਦੁ ਸਾਗਰੁ ਨੀਰਿ ਭਰਿਆ ਤੇਤੇ ਅਉਗਣ ਹਮਾਰੇ ॥
ਦਇਆ ਕਰਹੁ ਕਿਛੁ ਮਿਹਰ ਉਪਾਵਹੁ ਡੁਬਦੇ ਪਥਰ ਤਾਰੇ ॥ (ਮ: 1—156)

9. ਕਹਾ ਕਹਉ ਮੈ ਅਪੁਨੀ ਕਰਨੀ ਜਿਹ ਬਿਧਿ ਜਨਮੁ ਗਵਾਇਓ ॥
ਕਹਿ ਨਾਨਕ ਸਭਿ ਅਉਗਨ ਮੋ ਮਹਿ ਰਾਖਿ ਲੇਹੁ ਸਰਨਾਇਓ ॥ (1232)

10. [6]ਜਿਹ ਘਰਿ ਕਥਾ ਹੋਤ ਹਰਿ ਸੰਤਨ ਇਕ ਨਿਮਖ ਨ ਕੀਨੋ ਮੈ ਫੇਰਾ ॥
[7]ਲੰਪਟ ਚੋਰ ਦੂਤ ਮਤਵਾਰੇ ਤਿਨ ਸੰਗਿ ਸਦਾ ਬਸੇਰਾ ॥
[8]ਕਾਮ ਕ੍ਰੋਧ ਮਾਇਆ ਮਦ ਮਤਸਰ ਏ ਸੰਪੈ ਮੋ ਮਾਹੀ ॥
ਦਇਆ ਧਰਮੁ ਅਰੁ ਗੁਰ ਕੀ ਸੇਵਾ ਏ ਸੁਪਨੰਤਰਿ[9] ਨਾਹੀ ॥ (ਕਬੀਰ, 971)

11. ਕਾਮ ਕ੍ਰੋਧ ਮਦ ਲੋਭ ਮੋਹ ਦੁਸਟ ਬਾਸਨਾ ਨਿਵਾਰਿ ॥
ਰਾਖਿ ਲੇਹੁ ਪ੍ਰਭ ਆਪਣੇ ਨਾਨਕ ਸਦ ਬਲਿਹਾਰਿ ॥ (ਮ: 5—523)

12. ਰਹਿਓ ਅਚੇਤ[10] ਨ ਚੇਤਿਓ ਗੋਬਿੰਦ [11]ਬਿਰਥਾ ਅਉਧ ਸਿਰਾਨੀ ॥
ਕਹੁ ਨਾਨਕ ਹਰਿ ਬਿਰਦੁ ਪਛਾਨਉ ਭੂਲੇ ਸਦਾ ਪਰਾਨੀ ॥ (ਮ: 9—633)

13. [12]ਪੰਚ ਬਿਖਾਦੀ ਏਕੁ ਗਰੀਬਾ ਰਾਖਹੁ ਰਾਖਨਹਾਰੇ ॥
[13]ਖੇਦੁ ਕਰਹਿ ਅਰੁ ਬਹੁਤੁ ਸੰਤਾਵਹਿ ਆਇਓ ਸਰਨਿ ਤੁਹਾਰੇ ॥(ਮ: 5—206)

14. ਅਨਿਕ ਜਨਮ ਬਹੁ ਜੋਨੀ ਭ੍ਰਮਿਆ ਬਹੁਰਿ ਬਹੁਰਿ ਦੂਖੁ ਪਾਇਆ ॥
ਤੁਮਰੀ ਕ੍ਰਿਪਾ ਤੇ ਮਾਨੁਖ ਦੇਹ ਪਾਈ ਹੈ ਦੇਹੁ ਦਰਸੁ ਹਰਿ ਰਾਇਆ ॥ (207)

---

2. ਪੱਥਰ; ਭਾਵ ਘੋਰ ਅਪਰਾਧੀ 3. ਘੋਰ ਪਾਪ 4. ਗੁਣ-ਹੀਣ 5. ਨਾ ਧਨ ਪੱਲੇ ਹੈ, ਨਾ ਜੋਬਨ, ਮੈਨੂੰ ਨਿਰਆਸਰਾ ਨੂੰ ਬਚਾ ਲਵੋ 6. ਵਿਸ਼ਿਆਂ ਵਿਕਾਰਾਂ ਨਾਲ ਭਰੇ ਹੋਏ 7. ਚੋਰਾਂ, ਯਾਰਾਂ ਸ਼ਰਾਬੀਆਂ ਆਦਿ ਨਾਲ ਸੰਗਤ ਹੈ 8. ਕਾਮ, ਕ੍ਰੋਧ, ਮਾਇਆ, ਸ਼ਰਾਬ, ਈਰਖਾ ਆਦਿ ਮੇਰੀ ਜਾਇਦਾਦ ਹੈ 9. ਸੁਪਨੇ ਵਿੱਚ 10. ਗ਼ਾਫ਼ਲ 11. ਉਮਰ ਵਿਅਰਥ ਬੀਤ ਗਈ 12. ਪੰਜ ਵਿਕਾਰ 13. ਦੁਖੀ ਕਰਦੇ ਹਨ ।

15. [14]ਸਾਦ ਬਿਕਾਰ ਬਿਖੈ ਰਸ ਮਾਤੋ ਅਸੰਖ ਖਤੇ ਕਰਿ ਫੇਰੇ ॥
ਨਾਨਕ ਕੀ ਪ੍ਰਭ ਪਾਹਿ ਬਿਨੰਤੀ ਕਾਟਹੁ ਅਵਗੁਣ ਮੇਰੇ ॥ (ਮ: 5—615)

16. ਸਾਧਸੰਗੁ ਕਬਹੂ ਨਹੀ ਕੀਨਾ ਨਹ ਕੀਰਤਿ[15] ਪ੍ਰਭ ਗਾਈ ॥
ਜਨ ਨਾਨਕ ਮੈ ਨਾਹਿ ਕੋਊ ਗੁਨੁ ਰਾਖਿ ਲੇਹੁ ਸਰਨਾਈ ॥ (ਮ: 9—632)

17. [16]ਹਉ ਨਾਹੀ ਕਿਛੁ ਮੈ ਕਿਆ ਹੋਸਾ ਸਭ ਤੁਮ ਹੀ ਕਲ ਧਾਰੀ ॥
ਨਾਨਕ ਭਾਗਿ ਪਰਿਓ ਹਰਿ ਪਾਛੈ ਰਾਖੁ ਸੰਤ ਸਦਕਾਰੀ ॥ (ਮ: 5—1209)

ਅੰਮ੍ਰਿਤ

ਜਿਸ ਦੇ ਸੇਵਨ ਨਾਲ ਜੀਵ ਅਮਰ, ਅਬਿਨਾਸ਼ੀ ਹੋ ਜਾਵੇ ਉਹੀ ਅੰਮ੍ਰਿਤ ਹੈ। ਧਰਮ ਗ੍ਰੰਥਾਂ ਵਿੱਚ ਅੰਮ੍ਰਿਤ ਦਾ ਜ਼ਿਕਰ ਆਉਂਦਾ ਹੈ। ਮੁਸਲਮਾਨ ਫ਼ਕੀਰਾਂ ਨੇ ਇਸ ਨੂੰ 'ਆਬਿ-ਹਯਾਤ' ਕਿਹਾ ਹੈ। ਸੰਤਾਂ-ਮਹਾਤਮਾਂ ਨੇ ਐਸੇ ਰੂਹਾਨੀ 'ਮਾਨ ਸਰੋਵਰ', ਅੰਮ੍ਰਿਤਸਰ ਜਾਂ 'ਚਸ਼ਮਾਇ ਕੌਸਰ' ਦਾ ਜ਼ਿਕਰ ਕੀਤਾ ਹੈ, ਜੋ ਅੰਮ੍ਰਿਤ ਨਾਲ ਭਰਪੂਰ ਹੈ। ਗੁਰੂ ਸਾਹਿਬਾਨ ਅਨੁਸਾਰ ਕੇਵਲ ਨਾਮ ਜਾਂ ਸ਼ਬਦ ਹੀ ਇੱਕੋ-ਇੱਕ ਅੰਮ੍ਰਿਤ ਹੈ; ਅਤੇ ਉਨ੍ਹਾਂ ਨੇ ਆਤਮਾ ਨੂੰ ਸ਼ਬਦ-ਰੂਪੀ ਅੰਮ੍ਰਿਤ ਦੇ ਸਰੋਵਰ ਵਿੱਚ ਇਸ਼ਨਾਨ ਕਰਨ ਲਈ ਉਪਦੇਸ਼ ਦਿੱਤਾ ਹੈ।

ਇਹ ਅੰਮ੍ਰਿਤ ਹਰ ਇੱਕ ਦੀ ਕਾਇਆ ਅੰਦਰ ਨਉਂ ਦਰਵਾਜ਼ਿਆਂ ਤੋਂ ਉੱਪਰ ਦਸਵੀਂ ਗਲੀ ਵਿੱਚ ਬਰਸ ਰਿਹਾ ਹੈ। ਕੋਈ ਵੀ ਘਟ ਇਸ ਅੰਮ੍ਰਿਤ ਤੋਂ ਖ਼ਾਲੀ ਨਹੀਂ। ਇਹ ਸੱਚਾ ਅੰਮ੍ਰਿਤ ਬਾਹਰ ਨਹੀਂ, ਕੇਵਲ ਅੰਦਰਲੇ ਆਤਮਿਕ ਮੰਡਲਾਂ ਉੱਤੇ ਮਿਲਦਾ ਹੈ। ਇਸ ਨੂੰ ਪ੍ਰਾਪਤ ਕਰਨ ਲਈ ਸਰੀਰ ਰੂਪੀ ਘਰ ਦੇ ਅੰਦਰ ਪ੍ਰਵੇਸ਼ ਕਰਨਾ ਪੈਂਦਾ ਹੈ। ਸਾਡਾ ਸਰੀਰ ਆਤਮਾ ਦਾ ਨਿਵਾਸ-ਸਥਾਨ ਜਾਂ ਘਰ ਹੈ। ਇਸ ਘਰ ਦੇ ਨਉਂ ਦਰਵਾਜ਼ੇ ਪ੍ਰਗਟ ਹਨ, ਪਰ ਇਕ ਹੋਰ ਗੁਪਤ ਦਰ ਹੈ, ਜੋ ਅੱਖਾਂ ਦੇ ਪਿੱਛੇ ਹੈ। ਜਦੋਂ ਰੂਹ ਇਨ੍ਹਾਂ ਨੌਆਂ-ਦੁਆਰਿਆਂ ਤੋਂ ਸਿਮਟ ਕੇ ਦਸਵੀਂ ਗਲੀ ਵਿੱਚ ਆਉਂਦੀ ਹੈ, ਤਾਂ ਇਸ ਨੂੰ ਇਸ ਅੰਮ੍ਰਿਤ ਦੀ ਪ੍ਰਾਪਤੀ

14. ਵਿਸ਼ੇ-ਵਿਕਾਰਾਂ ਦੇ ਸੁਆਦ ਵਿੱਚ ਰੰਗਿਆ ਹੋਇਆ ਹਾਂ ਅਤੇ ਅਸੰਖ ਪਾਪ ਕੀਤੇ ਹਨ
15. ਉਪਮਾ, ਜਸ 16. ਹੇ ਪ੍ਰਭੂ ! ਮੈਨੂੰ ਨਿਰਗੁਣੀ ਨੂੰ ਸੰਤਾਂ ਦੇ ਸਦਕੇ, ਸੰਤਾਂ ਦੀ ਖ਼ਾਤਰ ਬਖ਼ਸ਼ ਦੇ।

ਹੁੰਦੀ ਹੈ । ਇਸ ਨਾਮ ਰੂਪੀ ਅੰਮ੍ਰਿਤ ਜਾਂ ਮਹਾਂ-ਰਸ ਦੀ ਪ੍ਰਾਪਤੀ ਗੁਰਮਤਿ ਵਿੱਚ ਆ ਕੇ ਹੁੰਦੀ ਹੈ "ਅੰਮ੍ਰਿਤ ਨਾਮ ਮਹਾਂ ਰਸ ਮੀਠਾ ਗੁਰਮਤੀ ਅੰਮ੍ਰਿਤ ਪੀਆਵਣਿਆ". (ਮ: 3, ਪੰ. 124) । ਇਸ ਅੰਮ੍ਰਿਤ ਨੂੰ ਆਪਣੇ ਅੰਦਰੋਂ ਪੀ ਕੇ ਅਮਰ ਹੋਣਾ ਹੀ ਸਾਡਾ ਮਨੁੱਖਾ ਦੇਹ ਧਾਰਨ ਦਾ ਅਸਲ ਮਨੋਰਥ ਹੈ ।

1. ਗੁਰ ਕੇ ਭਾਣੇ ਵਿਚਿ ਅੰਮ੍ਰਿਤੁ ਹੈ ਸਹਜੇ ਪਾਵੈ ਕੋਇ ॥
ਜਿਨਾ ਪਰਾਪਤਿ ਤਿਨ ਪੀਆ ਹਉਮੈ ਵਿਚਹੁ ਖੋਇ ॥ (ਮ: 3—31)
2. ਗੁਰ ਕਾ ਸਬਦੁ ਅੰਮ੍ਰਿਤੁ ਹੈ ਸਭ ਤ੍ਰਿਸਨਾ ਭੁਖ ਗਵਾਏ ॥
ਹਰਿ ਰਸੁ ਪੀ ਸੰਤੋਖੁ ਹੋਆ ਸਚੁ ਵਸਿਆ ਮਨਿ ਆਏ ॥ (ਮ: 3—850)
3. ਅੰਮ੍ਰਿਤੁ ਸਾਚਾ ਨਾਮੁ ਹੈ ਕਹਣਾ ਕਛੂ ਨ ਜਾਇ ॥
ਪੀਵਤ ਹੂ ਪਰਵਾਣੁ ਭਇਆ ਪੂਰੈ ਸਬਦਿ ਸਮਾਇ ॥ (ਮ: 3—33)
4. ਜਿਨ ਵਡਿਆਈ ਤੇਰੇ ਨਾਮ ਕੀ ਤੇ ਰਤੇ ਮਨ ਮਾਹਿ ॥
ਨਾਨਕ ਅੰਮ੍ਰਿਤੁ ਏਕੁ ਹੈ ਦੂਜਾ ਅੰਮ੍ਰਿਤੁ ਨਾਹਿ ॥
ਨਾਨਕ ਅੰਮ੍ਰਿਤੁ ਮਨੈ ਮਾਹਿ ਪਾਈਐ ਗੁਰਪਰਸਾਦਿ ॥
ਤਿਨੀ ਪੀਤਾ ਰੰਗ ਸਿਉ[1] ਜਿਨ ਕਉ ਲਿਖਿਆ ਆਦਿ ॥ (ਮ: 2—238)
5. ਸਾਹਿਬੁ ਸਫਲਿਓ ਰੁਖੜਾ ਅੰਮ੍ਰਿਤੁ ਜਾ ਕਾ ਨਾਉ ॥
ਜਿਨ ਪੀਆ ਤੇ ਤ੍ਰਿਪਤ[2] ਭਏ ਹਉ ਤਿਨ ਬਲਿਹਾਰੈ ਜਾਉ ॥ (ਮ: 1—557)
6. ਕਾਇਆ ਅੰਮ੍ਰਿਤਿ ਰਹੀ ਭਰਪੂਰੇ ਪਾਈਐ ਸਬਦਿ ਵੀਚਾਰੀ ॥
ਜੋ ਪ੍ਰਭੁ ਖੋਜਹਿ ਸੇਈ ਪਾਵਹਿ ਹੋਰਿ ਫੂਟਿ ਮੂਏ ਅਹੰਕਾਰੀ ॥ (ਮ: 3—911)
7. ਘਰ ਹੀ ਮਹਿ ਅੰਮ੍ਰਿਤੁ ਭਰਪੂਰੁ ਹੈ ਮਨਮੁਖਾ ਸਾਦੁ ਨ ਪਾਇਆ ॥
[3]ਜਿਉ ਕਸਤੂਰੀ ਮਿਰਗੁ ਨ ਜਾਣੈ ਭ੍ਰਮਦਾ ਭਰਮਿ ਭੁਲਾਇਆ ॥(ਮ: 3—644)
8. ਬਿਨੁ ਸਬਦੈ ਸਭੁ ਜਗੁ ਬਉਰਾਨਾ[4] ਬਿਰਥਾ ਜਨਮੁ ਗਵਾਇਆ ॥
ਅੰਮ੍ਰਿਤੁ ਏਕੋ ਸਬਦੁ ਹੈ ਨਾਨਕ ਗੁਰਮੁਖਿ ਪਾਇਆ ॥ (ਮ: 3—644)
9. [5]ਸੁਰਿ ਨਰ ਮੁਨਿ ਜਨ ਅੰਮ੍ਰਿਤੁ ਖੋਜਦੇ ਸੁ ਅੰਮ੍ਰਿਤੁ ਗੁਰ ਤੇ ਪਾਇਆ ॥
ਪਾਇਆ ਅੰਮ੍ਰਿਤੁ ਗੁਰਿ ਕ੍ਰਿਪਾ ਕੀਨੀ ਸਚਾ ਮਨਿ ਵਸਾਇਆ ॥(ਮ: 3—918)

1. ਜਿਨ੍ਹਾਂ ਦੇ ਧੁਰ-ਕਰਮ ਵਿੱਚ ਲਿਖਿਆ ਹੈ 2. ਸ਼ਾਂਤ ਹੋ ਗਏ, ਰੱਜ ਗਏ 3. ਜਿਸ ਤਰ੍ਹਾਂ ਕਸਤੂਰੀ ਹਿਰਨ ਦੇ ਅੰਦਰ ਹੁੰਦੀ ਹੈ ਪਰ ਬਾਹਰ ਲੱਭਦਾ ਫਿਰਦਾ ਹੈ, ਮਨਮੁਖ ਬਾਹਰੋਂ ਨਾਮ-ਰੂਪੀ ਅੰਮ੍ਰਿਤ ਲੱਭਦੇ ਫਿਰਦੇ ਹਨ 4. ਪਾਗਲ ਸ਼ੁਦਾਈ,ਮੂਰਖ,ਅਗਿਆਨੀ 5. ਸੁਰ=ਦੇਵਤਾ, ਨਰ=ਮਨੁੱਖ, ਮੁਨਿ=ਮੁਨੀ ।

10. ਆਪੁ ਪਛਾਣਹਿ ਪ੍ਰੀਤਮੁ ਮਿਲੈ [6]ਵੁਠਾ ਛਹਬਰ ਲਾਇ ॥
ਝਿਮਿ ਝਿਮਿ ਅੰਮ੍ਰਿਤੁ ਵਰਸਦਾ ਤਿਸਨਾ ਭੁਖ ਸਭ ਜਾਇ ॥ (ਮ: 3—1420)

11. ਗੁਰ ਕਾ ਸਬਦੁ ਅੰਮ੍ਰਿਤੁ ਹੈ ਜਿਤੁ ਪੀਤੈ ਤਿਖ[7] ਜਾਇ ॥
ਇਹੁ ਮਨੁ ਸਾਚਾ ਸਚਿ ਰਤਾ ਸਚੇ ਰਹਿਆ ਸਮਾਇ ॥ (ਮ: 3—35)

12. ਅੰਮ੍ਰਿਤੁ ਸਦਾ ਵਰਸਦਾ ਬੂਝਨਿ ਬੂਝਣਹਾਰ ॥
ਗੁਰਮੁਖਿ ਜਿਨ੍ੀ ਬੁਝਿਆ ਹਰਿ ਅੰਮ੍ਰਿਤੁ ਰਖਿਆ [8]ਉਰਿ ਧਾਰਿ ॥(ਮ: 3—1281)

13. [9]ਨਉ ਦਰਵਾਜੇ ਨਵੇ ਦਰ ਫੀਕੇ ਰਸੁ ਅੰਮ੍ਰਿਤੁ ਦਸਵੇ ਚੁਈਜੈ ॥
ਕ੍ਰਿਪਾ ਕ੍ਰਿਪਾ ਕਿਰਪਾ ਕਰਿ ਪਿਆਰੇ ਗੁਰ ਸਬਦੀ ਹਰਿ ਰਸੁ ਪੀਜੈ ॥ (1323)

14. [10]ਅਉਖਧੁ ਨਾਮੁ ਨਿਰਮਲ ਜਲੁ ਅੰਮ੍ਰਿਤੁ ਪਾਈਐ [11]ਗੁਰੂ ਦੁਆਰੀ ॥
ਕਹੁ ਨਾਨਕ ਜਿਸੁ ਮਸਤਕਿ ਲਿਖਿਆ ਤਿਸੁ ਗੁਰ ਮਿਲਿ ਰੋਗ ਬਿਦਾਰੀ ॥
(ਮ: 5—616)

15. ਰਸਨਾ ਹਰਿ ਰਸੁ ਪੀਜੈ ਰਾਮ ॥
ਰਸਨਾ ਹਰਿਰਸੁ ਪੀਜੈ ਅੰਤਰੁ ਭੀਜੈ ਸਾਚ ਸਬਦਿ ਬੀਚਾਰੀ ॥
[12]ਅੰਤਰਿ ਖੂਹਟਾ ਅੰਮ੍ਰਿਤਿ ਭਰਿਆ ਸਬਦੇ ਕਾਢਿ ਪੀਐ ਪਨਿਹਾਰੀ ॥
(ਮ: 3—570)

6. ਪ੍ਰਸੰਨ, ਨਿਹਾਲ, ਦਿਆਲ ਹੋਇਆ 7. ਪਿਆਸ 8. ਅੰਦਰ ਧਾਰਨ ਕੀਤਾ 9. ਨੌਂ ਦੁਆਰੇ=ਦੋ ਅੱਖਾਂ, ਦੋ ਕੰਨ, ਨੱਕ ਦੇ ਦੋ ਸੁਰਾਖ, ਮੂੰਹ ਅਤੇ ਹੇਠਾਂ ਦੋ ਇੰਦਰੀਆਂ ਦੇ ਸੁਰਾਖ, ਭਾਵ ਇਨ੍ਹਾਂ ਨੌਂ ਦੁਆਰਿਆਂ ਰਾਹੀਂ ਪ੍ਰਾਪਤ ਹੋਣ ਵਾਲੀਆਂ ਚੀਜ਼ਾਂ ਫਿੱਕੀਆਂ ਹਨ। ਰਸ ਦਾ ਭਰਿਆ ਹੋਇਆ ਸ਼ਬਦ ਜਾਂ ਨਾਮ ਰੂਪੀ ਅੰਮ੍ਰਿਤ ਦਸਵੀਂ ਗਲੀ (ਤੀਸਰੇ ਤਿਲ) ਵਿੱਚ ਬਰਸਦਾ ਹੈ 10. ਦਵਾਈ 11. ਉਹ ਔਸ਼ਧੀ ਗੁਰੂ ਰਾਹੀਂ ਪ੍ਰਾਪਤ ਹੁੰਦੀ ਹੈ 12. ਅੰਦਰ ਅੰਮ੍ਰਿਤ ਦਾ ਖੂਹ ਭਰਿਆ ਪਿਆ ਹੈ, ਪਰੰਤੂ ਇਹ ਅੰਮ੍ਰਿਤ ਕਢਿਆ ਸ਼ਬਦ ਦੀ ਸਹਾਇਤਾ ਨਾਲ ਜਾ ਸਕਦਾ ਹੈ।

ਅੰਮ੍ਰਿਤ ਵੇਲਾ

ਗ੍ਰੰਥਾਂ-ਸ਼ਾਸਤਰਾਂ ਵਿੱਚ ਸਵੇਰੇ ਤੜਕਸਾਰ ਦੇ ਸਮੇਂ ਨੂੰ, ਜਦ ਪਹਿਰ ਰਾਤ ਬਾਕੀ ਰਹਿੰਦਾ ਹੋਵੇ, ਅੰਮ੍ਰਿਤ ਵੇਲਾ, ਬ੍ਰਹਮ-ਮਹੂਰਤ, ਬ੍ਰਹਮ-ਘੜੀ ਆਦਿ ਕਿਹਾ ਗਿਆ ਹੈ। ਜਿਸ ਸਮੇਂ ਵੀ ਉਸ ਪਰਮ-ਪਿਤਾ-ਪਰਮੇਸ਼ਰ ਦੀ ਭਗਤੀ ਕੀਤੀ ਜਾਵੇ ਉਹੀ ਮੁਬਾਰਕ ਹੈ, ਪਰੰਤੂ ਪਰਮੇਸ਼ਰ ਦੇ ਭਗਤਾਂ-ਪਿਆਰਿਆਂ ਨੇ ਅੰਮ੍ਰਿਤ-ਵੇਲੇ ਨੂੰ ਭਗਤੀ ਲਈ ਵਿਸ਼ੇਸ਼ ਤੌਰ ਤੇ ਯੋਗ ਅਤੇ ਲਾਭਦਾਇਕ ਕਿਹਾ ਹੈ। ਗੁਰਮਤਿ ਵਿੱਚ ਇਸ ਸਮੇਂ ਦੀ ਬਹੁਤ ਉਪਮਾ ਕੀਤੀ ਗਈ ਹੈ। ਬਾਬਾ ਫ਼ਰੀਦ ਅਤੇ ਗੁਰੂ ਨਾਨਕ ਸਾਹਿਬ ਨੇ ਕੁਲ ਮਾਲਕ ਦੀ ਭਗਤੀ ਅਤੇ ਨਾਮ ਦੀ ਕਮਾਈ ਲਈ ਅੰਮ੍ਰਿਤ ਵੇਲੇ ਨੂੰ ਬਹੁਤ ਗੁਣਕਾਰੀ ਅਤੇ ਉੱਤਮ ਮੰਨਿਆ ਹੈ।

ਅੰਮ੍ਰਿਤ ਵੇਲੇ ਰਾਤ ਭਰ ਨੀਂਦ ਕਰ ਲੈਣ ਤੋਂ ਬਾਅਦ ਜਿਸਮ ਤਾਜ਼ਾ ਹੁੰਦਾ ਹੈ, ਸ਼ਾਮ ਦਾ ਖਾਣਾ ਹਜ਼ਮ ਹੋ ਚੁੱਕਾ ਹੁੰਦਾ ਹੈ ਅਤੇ ਖ਼ਾਲੀ ਪੇਟ ਭਜਨ ਉੱਤੇ ਬੈਠਣ ਨਾਲ ਬਹੁਤ ਲਾਭ ਹੁੰਦਾ ਹੈ। ਪਿਛਲੇ ਦਿਨ ਦੇ ਸਾਰੇ ਝਗੜੇ-ਬਖੇੜੇ ਭੁੱਲੇ ਹੁੰਦੇ ਹਨ। ਮਨ ਦੁਨੀਆਂ ਵਿੱਚ ਨਹੀਂ ਫੈਲਿਆ ਹੁੰਦਾ। ਇਸ ਸਮੇਂ ਸੁਰਤਿ ਜਲਦੀ ਹੀ ਸਰੀਰ ਦੇ ਨੌਂ ਦਵਾਰਿਆਂ ਵਿੱਚੋਂ ਸਿਮਟ ਸਕਦੀ ਹੈ। ਘਰ-ਬਾਹਰ, ਗਲੀਆਂ ਮਹੱਲਿਆਂ ਵਿੱਚ ਆਵਾਜਾਈ ਨਹੀਂ ਹੁੰਦੀ। ਵਾਤਾਵਰਣ ਸ਼ਾਂਤ ਹੁੰਦਾ ਹੈ ਅਤੇ ਰੂਹਾਨੀਅਤ ਦੀਆਂ ਐਸੀਆਂ ਨਿਰਮਲ ਤਰੰਗਾਂ ਨਾਲ ਭਰਿਆ ਹੁੰਦਾ ਹੈ ਜਿਸ ਵਿੱਚ ਜੀਵ ਏਕਾਂਤ ਵਿੱਚ ਸ਼ਾਂਤੀ-ਪੂਰਵਕ ਭਜਨ ਕਰ ਕੇ ਭਾਰੀ ਲਾਭ ਪ੍ਰਾਪਤ ਕਰ ਸਕਦਾ ਹੈ। ਪ੍ਰਭੂ ਦੀ ਭਗਤੀ ਦੇ ਸਭ ਵਕਤ ਮੁਬਾਰਕ ਹਨ, ਪਰ ਜੋ ਲਾਭ ਅੰਮ੍ਰਿਤ ਵੇਲੇ ਵਿੱਚ ਹਨ, ਹੋਰ ਕਿਸੇ ਵੇਲੇ ਵਿੱਚ ਨਹੀਂ ਹਨ। ਯਥਾ-ਸੰਭਵ ਇਸ ਸਮੇਂ ਅਭਿਆਸ ਕਰਨ ਦੀ ਆਦਤ ਪਾਉਣੀ ਚਾਹੀਦੀ ਹੈ। ਗੁਰੂ ਰਾਮ ਦਾਸ ਜੀ ਫ਼ਰਮਾਉਂਦੇ ਹਨ ਕਿ ਅੰਮ੍ਰਿਤ ਵੇਲੇ ਹਰਿ ਦੀ ਭਗਤੀ ਵਿੱਚ ਲਿਵ ਲਾਉਣੀ ਚਾਹੀਦੀ ਹੈ ਕਿਉਂਕਿ ਇਸ ਸਮੇਂ ਕੀਤੀ ਕਮਾਈ ਖ਼ੂਬ ਫਲਦੀ-ਫੁੱਲਦੀ ਹੈ: "ਹਰਿ ਧਨੁ ਅੰਮ੍ਰਿਤ ਵੇਲੈ ਵਤੈ ਕਾ ਬੀਜਿਆ ਭਗਤ ਖਾਇ ਖਰਚਿ ਰਹੇ ਨਿਖੁਟੈ ਨਾਹੀ॥" (ਮ: 5, ਪੰ. 734)

1. ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ ॥
ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ ॥ (ਮ: 1—2)

2. ਪਰਭਾਤੇ ਪ੍ਰਭ ਨਾਮੁ ਜਪਿ ਗੁਰ ਕੇ ਚਰਣ ਧਿਆਇ ॥
ਜਨਮ ਮਰਣ ਮਲੁ ਉਤਰੈ ਸਚੇ ਕੇ ਗੁਣ ਗਾਇ ॥ (ਮ: 5—1099)

3. ਝਾਲਾਘੇ[1] ਉਠਿ ਨਾਮੁ ਜਪਿ [2]ਨਿਸਿ ਬਾਸੁਰ ਆਰਾਧਿ ॥
[3]ਕਾਹ੍ਰਾ ਤੁਝੈ ਨ ਬਿਆਪਈ ਨਾਨਕ ਮਿਟੈ ਉਪਾਧਿ[4] ॥ (ਮ: 5—255)
4. ਪਹਿਲੈ ਪਹਿਰੈ ਫੁਲੜਾ ਫਲੁ ਭੀ ਪਛਾ ਰਾਤਿ ॥
ਜੋ ਜਾਗੰਨਿ ਲਹੰਨਿ ਸੇ ਸਾਈ ਕੰਨੋ [5]ਦਾਤਿ ॥ (ਫਰੀਦ, 1384)
5. ਉਠੁ ਫਰੀਦਾ ਉਜੂ[6] ਸਾਜਿ ਸੁਬਹ ਨਿਵਾਜ ਗੁਜਾਰਿ ॥
ਜੋ ਸਿਰੁ ਸਾਂਈ ਨਾ ਨਿਵੈ ਸੋ ਸਿਰੁ ਕਪਿ ਉਤਾਰਿ ॥ (ਫਰੀਦ, 1381)
6. ਫਰੀਦਾ [7]ਰਾਤਿ ਕਥੂਰੀ ਵੰਡੀਐ ਸੁਤਿਆ ਮਿਲੈ ਨ ਭਾਉ ॥
ਜਿੰਨ੍ਹਾ ਨੈਣ ਨੀਂਦ੍ਰਾਵਲੇ ਤਿੰਨ੍ਹਾ ਮਿਲਣੁ ਕੁਆਉ ॥ (ਫਰੀਦ, 1382)
7. ਫਰੀਦਾ ਪਿਛਲ ਰਾਤਿ ਨ ਜਾਗਿਓਹਿ ਜੀਵਦੜੋ ਮੁਇਓਹਿ ॥
ਜੇ ਤੈ ਰਬੁ ਵਿਸਾਰਿਆ ਤ ਰਬਿ ਨ ਵਿਸਰਿਓਹਿ ॥ (ਫਰੀਦ, 1383)
8. [8]ਵਡੜੈ ਝਾਲਿ ਝਲੁੰਭਲੈ ਨਾਵੜਾ ਲਈਐ ਕਿਸੁ ॥
[9]ਨਾਉ ਲਈਐ ਪਰਮੇਸਰੈ ਭੰਨਣ ਘੜਣ ਸਮਰਥੁ ॥ (ਮ: 3—1420)
9. ਉਠਿ ਇਸਨਾਨੁ ਕਰਹੁ ਪਰਭਾਤੇ ਸੋਏ ਹਰਿ ਆਰਾਧੇ ॥
[10]ਬਿਖੜੇ ਦਾਉ ਲੰਘਾਵੈ ਮੇਰਾ ਸਤਿਗੁਰੁ ਸੁਖ ਸਹਜ ਸੇਤੀ ਘਰਿ ਜਾਤੇ ॥
(ਮ: 5—1185)
10. ਨਾਉ ਪ੍ਰਭਾਤੇ ਸਬਦਿ ਧਿਆਈਐ ਛੋਡਹੁ ਦੁਨੀ ਪਰੀਤਾ ॥
ਪ੍ਰਣਵਤਿ ਨਾਨਕ ਦਾਸਨਿ ਦਾਸਾ ਜਗਿ ਹਾਰਿਆ ਤਿਨਿ ਜੀਤਾ ॥ (1330)
11. [11]ਚਿੜੀ ਚੁਹਕੀ ਪਹ ਫੁਟੀ ਵਗਨਿ ਬਹੁਤੁ ਤਰੰਗ ॥
ਅਚਰਜ ਰੂਪ ਸੰਤਨ ਰਚੇ ਨਾਨਕ ਨਾਮਹਿ ਰੰਗ ॥ (ਮ: 5—319)
12. [12]ਸਚੁ ਵੇਲਾ ਮੂਰਤੁ ਸਚੁ ਜਿਤੁ ਸਚੇ ਨਾਲਿ ਪਿਆਰੁ ॥
ਸਚੁ ਵੇਖਣਾ ਸਚੁ ਬੋਲਣਾ ਸਚਾ ਸਭੁ ਆਕਾਰੁ ॥ (ਮ: 3—565)

---

1. ਸਵੇਰ-ਸਾਰ 2. ਦਿਨ ਰਾਤ 3. ਚਿੰਤਾ ਨਹੀਂ ਲੱਗੇਗੀ 4. ਦੁੱਖ, ਸੰਕਟ ਦੂਰ ਹੋ ਜਾਣਗੇ 5. ਤੋਂ 6. ਉਜੂ=ਪੰਜ ਇਸ਼ਨਾਨਾ ; ਮੁਸਲਮਾਨ ਨਮਾਜ਼ ਜਾਂ ਭਜਨ-ਬੰਦਗੀ ਕਰਨ ਤੋਂ ਪਹਿਲੋਂ ਹੱਥ-ਮੂੰਹ ਧੋ ਲੈਂਦੇ ਹਨ 7. ਰਾਤ ਨੂੰ ਭਗਤੀ ਜਾਂ ਨਾਮ ਦੀ ਕਸਤੂਰੀ ਵੰਡੀ ਜਾਂਦੀ ਹੈ, ਜੋ ਸੁੱਤੇ ਰਹਿੰਦੇ ਹਨ ਉਨ੍ਹਾਂ ਨੂੰ ਕੁਝ ਨਹੀਂ ਮਿਲਦਾ. 8. ਪ੍ਰਸ਼ਨ ਕਰਦੇ ਹਨ ਸਵੇਰ ਸਾਰ ਨਾਮ ਕਿਸਦਾ ਲੈਣਾ ਚਾਹੀਦਾ ਹੈ 9. ਉੱਤਰ ਦਿੰਦੇ ਹਨ ਨਾਮ ਉਸ ਪਰਮੇਸ਼ਰ ਦਾ ਲੈਣਾ ਚਾਹੀਦਾ ਹੈ ਜੋ ਜ਼ਿੰਦਗੀ-ਮੌਤ (ਭੰਨਣ-ਘੜਨ) ਦਾ ਮਾਲਕ ਹੈ 10. ਔਖੇ ਰਸਤੇ 11. ਸਵੇਰ-ਸਾਰ ਜਦ ਚਿੜੀਆਂ ਚੂਕਦੀਆਂ ਹਨ ਅਤੇ ਪੌਹ ਫੁਟਦੀ ਹੈ 12 ਜਿਸ ਵੇਲੇ ਵੀ ਉਸ ਸੱਚੇ ਪਰਮੇਸ਼ਰ ਨਾਲ ਪਿਆਰ ਕੀਤਾ ਜਾਵੇ ਉਹੀ ਸੱਚਾ ਵੇਲਾ, ਸੱਚਾ ਮਹੂਰਤ ਹੈ ।

ਸਤਿ ਸੰਗਤ

ਗੁਰਮਤਿ ਵਿੱਚ ਸਤਿਸੰਗ ਦੀ ਭਾਰੀ ਮਹਿਮਾ ਹੈ ਅਤੇ ਜੀਵ ਨੂੰ ਬਾਰ-ਬਾਰ ਸਤਿਸੰਗ ਵਿੱਚ ਆਉਣ ਦਾ ਉਪਦੇਸ਼ ਦਿੱਤਾ ਗਿਆ ਹੈ। ਸੱਚਾ ਸਤਿਸੰਗ ਕੀ ਹੈ? ਕਥਾ-ਕੀਰਤਨ ਕਰ ਲੈਣਾ, ਭਾਸ਼ਨ, ਗੋਸ਼ਟੀਆਂ, ਵਾਦ-ਵਿਵਾਦ ਕਰ ਲੈਣਾ, ਇੱਕ ਥਾਂ ਜੁੜ ਕੇ ਪਰਮੇਸ਼ਰ ਦੀ ਮਹਿਮਾ ਕਰ ਲੈਣਾ, ਰਾਗ-ਨਾਦ, ਗੀਤ ਆਦਿ ਗਾ ਲੈਣਾ ਸਤਿਸੰਗ ਨਹੀਂ ਹੈ। ਸਤਿ (ਸੱਚ) ਦੀ ਸੰਗਤ (ਸਾਥ) ਹੀ ਸੱਚਾ ਸਤਿਸੰਗ ਹੈ। ਬਾਣੀ ਵਿੱਚ ਇਸ ਵਾਹਿਗੁਰੂ, ਅਕਾਲ-ਪੁਰਖ, ਪਰਮੇਸ਼ਰ ਨੂੰ, ਉਸ ਦੇ ਪ੍ਰਤਖ ਰੂਪ ਸਤਿਗੁਰੂ ਨੂੰ ਅਤੇ ਨਾਮ ਜਾਂ ਸ਼ਬਦ ਨੂੰ ਸਤਿ ਮੰਨਿਆ ਗਿਆ ਹੈ। ਇਸ ਲਈ ਪਰਮੇਸ਼ਰ ਦਾ ਮਿਲਾਪ ਸਤਿਸੰਗ ਹੈ, ਸੱਚੇ ਸਤਿਗੁਰੂ ਦੀ ਸੰਗਤ ਸਤਿਸੰਗ ਹੈ ਅਤੇ ਅੰਦਰ ਨਾਮ ਜਾਂ ਸ਼ਬਦ ਵਿੱਚ ਲੀਨ ਹੋਣਾ ਸਤਿਸੰਗ ਹੈ।

ਸੱਚਾ ਸਤਿਸੰਗ ਦੋ ਪ੍ਰਕਾਰ ਦਾ ਮੰਨਿਆ ਗਿਆ ਹੈ; ਅੰਤਰੀ ਅਤੇ ਬਾਹਰੀ। ਆਪਣੇ ਅੰਦਰ ਸ਼ਬਦ, ਸਤਿਗੁਰੂ ਅਤੇ ਪਰਮੇਸ਼ਰ ਨਾਲ ਮਿਲਾਪ ਕਰਨਾ ਅੰਤਰੀ ਸਤਿਸੰਗ ਹੈ ਅਤੇ ਬਾਹਰ ਪੂਰੇ ਸਤਿਗੁਰੂ, ਪੂਰੇ ਸੰਤ, ਪੂਰੇ ਸਾਧ ਜਾਂ ਬ੍ਰਹਮ-ਗਿਆਨੀ ਦੀ ਸੰਗਤ ਕਰਨਾ ਸਤਿਸੰਗ ਹੈ।

ਪੂਰਨ ਮਹਾਤਮਾ ਦਾ ਸਤਿਸੰਗ ਵਹਿਮ-ਭਰਮ, ਡਰ-ਸੰਸੇ, ਅਗਿਆਨਤਾ, ਹਉਮੈ ਦੀਆਂ ਜਨਮਾਂ-ਜਨਮਾਂ ਦੀਆਂ ਮੈਲਾਂ ਧੋਣ ਵਾਲਾ ਸੱਚਾ ਤੀਰਥ ਹੈ। ਇਹ ਉਸ ਸੱਚੇ ਗਿਆਨ ਦਾ ਸੋਮਾ ਹੈ, ਜਿਸ ਵਿੱਚ ਜੀਵ ਨੂੰ ਮਨੁੱਖਾ ਜਨਮ ਦੇ ਅਸਲ ਮਨੋਰਥ ਦਾ ਪਤਾ ਲਗਦਾ ਹੈ, ਪਰਮੇਸ਼ਰ ਦੇ ਘਰ ਦੀ ਖ਼ਬਰ-ਸਾਰ ਮਿਲਦੀ ਹੈ, ਮਨ-ਮਤ ਮਾਰਗ ਤੋਂ ਖਹਿੜਾ ਛੁਟਦਾ ਹੈ, ਪਰਮੇਸ਼ਰ ਪ੍ਰਾਪਤੀ ਦੇ ਸੱਚੇ ਮਾਰਗ ਦਾ ਪਤਾ ਲੱਗਦਾ ਹੈ ਅਤੇ ਇਸ ਮਾਰਗ ਉੱਤੇ ਚੱਲਣ ਦਾ ਸ਼ੌਕ ਅਤੇ ਬਲ ਪ੍ਰਾਪਤ ਹੁੰਦਾ ਹੈ। ਸੱਚੇ ਸਤਿਸੰਗ ਵਿੱਚ ਕੇਵਲ ਪਰਮੇਸ਼ਰ ਜਾਂ ਸ਼ਬਦ ਰੂਪੀ ਸਤਿ ਦੀ ਮਹਿਮਾ ਕੀਤੀ ਜਾਂਦੀ ਹੈ। ਸਤਿਸੰਗ ਵਿੱਚ ਕਿਸੇ ਦੀ ਨਿੰਦਿਆ-ਚੁਗ਼ਲੀ ਨਹੀਂ ਕੀਤੀ ਜਾਂਦੀ, ਕਿਸੇ ਵਿਸ਼ੇਸ਼ ਵਰਣ, ਜਾਤੀ, ਕੌਮ ਨੂੰ ਵਡਿਆਉਣ, ਛੁਟਿਆਉਣ ਦਾ ਜਤਨ ਨਹੀਂ ਕੀਤਾ ਜਾਂਦਾ। ਚਹੁਆਂ ਵਰਣਾਂ ਲਈ ਇੱਕੋ ਸਾਂਝੇ ਨਾਮ ਦਾ ਹੋਕਾ ਦਿੱਤਾ ਜਾਂਦਾ ਹੈ:

ਸਤਿ ਸੰਗਤਿ ਕੈਸੀ ਜਾਣੀਐ ॥ ਜਿਥੈ ਏਕੋ ਨਾਮੁ ਵਖਾਣੀਐ ॥ (ਮ: 1, ਪੰ. 72)

ਇਨਸਾਨ ਸੰਗਤ ਦਾ ਬਹੁਤ ਜਲਦੀ ਅਸਰ ਕਬੂਲ ਕਰਦਾ ਹੈ। ਬੁਰੀ ਸੰਗਤ ਬੁਰੇ ਵਿਚਾਰਾਂ, ਬੁਰੇ ਕਰਮਾਂ ਦੀ ਜਨਮ-ਦਾਤਾ ਬਣਦੀ ਹੈ ਅਤੇ ਪੂਰਨ ਸੰਤਾਂ ਦੀ ਸੱਚੀ ਸੰਗਤ ਵਿੱਚ ਪਰਮੇਸ਼ਰ ਪ੍ਰਾਪਤੀ ਦੀ ਪ੍ਰਬਲ ਇੱਛਾ ਉਤਪੰਨ ਹੁੰਦੀ ਹੈ: ਹਰਿ ਕੇ ਗੁਣ

ਹਰਿ ਭਾਵਦੇ ਸੇ ਗੁਰੂ ਤੇ ਪਾਏ (ਮ: 1,ਪੰ. 725) ॥ ਪ੍ਰੇਮ, ਦਇਆ, ਭਗਤੀ, ਨਿਮਰਤਾ ਦੇ ਪੁੰਜ ਸਤਿਗੁਰੂ ਦੀ ਸੰਗਤ ਦੁਆਰਾ ਜੀਵ ਵਿੱਚ ਵੀ ਹੌਲੀ-ਹੌਲੀ ਐਸੇ ਗੁਣਾਂ ਦਾ ਸੰਚਾਰ ਹੁੰਦਾ ਹੈ। ਜਿਵੇਂ ਲੱਕੜ ਦੀ ਸੰਗਤ ਵਿੱਚ ਲੋਹਾ ਵੀ ਤਰ ਜਾਂਦਾ ਹੈ, ਚੰਦਨ ਦੀ ਸੰਗਤ ਵਿੱਚ ਰਹਿਣ ਵਾਲਾ ਨਿੰਮ ਦਾ ਬਿਰਖ ਵੀ ਚੰਦਨ ਸਮਾਨ ਸੁਗੰਧੀ-ਭਰਪੂਰ ਹੋ ਜਾਂਦਾ ਹੈ, ਪਾਰਸ ਨਾਲ ਲਗ ਕੇ ਲੋਹਾ ਸੋਨਾ ਹੋ ਜਾਂਦਾ ਹੈ, ਇਸੇ ਤਰ੍ਹਾਂ ਸਤਿ ਨਾਲ ਅਭੇਦ ਹੋ ਚੁਕੇ ਸਤਿਗੁਰੂ ਦੀ ਸੰਗਤ ਦੁਆਰਾ ਤੁੱਛ, ਨਿਰਬਲ, ਅਗਿਆਨੀ, ਪਾਪੀ ਜੀਵ ਵੀ ਹਰ ਤਰ੍ਹਾਂ ਦੀਆਂ ਮੈਲਾਂ ਤੋਂ ਮੁਕਤ ਹੋ ਜਾਂਦਾ ਹੈ ਅਤੇ ਪਰਮੇਸ਼ਰ ਰੂਪੀ ਸਤਿ ਵਿੱਚ ਸਮਾ ਕੇ ਆਪ ਵੀ ਸਤਿ ਦਾ ਹੀ ਰੂਪ ਹੋ ਜਾਂਦਾ ਹੈ।

1. ਜਿਸ ਨੋ ਆਪੇ ਰੰਗੇ ਸੁ ਰਪਸੀ[1] ਸਤ ਸੰਗਤਿ ਮਿਲਾਇ ॥
ਪੂਰੇ ਗੁਰ ਤੇ ਸਤ ਸੰਗਤਿ ਊਪਜੈ ਸਹਜੇ ਸਚਿ ਸੁਭਾਇ ॥ (ਮ: 3—427)
2. ਸਤ ਸੰਗਤਿ ਊਤਮ ਸਤਿਗੁਰ ਕੇਰੀ ਗੁਨ ਗਾਵੈ ਹਰਿ ਪ੍ਰਭ ਕੇ ॥
ਹਰਿ ਕਿਰਪਾ ਧਾਰਿ ਮੇਲਹੁ ਸਤ ਸੰਗਤਿ ਹਮ ਧੋਵਹ ਪਗ ਜਨ ਕੇ ॥ (731)
3. ਜਨਮ ਜਨਮ ਕੇ ਲਾਗੇ [2]ਬਿਖੁ ਮੋਰਚਾ ਲਗਿ ਸੰਗਤਿ ਸਾਧ ਸਵਾਰੀ[3] ॥
[4]ਜਿਉ ਕੰਚਨੁ ਬੈਸੰਤਰਿ ਤਾਇਓ ਮਲੁ ਕਾਟੀ ਕਟਿਤ ਉਤਾਰੀ ॥ (666)
4. ਸਚੀ [5]ਬੈਸਕ ਤਿਨ੍ਹਾ ਸੰਗਿ ਜਿਨ ਸੰਗਿ ਜਪੀਐ ਨਾਉ ॥
ਤਿਨ੍ਹ ਸੰਗਿ ਸੰਗੁ ਨ ਕੀਚਈ ਨਾਨਕ ਜਿਨਾ ਆਪਣਾ ਸੁਆਉ[6] ॥ (520)
5. ਸਾਸਤ੍ਰ ਬੇਦ ਸੋਧਿ ਸੋਧਿ ਦੇਖੇ ਮੁਨਿ ਨਾਰਦ ਬਚਨ ਪੁਕਾਰੇ ॥
ਰਾਮਨਾਮੁ ਪੜਹੁ ਗਤਿ ਪਾਵਹੁ [7]ਸਤਸੰਗਤਿ ਗੁਰਿ ਨਿਸਤਾਰੇ ॥ (ਮ: 4—983)
6. ਅੰਧਕਾਰੁ ਮਿਟਿਓ ਤਿਹ ਤਨ ਤੇ ਗੁਰਿ ਸਬਦਿ ਦੀਪਕੁ ਪਰਗਾਸਾ ॥
ਭ੍ਰਮ ਕੀ ਜਾਲੀ ਤਾਕੀ ਕਾਟੀ ਜਾਕਉ ਸਾਧ ਸੰਗਤਿ ਬਿਸ੍ਵਾਸਾ ॥ (ਮ: 5—208)
7. ਜਿਉ ਲੋਹਾ ਪਾਰਸਿ ਭੇਟੀਐ ਮਿਲਿ ਸੰਗਤਿ ਸੁਵਰਨੁ [8]ਹੋਇ ਜਾਇ ॥
ਜਨ ਨਾਨਕ ਕੇ ਪ੍ਰਭ ਤੂ ਧਣੀ ਜਿਉ ਭਾਵੈ ਤਿਵੈ ਚਲਾਇ ॥ (ਮ: 4—303)
8. ਮਿਲਿ ਸਤਸੰਗਤਿ ਹਰਿ ਪਾਈਐ ਗੁਰਮੁਖਿ ਹਰਿ ਲਿਵ ਲਾਇ ॥
ਆਪੁ ਗਇਆ ਸੁਖੁ ਪਾਇਆ [9]ਮਿਲਿ ਸਲਲੈ ਸਲਲ ਸਮਾਇ ॥ (ਮ: 1—22)
9. ਪੂਰੈ ਭਾਗਿ ਸਤਸੰਗਤਿ ਲਹੈ ਸਤਗੁਰੁ ਭੇਟੈ ਜਿਸੁ ਆਇ ॥

1. ਸੋ-ਰਪ-ਸੀ=ਉਹੀ ਰੰਗਿਆ ਜਾਵੇਗਾ ; ਭਾਵ, ਜਿਸ ਨੂੰ ਉਹ ਆਪ ਰੰਗੇਗਾ ਉਹੀ ਰੰਗਿਆ ਜਾਵੇਗਾ 2. ਵਿਸ਼ਿਆਂ-ਵਿਕਾਰਾਂ ਜਾਂ ਪਾਪਾਂ ਦੀ ਮੈਲ (ਜ਼ੰਗ) 3. ਦੂਰ ਕੀਤੀ 4. ਜਿਸ ਤਰ੍ਹਾਂ ਸੋਨੇ ਨੂੰ ਅਗਨੀ ਵਿੱਚ ਤਾਉਣ ਨਾਲ ਇਸਦੀਆਂ ਮੈਲਾਂ ਕੱਟੀਆਂ ਜਾਂਦੀਆਂ ਹਨ 5. ਸੰਗਤ 6. ਸੁਆਰਥ 7. ਸਤਿਗੁਰੂ ਦੀ ਸੰਗਤ ਨਾਲ ਨਿਸਤਾਰਾ, ਨਿਬੇੜਾ ਹੁੰਦਾ ਹੈ, 8. ਸੋਨਾ 9. ਪਾਣੀ ਦਾ ਪਾਣੀ ਵਿੱਚ ਮਿਲਣਾ।

ਜਿਨੀ [10]ਸਖੀਂ ਕੰਤੁ ਪਛਾਣਿਆ ਹਉ ਤਿਨ ਕੈ ਲਾਗਉ ਪਾਇ ॥ (ਪੰ: 35,37)

10. ਮਹਿਮਾ ਸਾਧੂ ਸੰਗ ਕੀ ਸੁਨਹੁ ਮੇਰੇ ਮੀਤਾ ॥
ਮੈਲੁ ਖੋਈ ਕੋਟਿ[11] ਅਘ ਹਰੇ ਨਿਰਮਲ ਭਏ ਚੀਤਾ ॥ (ਮ: 5—809)

11. ਨਦਰਿ[12] ਪ੍ਰਭੂ ਸਤ ਸੰਗਤਿ ਪਾਈ ਨਿਜਘਰਿ ਹੋਆ ਵਾਸਾ ॥
ਹਰਿ ਮੰਗਲ ਰਸਿ ਰਸਨ ਰਸਾਏ ਨਾਨਕ ਨਾਮੁ ਪ੍ਰਗਾਸਾ ॥ (ਮ: 4—774)

12. ਸਤਸੰਗਤਿ ਮਹਿ ਨਾਮੁ ਹਰਿ ਉਪਜੈ ਜਾ ਸਤਿਗੁਰੁ ਮਿਲੈ ਸੁਭਾਏ ॥
ਮਨੁ ਤਨੁ ਅਰਪੀ ਆਪੁ ਗਵਾਈ ਚਲਾ ਸਤਿਗੁਰ ਭਾਏ ॥ (ਮ: 3—39)

13. ਜਗ ਜੀਵਨੁ ਦਾਤਾ ਹਰਿ ਮਨਿ ਰਾਤਾ ਸਹਜਿ ਮਿਲੈ ਮੇਲਾਇਆ ॥
ਸਾਧ ਸਭਾ ਸੰਤਾ ਕੀ ਸੰਗਤਿ ਨਦਰਿ ਪ੍ਰਭੂ ਸੁਖੁ ਪਾਇਆ ॥ (ਮ: 1—437)

14. ਬਿਨੁ ਸੰਗਤੀ ਸਭਿ ਐਸੇ ਰਹਹਿ ਜੈਸੇ ਪਸੁ ਢੋਰ[13] ॥
ਜਿਨ੍ਹਿ ਕੀਤੇ ਤਿਸੈ ਨ ਜਾਣਨ੍ਹੀ ਬਿਨੁ ਨਾਵੈ ਸਭਿ ਚੋਰ ॥ (ਮ: 3—427)

15. ਮੋਹ ਰੋਗ ਸੋਗ ਤਨੁ ਬਾਧਿਓ ਬਹੁ ਜੋਨੀ ਭਰਮਾਈਐ ॥
ਟਿਕਨੁ ਨ ਪਾਵੈ ਬਿਨੁ ਸਤ ਸੰਗਤਿ ਕਿਸੁ ਆਗੈ ਜਾਇ ਰੂਆਈਐ ॥ (532)

16. ਸਾਧੁ ਮਿਲੈ ਸਾਧੂ ਜਨੈ ਸੰਤੋਖੁ ਵਸੈ [14]ਗੁਰ ਭਾਇ ॥
ਅਕਥ ਕਥਾ ਵੀਚਾਰੀਐ ਜੇ ਸਤਿਗੁਰ ਮਾਹਿ ਸਮਾਇ ॥ (ਮ: 1—62)

17. ਤ੍ਰੈਗੁਣ ਮਾਇਆ ਮੋਹੁ ਪਸਾਰਾ ਸਭ ਵਰਤੈ ਆਕਾਰੀ ॥
[15]ਤੁਰੀਆ ਗੁਣੁ ਸਤਸੰਗਤਿ ਪਾਈਐ ਨਦਰੀ ਪਾਰਿ ਉਤਾਰੀ ॥ (ਮ: 3, 1260)

18. ਵਡੈ ਭਾਗਿ ਸਤ ਸੰਗਤਿ ਪਾਈ ਹਰਿ ਹਰਿ ਨਾਮੁ ਰਹਿਆ ਭਰਪੂਰਿ ॥
[16]ਅਠਸਠਿ ਤੀਰਥ ਮਜਨੁ ਕੀਆ ਸਤ ਸੰਗਤਿ ਪਗ ਨਾਏ ਧੂਰਿ[17] ॥ (1198)

19. ਸਤ ਸੰਗਤਿ ਕੀ ਰੇਣੁ[17] ਮੁਖਿ ਲਾਗੀ ਕੀਏ ਸਗਲ ਤੀਰਥ ਮਜਨੀਠਾ[18] ॥
ਕਹੁ ਨਾਨਕ [19]ਰੰਗਿ ਚਲੂਲ ਭਏ ਹੈ ਹਰਿ ਰੰਗੁ ਨ ਲਹੈ[20] ਮਜੀਠਾ ॥ (1212)

20. ਕਬੀਰ ਏਕ ਘੜੀ ਆਧੀ ਘਰੀ ਆਧੀ ਹੂੰ ਤੇ ਆਧ ॥
ਭਗਤਨ ਸੇਤੀ ਗੋਸਟੇ ਜੋ ਕੀਨੇ ਸੋ ਲਾਭ ॥ (ਕਬੀਰ, 1377)

21. ਕਬੀਰ ਸੰਗਤਿ ਸਾਧ ਕੀ ਦਿਨ ਦਿਨ ਦੂਨਾ ਹੇਤੁ ॥
[21]ਸਾਕਤ ਕਾਰੀ ਕਾਂਬਰੀ ਧੋਏ ਹੋਇ ਨ ਸੇਤੁ ॥ (ਕਬੀਰ, 1369)

---

10. ਸਖੀਆਂ (ਸਤਿਸੰਗੀ ਸਾਥੀਆਂ) ਨੇ 11. ਕਰੋੜਾਂ ਪਾਪਾਂ ਦਾ ਨਾਸ਼ ਕਰ ਦਿੱਤਾ 12. ਦਇਆ 13. ਪਸ਼ੂ 14. ਗੁਰੂ ਦੇ ਭਾਣੇ ਵਿੱਚ ਆ ਕੇ 15. ਚੌਥੇ ਪਦ (ਸੱਚਖੰਡ) ਦੀ ਅਡੋਲ ਅਵੱਸਥਾ ਪ੍ਰਭੂ ਦੀ ਨਦਰ ਜਾਂ ਕਿਰਪਾ ਨਾਲ ਪ੍ਰਾਪਤ ਹੁੰਦੀ ਹੈ 16. ਅਠਾਹਠ ਤੀਰਥਾਂ ਦਾ ਇਸ਼ਨਾਨ 17. ਧੂੜ 18. ਇਸ਼ਨਾਨ 19. ਗੂਹੜਾ ਲਾਲ ਰੰਗ 20. ਪੱਕਾ ਰੰਗ 21. ਸੇਤ=ਸਫ਼ੇਦ, ਚਿੱਟੀ; ਮਨਮੁੱਖ ਕਾਲੀ ਕੰਬਲੀ ਵਾਂਗ ਹੈ ਜੋ ਧੋਤਿਆਂ ਕਦੇ ਚਿੱਟੀ ਨਹੀਂ ਹੁੰਦੀ ।

22. [22]ਕਬੀਰ ਸੰਗਤਿ ਕਰੀਐ ਸਾਧ ਕੀ ਅੰਤਿ ਕਰੈ ਨਿਰਬਾਹੁ ॥
ਸਾਕਤ ਸੰਗੁ ਨ ਕੀਜੀਐ ਜਾ ਤੇ ਹੋਇ ਬਿਨਾਹੁ ॥ (ਕਬੀਰ, 1369)

23. ਕਬੀਰ ਸਾਧੂ ਕੀ ਸੰਗਤਿ ਰਹਉ ਜਉ ਕੀ ਭੂਸੀ ਖਾਉ ॥
ਹੋਨਹਾਰੁ ਸੋ ਹੋਇ ਹੈ ਸਾਕਤ ਸੰਗਿ ਨ ਜਾਉ ॥ (ਕਬੀਰ, 1369)

24. ਕਬੀਰ ਚੰਦਨ ਕਾ ਬਿਰਵਾ[23] ਭਲਾ ਬੇੜ੍ਹਿਓ ਢਾਕ ਪਲਾਸ ॥
ਓਇ ਭੀ ਚੰਦਨੁ ਹੋਇ ਰਹੇ ਬਸੇ ਜੁ ਚੰਦਨ ਪਾਸਿ ॥ (ਕਬੀਰ, 1365)

25. [24]ਕਬੀਰ ਬੈਸਨਉ ਕੀ ਕੂਕਰਿ ਭਲੀ ਸਾਕਤ ਕੀ ਬੁਰੀ ਮਾਇ ॥
ਓਹੁ ਨਿਤ ਸੁਨੈ ਹਰਿਨਾਮ ਜਸੁ ਉਹ ਪਾਪ ਬਿਸਾਹਨ ਜਾਇ ॥(ਕਬੀਰ, 1367)

26. ਸੰਤ ਜਨਾ ਕੈ ਸੰਗਿ ਮਿਲੁ ਬਉਰੇ ਤਉ ਪਾਵਹਿ ਮੋਖ ਦੁਆਰੁ ॥
ਬਿਨੁ ਸਤ ਸੰਗ ਸੁਖੁ ਕਿਨੈ ਨ ਪਾਇਆ ਜਾਇ ਪੂਛਹੁ ਬੇਦ ਬੀਚਾਰੁ ॥(1200)

27. ਸੋਈ ਚਤੁਰੁ ਸਿਆਣਾ ਪੰਡਿਤੁ ਸੋ ਸੂਰਾ ਸੋ ਦਾਨਾਂ ॥
ਸਾਧ ਸੰਗਿ ਜਿਨਿ ਹਰਿ ਹਰਿ ਜਪਿਓ ਨਾਨਕ ਸੋ ਪਰਵਾਨਾ ॥(ਮ: 5—1221)

ਕੁਸੰਗਤ

ਹਰ ਜੀਵ ਉੱਤੇ ਸੰਗਤ ਦਾ ਬਹੁਤ ਛੇਤੀ ਅਸਰ ਹੁੰਦਾ ਹੈ । ਮਨਮੁਖ, ਦੁਰਜਨ, ਨਿੰਦਕ ਅਤੇ ਸਾਕਤ ਦੀ ਸੰਗਤ ਜਗਿਆਸੂ ਉੱਤੇ ਬਹੁਤ ਬੁਰਾ ਅਸਰ ਪਾਉਂਦੀ ਹੈ, ਕਿਉਂਕਿ ਕਾਲੇ ਭਾਂਡੇ ਨੂੰ ਛੂਹਣ ਨਾਲ ਕੋਈ ਨਾ ਕੋਈ ਦਾਗ਼ ਅਵੱਸ਼ ਹੀ ਲੱਗ ਜਾਂਦਾ ਹੈ । ਕੁਸੰਗਤ ਵਿੱਚ ਹਰੀ ਵਿੱਸਰ ਜਾਂਦਾ ਹੈ, 'ਨਾਮ' ਵਲ ਧਿਆਨ ਨਹੀਂ ਜਾਂਦਾ, ਅਨੇਕ ਵਿਕਾਰ ਅਤੇ ਪਾਪ ਜਮਾਂ ਹੋ ਜਾਂਦੇ ਹਨ। ਐਸੀ ਸੰਗਤ ਵਿੱਚ ਜੀਵ ਮਨਮੁੱਖਤਾ ਅਧੀਨ ਅਪਣਾ ਅਕਾਜ ਕਰ ਲੈਂਦਾ ਹੈ । ਜਿਨ੍ਹਾਂ ਦੀ ਸੰਗਤ ਵਿਚ ਸਾਨੂੰ 'ਹਰਿ' ਜਾਂ 'ਹਰਿ ਨਾਮ' ਵਿੱਸਰ ਜਾਂਦਾ ਹੈ, ਉਹ ਕੁਸੰਗੀ ਹਨ । ਅਜਿਹੇ ਲੋਕਾਂ ਨੂੰ 'ਹਰਿ' ਦੀ ਪੂਜਾ ਨਹੀਂ ਭਾਉਂਦੀ। ਉਹ ਲੋਕ ਮੱਖੀ ਵਾਂਗ ਸੁਗੰਧ ਨੂੰ ਤਜ ਕੇ, ਦੁਰਗੰਧ ਉੱਤੇ ਬੈਠਣਾ ਚਾਹੁੰਦੇ ਹਨ। ਇਸ ਲਈ ਗੁਰ-ਬਾਣੀ ਜੀਵ ਨੂੰ ਕੁਸੰਗਤ ਤੋਂ ਬਚ ਕੇ ਰਹਿਣ ਦਾ ਅਤੇ ਐਸੀ ਸਤਿ-ਸੰਗਤ ਖੋਜਣ ਦਾ ਉਪਦੇਸ਼ ਕਰਦੀ ਹੈ, ਜਿਸ ਵਿੱਚ ਹਰੀ ਦੀ ਸੋਝੀ ਪ੍ਰਾਪਤ ਹੋਵੇ ਅਤੇ ਹਿਰਦੇ ਵਿੱਚ ਉਸ ਦੀ ਭਗਤੀ ਦਾ ਪਿਆਰ ਪੈਦਾ ਹੋਵੇ ।

22. ਸਾਧੂ ਦੀ ਸੰਗਤ ਕਰਨੀ ਚਾਹੀਦੀ ਹੈ ਜੋ ਅੰਤ ਤਕ ਨਾਲ ਨਿਭਦੀ ਹੈ, ਨਾ ਕਿ ਮਨਮੁੱਖ ਦੀ ਸੰਗਤ ਜੋ ਵਿਨਾਸ਼ ਦਾ ਕਾਰਨ ਬਣਦੀ ਹੈ; ਬਿਨਾਹੁ=ਵਿਨਾਸ਼, ਤਬਾਹੀ 23. ਦ੍ਰਖ਼ਤ 24. ਸਾਧੂ ਦੀ ਕੁੱਤੀ ਚੰਗੀ, ਮਨਮੁੱਖ ਦੀ ਮਾਤਾ ਕੁਝ ਨਹੀਂ ਕਿਉਂਕਿ ਉਹ ਤਾਂ ਰੋਜ ਹਰੀ ਦਾ ਜੱਸ ਸੁਣਦੀ ਹੈ, ਪਰ ਉਹ ਪਾਪ ਇਕੱਠੇ ਕਰਨ ਜਾਂਦੀ ਹੈ ।

1. ਕਬੀਰ ਚਾਵਲ ਕਾਰਨੇ ਤੁਖ ਕਉ ਮੁਹਲੀ ਲਾਇ ॥
ਸੰਗਿ ਕੁਸੰਗੀ ਬੈਸਤੇ ਤਬ ਪੂਛੈ ਧਰਮਰਾਇ ॥ (ਕਬੀਰ, 1375)
2. ਕਬੀਰ ਮਾਰੀ ਮਰਉ ਕੁਸੰਗ ਕੀ ਕੇਲੇ ਨਿਕਟਿ ਜੁ ਬੇਰਿ ॥
ਉਹ ਝੂਲੈ ਉਹ ਚੀਰੀਐ ਸਾਕਤ ਸੰਗੁ ਨ [1]ਹੇਰਿ ॥ (ਕਬੀਰ, 1369)
3. ਕਬੀਰ ਸਾਕਤ ਸੰਗੁ ਨ ਕੀਜੀਐ ਦੂਰਹਿ ਜਈਐ ਭਾਗਿ ॥
[2]ਬਾਸਨੁ ਕਾਰੋ ਪਰਸੀਐ ਤਉ ਕਛੁ ਲਾਗੈ ਦਾਗੁ ॥ (ਕਬੀਰ, 1371)
4. ਕਬੀਰ ਸਾਕਤੁ ਐਸਾ ਹੈ ਜੈਸੀ ਲਸਨ ਕੀ ਖਾਨਿ ॥
[3]ਕੋਨੇ ਬੈਠੇ ਖਾਈਐ ਪਰਗਟ ਹੋਇ ਨਿਦਾਨਿ ॥ (ਕਬੀਰ, 1365)
5. ਕਬੀਰ ਪਾਪੀ ਭਗਤਿ ਨ ਭਾਵਈ ਹਰਿ ਪੂਜਾ ਨ ਸੁਹਾਇ ॥
[4]ਮਾਖੀ ਚੰਦਨ ਪਰਹਰੈ ਜਹ ਬਿਗੰਧ ਤਹ ਜਾਇ ॥ (ਕਬੀਰ, 1368)
6. ਕਲਰ ਕੇਰੀ ਛਪੜੀ ਕਊਆ ਮਲਿ ਮਲਿ ਨਾਇ ॥
ਮਨੁ ਤਨੁ ਮੈਲਾ ਅਵਗੁਣੀ ਚਿੰਜੁ ਭਰੀ ਗੰਧੀ ਆਇ ॥
[5]ਸਰਵਰੁ ਹੰਸਿ ਨ ਜਾਣਿਆ ਕਾਗ ਕੁਪੰਖੀ ਸੰਗਿ ॥
ਸਾਕਤ ਸਿਉ ਐਸੀ ਪ੍ਰੀਤਿ ਹੈ ਬੂਝਹੁ ਗਿਆਨੀ ਰੰਗਿ ॥ (ਮ: 1—1411)
7. ਸਾਕਤ ਸੰਗੁ ਨ ਕੀਜਈ ਪਿਆਰੇ ਜੇਕਾ ਪਾਰਿ ਵਸਾਇ ॥
ਜਿਸੁ ਮਿਲਿਐ ਹਰਿ ਵਿਸਰੈ ਪਿਆਰੇ ਸੁੋ ਮੁਹਿ ਕਾਲੈ ਉਠਿ ਜਾਇ ॥ (641)
8. [6]ਮੈ ਜਾਨਿਆ ਵਡਹੰਸੁ ਹੈ ਤਾ ਮੈ ਕੀਆ ਸੰਗੁ ॥
ਜੇ ਜਾਣਾ ਬਗੁ ਬਪੁੜਾ ਤ ਜਨਮਿ ਨ ਦੇਦੀ ਅੰਗੁ ॥ (ਮ: 3—585)
9. [7]ਮਨਮੁਖ ਊਭੇ ਸੁਕਿ ਗਏ ਨਾ ਫਲੁ ਤਿੰਨਾ ਛਾਉ ॥
ਤਿੰਨਾ ਪਾਸਿ ਨ ਬੈਸੀਐ [8]ਓਨਾ ਘਰੁ ਨ ਗਿਰਾਉ ॥ (ਮ: 3—66)
10. [9]ਦੁਸਟਾ ਸੇਤੀ ਪਿਰਹੜੀ ਜਨ ਸਿਉ ਵਾਦੁ ਕਰੰਨਿ੍ ॥
ਨਾਨਕ ਸਾਕਤ ਨਰਕ ਮਹਿ ਜਮਿ ਬਧੇ ਦੁਖ ਸਹੰਨਿ੍ ॥ (ਮ: 3—854)

---

1. ਨਾ ਕਰ, ਨਾ ਢੂੰਡ 2. ਕਾਲੇ ਭਾਂਡੇ ਨੂੰ ਛੂਹਣ ਨਾਲ ਹੀ ਕਾਲਖ ਲੱਗ ਜਾਂਦੀ ਹੈ 3. ਲਸਨ ਭਾਵੇਂ ਲੁਕ ਕੇ ਜਾਂ ਲੁਕੋ ਹੀ ਕਿਉਂ ਨਾ ਖਾਧਾ ਜਾਵੇ ਆਖ਼ਰ ਪ੍ਰਗਟ ਹੋ ਜਾਂਦਾ ਹੈ 4. ਮੱਖੀ ਚੰਦਨ ਨੂੰ ਛੱਡ ਕੇ ਦੁਰਗੰਧ ਉੱਤੇ ਜਾਂਦੀ ਹੈ, ਇਸੇ ਤਰ੍ਹਾਂ ਪਾਪੀ ਨੂੰ ਪ੍ਰਭੂ-ਭਗਤੀ ਨਹੀਂ ਭਾਉਂਦੀ 5. ਹੰਸ (ਜੀਵ) ਨੇ ਕੁਸੰਗਤ ਵਿੱਚ ਪੈ ਕੇ ਗੁਰੂ ਜਾਂ ਸ਼ਬਦ ਰੂਪੀ ਮਾਨਸਰੋਵਰ ਦੀ ਪਛਾਣ ਨਾ ਕੀਤੀ 6. ਮੈਂ ਤਾਂ ਸੱਚਾ ਹੰਸ ਜਾਂ ਗੁਰਮੁਖ ਸਮਝ ਕੇ ਸੰਗਤ ਕੀਤੀ ਸੀ, ਜੇ ਪਤਾ ਹੁੰਦਾ ਇਹ ਬਗਲਾ (ਪਖੰਡੀ ਭਗਤ) ਹੈ ਤਾਂ ਭੁੱਲ ਕੇ ਵੀ ਇਹਦੀ ਸੰਗਤ ਨਾ ਕਰਦੀ 7. ਮਨਮੁਖ ਭਗਤੀ ਤੋਂ ਬਿਨਾ (ਬਿਰਛਾਂ ਵਾਂਗ) ਸੁੱਕ ਗਏ 8. ਉਨ੍ਹਾਂ ਦਾ ਕੋਈ ਘਰ-ਘਾਟ ਨਹੀਂ, ਭਾਵ ਉਨ੍ਹਾਂ ਨੂੰ ਕਿਤੇ ਢੋਈ ਨਹੀਂ 9. ਜੋ ਅਗਿਆਨੀ ਮਨਮੁਖਾਂ ਨਾਲ ਪਿਆਰ ਕਰਦੇ ਹਨ ਅਤੇ ਪ੍ਰਭੂ-ਭਗਤਾਂ ਨਾਲ ਝਗੜਾ ਕਰਦੇ ਹਨ, ਉਹ ਨਰਕਾਂ ਦੇ ਦੁੱਖ ਸਹਿੰਦੇ ਹਨ ।

ਨਿੰਦ੍ਰਾ

ਗੁਰਬਾਣੀ ਵਿੱਚ ਥੋੜ੍ਹਾ ਸੌਣ ਅਤੇ ਥੋੜ੍ਹਾ ਖਾਣ ਨੂੰ ਪਰਮਾਰਥਕ ਉਨਤੀ ਲਈ ਸਹਾਈ ਮੰਨਿਆ ਗਿਆ ਹੈ। ਦੁਨੀਆਂਦਾਰ ਸਾਰੀ ਰਾਤ ਸੌਂ ਕੇ ਗਵਾ ਲੈਂਦੇ ਹਨ ਅਤੇ ਸਾਰਾ ਦਿਨ ਮਾਇਆ ਦੇ ਕਾਰ-ਵਿਹਾਰ ਜਾਂ ਫ਼ਜ਼ੂਲ ਦੀਆਂ ਗੱਲਾਂ-ਗੱਪਾਂ ਵਿੱਚ ਜ਼ਾਇਆ ਕਰ ਲੈਂਦੇ ਹਨ। ਫ਼ਰੀਦ ਸਾਹਿਬ ਕਹਿੰਦੇ ਹਨ ਜਿਨ੍ਹਾਂ ਨੇ ਚਾਰ ਦਿਨ ਖਾ ਕੇ ਗੁਆ ਲਏ, ਚਾਰ ਦਿਨ ਸੌਂ ਕੇ ਗੁਆ ਲਏ, ਰੱਬ ਉਨ੍ਹਾਂ ਨੂੰ ਲੇਖਾ ਪੁੱਛੇਗਾ ਕਿ ਤੁਹਾਨੂੰ ਦੁਨੀਆਂ ਵਿੱਚ ਭੇਜਿਆ ਕਿਸ ਕੰਮ ਲਈ ਸੀ ਅਤੇ ਤੁਸਾਂ ਕੀਤਾ ਕਿਹੜਾ ! ਜਿਨ੍ਹਾਂ ਭਾਗਾਂ ਵਾਲੇ ਜੀਵਾਂ ਨੂੰ ਸੰਸਾਰ ਵਿੱਚ ਆਉਣ ਦਾ ਅਸਲ ਮਨੋਰਥ ਯਾਦ ਹੈ ਅਤੇ ਇਹ ਪਤਾ ਹੈ ਕਿ ਮੌਤ ਸਦਾ ਸਿਰ ਉੱਤੇ ਖੜੀ ਹੈ, ਉਹ ਕਦੇ ਵੀ ਬੇਫ਼ਿਕਰ ਹੋ ਕੇ ਨਹੀਂ ਸੌਂਦੇ। ਉਨ੍ਹਾਂ ਨੂੰ ਸਦਾ ਆਪਣੇ ਅਸਲੀ ਜੀਵਨ-ਮਨੋਰਥ ਦੀ ਸਿੱਧੀ, ਭਾਵ ਅਕਾਲਪੁਰਖ ਦੀ ਪ੍ਰਾਪਤੀ ਦਾ ਫ਼ਿਕਰ ਰਹਿੰਦਾ ਹੈ।

ਰੱਬ ਦੇ ਪਿਆਰੇ ਆਪਣੇ ਪ੍ਰੀਤਮ ਦੀ ਯਾਦ ਵਿੱਚ ਰਾਤਾਂ ਨੂੰ ਜਾਗਦੇ ਹਨ। ਰਾਤ ਨੂੰ ਜਾਗਣਾ ਫ਼ਕੀਰਾਂ ਦਾ ਦਸਤੂਰ ਹੈ। ਰਾਤ ਪ੍ਰੀਤਮ ਨਾਲ ਮਿਲਾਪ ਦਾ ਸਮਾਂ ਹੈ। ਇਹ ਸਮਾਂ ਸੌਂ ਕੇ ਗੁਜ਼ਾਰ ਦੇਣਾ ਆਪਣੇ ਆਪ ਨਾਲ ਧੋਖਾ ਅਤੇ ਅਨਿਆਂ ਕਰਨ ਸਮਾਨ ਹੈ। ਗੁਰੂ ਸਾਹਿਬ ਫ਼ਰਮਾਉਂਦੇ ਹਨ ਕਿ ਸਾਰੀ ਦੁਨੀਆਂ ਮੋਹ ਮਾਇਆ ਦੀ ਨਿੰਦ੍ਰਾ ਵਿੱਚ ਸੁੱਤੀ ਪਈ ਹੈ। ਜਿਹੜੇ ਜੀਵ ਰਾਤਾਂ ਨੂੰ ਜਾਗ ਕੇ 'ਨਾਮ' ਜਾਂ 'ਸ਼ਬਦ' ਦੀ ਕਮਾਈ ਕਰਦੇ ਹਨ, ਉਨ੍ਹਾਂ ਨੂੰ ਆਪਣੇ ਮਾਲਿਕ ਕੋਲੋਂ ਅਮੋਲਕ ਦਾਤ ਦੀ ਪ੍ਰਾਪਤੀ ਹੁੰਦੀ ਹੈ।

1. ਕਬੀਰ ਸੂਤਾ ਕਿਆ ਕਰਹਿ ਜਾਗੁ ਰੋਇ ਭੈ ਦੁਖ ॥
ਜਾ ਕਾ ਬਾਸਾ ਗੋਰ ਮਹਿ ਸੋ ਕਿਉ ਸੋਵੈ ਸੁਖ ॥
ਕਬੀਰ ਸੂਤਾ ਕਿਆ ਕਰਹਿ ਉਠਿ ਕਿ ਨ ਜਪਹਿ ਮੁਰਾਰਿ ॥
ਇਕ ਦਿਨ ਸੋਵਨੁ ਹੋਇਗੋ ਲਾਂਬੇ ਗੋਡ ਪਸਾਰਿ ॥
ਕਬੀਰ ਸੂਤਾ ਕਿਆ ਕਰਹਿ ਬੈਠਾ ਰਹੁ ਅਰੁ ਜਾਗੁ ॥
ਜਾ ਕੇ ਸੰਗ ਤੇ ਬੀਛੁਰਾ ਤਾਹੀ ਕੇ ਸੰਗਿ ਲਾਗੁ ॥ (ਕਬੀਰ, 1371)

2. ਫਰੀਦਾ ਰਾਤਿ ਕਥੂਰੀ[1] ਵੰਡੀਐ ਸੁਤਿਆ ਮਿਲੈ ਨ ਭਾਉ ॥
ਜਿੰਨ੍ਹਾ ਨੈਣ ਨੀਂਦ੍ਰਾਵਲੇ ਤਿੰਨ੍ਹਾ ਮਿਲਣੁ ਕੁਆਉ ॥ (ਫਰੀਦ, 1382)

---

1. ਕਸਤੂਰੀ।

3. ਫਰੀਦਾ ਚਾਰਿ ਗਵਾਇਆ ਹੰਢਿ[2] ਕੈ ਚਾਰਿ ਗਵਾਇਆ ਸੰਮਿ[3] ॥
ਲੇਖਾ ਰਬੁ ਮੰਗੇਸੀਆ ਤੂ ਆਂਹੋ ਕੇਰ੍ਹੇ ਕੰਮਿ ॥ (ਫਰੀਦ, 1379)

4. ਪਹਿਲਾ ਪਹਰੁ ਧੰਧੈ[4] ਗਇਆ ਦੂਜੈ ਭਰਿ ਸੋਇਆ ॥
ਤੀਜੈ ਝਾਖ[5] ਝਖਾਇਆ ਚਉਥੈ ਭੋਰੁ ਭਇਆ ॥ (ਮ: 5—43)

5. ਰੈਣਿ ਗਵਾਈ ਸੋਇ ਕੈ ਦਿਵਸੁ ਗਵਾਇਆ ਖਾਇ ॥
ਹੀਰੇ ਜੈਸਾ ਜਨਮੁ ਹੈ ਕਉਡੀ ਬਦਲੇ ਜਾਇ ॥ (ਮ: 1—156)

ਕਾਇਆ

ਗੁਰਮਿਤ ਵਿੱਚ ਜੀਵ ਨੂੰ ਆਪਣੀ ਕਾਇਆ ਦੇ ਅੰਦਰੋਂ ਹੀ ਪਰਮਾਤਮਾ ਦੀ ਖੋਜ ਕਰਨ ਦਾ ਉਪਦੇਸ਼ ਦਿੱਤਾ ਗਿਆ ਹੈ। ਕੁਲ ਮਾਲਕ ਸਰਵ-ਵਿਆਪਕ ਹੈ ਅਤੇ ਮਨੁੱਖ ਦੀ ਕਾਇਆ ਸਿਰਜ ਕੇ ਆਪ ਇਸ ਦੇ ਅੰਦਰ ਬੈਠਾ ਹੋਇਆ ਹੈ। ਮਨੁੱਖੀ ਸਰੀਰ ਇਕ ਅਦੁੱਤੀ ਰਚਨਾ ਹੈ। ਜੋ ਕੁਝ ਕੁਲ ਮਾਲਕ ਨੇ ਬ੍ਰਹਿਮੰਡ ਵਿੱਚ ਰੱਖਿਆ ਹੈ, ਉਹ ਪਿੰਡ ਵਿੱਚ ਵੀ ਰੱਖਿਆ ਹੈ। ਗੁਰੂ ਸਾਹਿਬਾਨ ਨੇ ਇਸ ਕਾਇਆ ਨੂੰ 'ਸੱਚਾ ਹਰਿਮੰਦਰ' ਅਤੇ 'ਹਰਿ ਕਾ ਹਾਟ' ਕਿਹਾ ਹੈ। ਅਨੇਕ ਖੰਡ, ਮੰਡਲ, ਵਰਭੰਡ, ਦੀਪ, ਲੋਅ, ਪਾਤਾਲ, ਤ੍ਰਿਲੋਕੀਆਂ, ਦੇਵੀ-ਦੇਵਤੇ ਆਦਿ ਅਤੇ ਇਨ੍ਹਾਂ ਦਾ ਕਰਤਾ ਉਹ ਪਰਮੇਸ਼ਰ ਆਪ, ਇਸ ਕਾਇਆ ਵਿੱਚ ਬ੍ਰਾਜਮਾਨ ਹੈ। ਉਸ ਦੀ ਪ੍ਰਾਪਤੀ ਦਾ ਸਾਧਨ ਸ਼ਬਦ ਜਾ ਨਾਮ ਵੀ ਸਾਡੀ ਕਾਇਆ ਦੇ ਅੰਦਰ ਹੈ। ਮਨਮੁੱਖ ਅਵੱਲ ਤਾਂ ਮਾਲਿਕ ਨੂੰ ਲੱਭਦੇ ਹੀ ਨਹੀਂ, ਜਾਂ ਬਾਹਰ ਹੀ ਬਾਹਰ ਲੱਭਦੇ ਹਨ, ਅੰਦਰ ਝਾਤੀ ਨਹੀਂ ਮਾਰਦੇ। ਉਹ ਆਪਣਾ ਜੀਵਨ ਵਿਅਰਥ ਗੁਆ ਲੈਂਦੇ ਹਨ। ਗੁਰਮੁੱਖ ਲੋਕ 'ਸੱਚੇ ਸ਼ਬਦ' ਦੁਆਰਾ ਆਪਣੇ ਅੰਦਰੋਂ ਹੀ ਉਸ ਅਲੱਖ, ਅਗੰਮ ਪਰਮੇਸ਼ਰ ਨੂੰ ਪਾ ਲੈਂਦੇ ਹਨ, ਮਨਮੁੱਖਾਂ ਵਾਂਗ ਬਾਹਰ ਨਹੀਂ ਭਟਕਦੇ।

2. ਫਿਰ-ਤੁਰ ਕੇ 3. ਸੌਂ ਕੇ 4. ਦੁਨਿਆਵੀ ਕੰਮਾਂ-ਧੰਦਿਆਂ ਵਿੱਚ 5. ਵਿਸ਼ੇ-ਵਿਕਾਰਾਂ ਵਿੱਚ।

*ਕਾਇਆ

1. ਬਾਹਰੁ ਭਾਲੇ ਸੁ ਕਿਆ ਲਹੈ ਵਥੁ ਘਰੈ ਅੰਦਰਿ ਭਾਈ ॥
ਭਰਮੇ ਭੂਲਾ ਸਭੁ ਜਗੁ ਫਿਰੈ ਮਨਮੁਖਿ ਪਤਿ ਗਵਾਈ ॥ (ਕਬੀਰ, 425)

2. [1]ਵਿਣੁ ਕਾਇਆ ਜਿ ਹੋਰਥੈ ਧਨੁ ਖੋਜਦੇ ਸੇ ਮੂੜ ਬੇਤਾਲੇ ॥
ਸੇ ਉਝੜਿ ਭਰਮਿ ਭਵਾਈਅਹਿ ਜਿਉ ਝਾੜ ਮਿਰਗੁ ਭਾਲੇ ॥ (ਮ: 4—309)

3. ਕਾਇਆ ਅੰਦਰਿ ਆਪੇ ਵਸੈ ਅਲਖੁ ਨ ਲਖਿਆ ਜਾਈ ॥
ਮਨਮੁਖੁ ਮੁਗਧੁ ਬੂਝੈ ਨਾਹੀ ਬਾਹਰਿ ਭਾਲਣਿ ਜਾਈ ॥ (ਮ: 3—754)

4. ਗੁਰਮੁਖਿ ਹੋਵੈ ਸੁ ਕਾਇਆ ਖੋਜੈ ਹੋਰ ਸਭ ਭਰਮਿ ਭੁਲਾਈ ॥
ਜਿਸ ਨੋ ਦੇਇ ਸੋਈ ਜਨੁ ਪਾਵੈ ਹੋਰ ਕਿਆ ਕੋ ਕਰੇ ਚਤੁਰਾਈ ॥ (754)

5. ਕਾਇਆ ਅੰਦਰਿ ਸਭੁ ਕਿਛੁ ਵਸੈ ਖੰਡ ਮੰਡਲ ਪਾਤਾਲਾ ॥
ਕਾਇਆ ਅੰਦਰਿ ਜਗ ਜੀਵਨ ਦਾਤਾ ਵਸੈ ਸਭਨਾ ਕਰੇ [2]ਪ੍ਰਤਿਪਾਲਾ ॥
(ਮ: 3—754)

6. ਕਾਇਆ ਅੰਦਰਿ ਰਤਨ ਪਦਾਰਥ ਭਗਤਿ ਭਰੇ ਭੰਡਾਰਾ ॥
ਇਸੁ ਕਾਇਆ ਅੰਦਰਿ ਨਉਖੰਡ ਪ੍ਰਿਥਮੀ ਹਾਟ ਪਟਣ ਬਾਜਾਰਾ ॥
ਇਸੁ ਕਾਇਆ ਅੰਦਰਿ [3]ਨਾਮੁ ਨਉਨਿਧਿ ਪਾਈਐ ਗੁਰ ਕੈ ਸਬਦਿ ਵੀਚਾਰਾ ॥
ਕਾਇਆ ਅੰਦਰਿ ਤੋਲਿ ਤੁਲਾਵੈ ਆਪੇ ਤੋਲਣਹਾਰਾ ॥ (ਮ: 3—754)

7. ਕਾਇਆ ਅੰਦਰਿ ਬ੍ਰਹਮਾ ਬਿਸਨੁ ਮਹੇਸਾ ਸਭ ਓਪਤਿ ਜਿਤੁ ਸੰਸਾਰਾ ॥
ਸਚੈ ਆਪਣਾ ਖੇਲੁ ਰਚਾਇਆ ਆਵਾਗਉਣੁ ਪਾਸਾਰਾ ॥ (ਮ: 3—754)

8. ਕਾਇਆ ਮਹਲੁ ਮੰਦਰੁ ਘਰੁ ਹਰਿ ਕਾ ਤਿਸੁ ਮਹਿ ਰਾਖੀ ਜੋਤਿ ਅਪਾਰ ॥
ਨਾਨਕ ਗੁਰਮੁਖਿ ਮਹਿਲ ਬੁਲਾਈਐ ਹਰਿ ਮੇਲੇ ਮੇਲਣਹਾਰ ॥(ਮ: 1—1256)

9. ਕਾਇਆ ਨਗਰਿ ਬਸਤ ਹਰਿ ਸੁਆਮੀ ਹਰਿ ਨਿਰਭਉ ਨਿਰਵੈਰੁ ਨਿਰੰਕਾਰਾ ॥
ਹਰਿ ਨਿਕਟਿ ਬਸਤ ਕਛੁ ਨਦਰਿ ਨ ਆਵੈ ਹਰਿ[4] ਲਾਧਾ ਗੁਰ ਵੀਚਾਰਾ ॥
(ਮ: 4—720)

---

*ਮਨੁੱਖਾ ਸਰੀਰ ਦੀ ਅੰਦਰਲੀ ਅਸਲੀਅਤ ਬਾਰੇ ਵਧੇਰੇ ਵਾਕਫ਼ੀ ਲਈ ਦੇਖੋ ਹਜ਼ੂਰ ਮਹਾਰਾਜ ਸਾਵਣ ਸਿੰਘ ਜੀ ਦੇ ਸਤਿਸੰਗਾਂ ਦੇ ਸੰਗ੍ਰਹਿ 'ਸੰਤਮਤ ਪ੍ਰਕਾਸ਼ ਭਾਗ ਪਹਿਲਾ' ਵਿੱਚ ਸਤਿਸੰਗ : 'ਕਾਇਆ ਕਾਮਣਿ ਅਤਿ ਸੁਆਲਿਓ' ਅਤੇ 'ਕਰ ਨੈਨੋਂ ਦੀਦਾਰ ਮਹਲ ਮੇਂ ਪਿਆਰਾ ਹੈ।' ਦੇਖੋ ਸੰਤਮਤ ਪ੍ਰਕਾਸ਼ ਭਾਗ ਛੇਵਾਂ ਵਿੱਚ ਸਤਿਸੰਗ 'ਘਰਿ ਰਹੁ ਰੇ ਮਨ ਮੁਗਧ-ਇਆਨੇ' ਅਤੇ ਸੰਤਮਤ ਪ੍ਰਕਾਸ਼ ਭਾਗ ਸੱਤਵਾਂ ਵਿੱਚ ਸਤਿਸੰਗ : 'ਕਾਇਆ ਕੰਚਨੁ ਸਬਦੁ ਵੀਚਾਰਾ।'

1. ਜੋ ਕਾਇਆ ਤੋਂ ਬਿਨਾ ਕਿਤੇ ਹੋਰ ਖੋਜਦੇ ਹਨ ਉਹ ਮੂਰਖ ਹਨ ; ਉਨ੍ਹਾਂ ਦੀ ਹਾਲਤ ਹਿਰਨ ਵਰਗੀ ਹੈ ਜੋ ਕਸਤੂਰੀ ਨੂੰ, ਜੋ ਅਸਲ ਵਿੱਚ ਉਹਦੇ ਆਪਣੇ ਅੰਦਰ ਹੈ, ਬਾਹਰੋਂ ਭਾਲਦਾ ਫਿਰਦਾ ਹੈ 2. ਪਰਵਰਸ਼, ਪਾਲਣਾ 3. ਨਾਮ ਰੂਪੀ ਖ਼ਜ਼ਾਨਾ 4. ਗੁਰੂ ਦੇ ਉਪਦੇਸ਼ ਉੱਤੇ ਚੱਲ ਕੇ ਹਰੀ ਨੂੰ ਅੰਦਰੋਂ ਹੀ ਲੱਭ ਲਿਆ।

10. ਇਹੁ ਮਨੁ ਦੇਹੀ ਸੋਧਿ ਤੂੰ ਗੁਰ ਸਬਦਿ ਵੀਚਾਰਿ ॥
ਨਾਨਕ ਇਸੁ ਦੇਹੀ ਵਿਚਿ ਨਾਮੁ ਨਿਧਾਨੁ[5] ਹੈ ਪਾਈਐ ਗੁਰ ਕੈ ਹੇਤਿ ਅਪਾਰਿ ॥
(ਮ: 3—427)

11. ਮੈ [6]ਨਿਰਖਤ ਨਿਰਖਤ ਸਰੀਰੁ ਸਭੁ ਖੋਜਿਆ
ਇਕੁ ਗੁਰਮੁਖਿ [7]ਚਲਤੁ ਦਿਖਾਇਆ ॥
ਬਾਹਰੁ ਖੋਜਿ ਮੁਏ ਸਭਿ ਸਾਕਤ ਹਰਿ ਗੁਰਮਤੀ ਘਰਿ ਪਾਇਆ ॥(ਮ:4,1191)

12. [8]ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ ॥
ਤੈਸੇ ਹੀ ਹਰਿ ਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ ॥ (ਮ: 9—84)

13. ਹਰਿ ਕਾ ਗਾਹਕੁ ਹੋਵੈ ਸੋ ਲਏ ਪਾਏ ਰਤਨੁ ਵੀਚਾਰਾ ॥
ਅੰਦਰੁ ਖੋਲੈ ਦਿਬ ਦਿਸਟਿ ਦੇਖੈ ਮੁਕਤਿ ਭੰਡਾਰਾ ॥ (ਮ: 3—425)

14. [9]ਬਜਰ ਕਪਾਟ ਕਾਇਆ ਗੜ੍ਹ ਭੀਤਰਿ ਕੂੜੁ ਕੁਸਤੁ ਅਭਿਮਾਨੀ ॥
ਭਰਮਿ ਭੂਲੇ ਨਦਰਿ ਨ ਆਵਨੀ ਮਨਮੁਖ ਅੰਧ ਅਗਿਆਨੀ ॥
ਉਪਾਇ ਕਿਤੈ ਨ ਲਭਨੀ ਕਰਿ ਭੇਖ ਥਕੇ ਭੇਖਵਾਨੀ ॥
ਗੁਰ ਸਬਦੀ ਖੋਲਾਈਅਨਿ ਹਰਿਨਾਮੁ ਜਪਾਨੀ ॥ (ਮ: 3—514)

15. ਮਨ ਮੇਰਿਆ ਅੰਤਰਿ ਤੇਰੈ ਨਿਧਾਨੁ ਹੈ ਬਾਹਰਿ ਵਸਤੁ ਨ ਭਾਲਿ ॥
ਜੋ ਭਾਵੈ ਸੋ [10]ਭੁੰਚਿ ਤੂ ਗੁਰਮੁਖਿ ਨਦਰਿ ਨਿਹਾਲਿ ॥ (ਮ: 3—569)

16. [11]ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ ॥
ਪੀਪਾ ਪ੍ਰਣਵੈ ਪਰਮ ਤਤੁ ਹੈ ਸਤਿਗੁਰੁ ਹੋਇ ਲਖਾਵੈ ॥ (ਪੀਪਾ, 695)

---

5. ਖ਼ਜ਼ਾਨਾ 6. ਖੋਜ-ਖੋਜ ਕੇ, ਦੇਖ-ਦੇਖ ਕੇ 7. ਅਚੰਭਾ; ਮਨਮੁੱਖ ਪ੍ਰਭੂ ਨੂੰ ਬਾਹਰ ਖੋਜ-ਖੋਜ ਕੇ ਮਰ ਗਏ, ਪਰ ਗੁਰਮੁਖਾਂ ਨੇ ਗੁਰੂ ਦੀ ਮੱਤ ਉੱਤੇ ਚੱਲ ਕੇ ਅੰਦਰੋਂ ਹੀ ਪ੍ਰਾਪਤ ਕਰ ਲਿਆ 8. ਜਿਵੇਂ ਫੁੱਲ ਦੇ ਅੰਦਰ ਸੁਗੰਧੀ ਹੁੰਦਾ ਹੈ, ਸ਼ੀਸ਼ੇ ਵਿੱਚ ਸ਼ਕਲ ਦਿਸਦੀ ਹੈ, ਇਸੇ ਤਰ੍ਹਾਂ ਹਰੀ ਆਪਣੇ ਅੰਦਰ ਹੈ ਤੇ ਅੰਦਰੋਂ ਹੀ ਉਸ ਨੂੰ ਖੋਜਣਾ ਚਾਹੀਦਾ ਹੈ 9. ਬੱਜਰ=ਪੱਥਰ ; ਕਿਵਾੜ=ਦਰਵਾਜੇ, ਬੂਹੇ ; ਕਾਇਆ ਰੂਪੀ ਕਿਲ੍ਹੇ ਨੂੰ ਪੱਥਰਾਂ ਵਰਗੇ ਸਖ਼ਤ ਬੂਹੇ ਲੱਗੇ ਹੋਏ ਹਨ ; ਇਹ ਬੂਹੇ ਸਿਰਫ਼ ਗੁਰੂ ਦੇ ਸ਼ਬਦ ਰਾਹੀਂ ਖੁਲ੍ਹਦੇ ਹਨ ; ਭਾਵ ਸਤਿਗੁਰੂ ਦੀ ਦਇਆ ਨਾਲ ਅਤੇ ਸ਼ਬਦ ਦੀ ਕਮਾਈ ਨਾਲ ਅੰਦਰਲੀਆਂ ਰੁਕਾਵਟਾਂ ਦੂਰ ਕਰ ਕੇ ਪਰਮੇਸ਼ਰ ਨਾਲ ਮਿਲਾਪ ਹੋ ਸਕਦਾ ਹੈ 10. ਤੇਰੇ ਅੰਦਰ ਹੀ ਨਾਮ ਜਾਂ ਸ਼ਬਦ ਰੂਪੀ ਵਸਤੂ ਹੈ ਅਤੇ ਤੂੰ ਅੰਦਰੋਂ ਹੀ ਇਸ ਨੂੰ ਖਾ (ਪਾ) ਸਕਦਾ ਹੈਂ 11. ਪ੍ਰਭੂ ਨੇ ਜੋ ਕੁਝ ਸਾਰੀ ਸ੍ਰਿਸ਼ਟੀ ਵਿੱਚ ਰੱਖਿਆ ਹੈ, ਉਹੀ ਹਰ ਮਨੁੱਖ ਦੇ ਅੰਦਰ ਵੀ ਰੱਖਿਆ ਹੈ, ਪਰੰਤੂ ਅੰਦਰ ਪਈ ਵਸਤੂ ਕੇਵਲ ਸਤਿਗੁਰੂ ਲਭਾ ਸਕਦਾ ਹੈ ; ਪਰਮ ਤੱਤ=ਸਭ ਤੋਂ ਉੱਚਾ ਗਿਆਨ, ਸਾਰ-ਪਦਾਰਥ, ਸਾਰ-ਵਸਤੂ ।

ਹਰਿਮੰਦਰ

ਜਿੱਥੇ ਹਰੀ ਵੱਸਦਾ ਹੈ ਉਹੀ ਹਰਿਮੰਦਰ ਹੈ। ਉਹ ਅਕਾਲਪੁਰਖ, ਪਰਮੇਸ਼ਰ, ਜੋ ਅਨੰਤ ਖੰਡਾਂ-ਬ੍ਰਹਮੰਡਾਂ ਦਾ ਸਿਰਜਣਹਾਰ ਹੈ, ਉਸ ਨੇ ਖ਼ੁਦ ਮਨੁਖੀ ਸਰੀਰ ਨੂੰ ਆਪਣਾ ਨਿਵਾਸ-ਸਥਾਨ ਬਣਾਇਆ ਹੈ। ਇਸ ਲਈ ਗੁਰਮਤਿ ਵਿੱਚ ਮਨੁੱਖ ਦੀ ਦੇਹ ਨੂੰ ਹੀ ਸੱਚਾ ਹਰਿਮੰਦਰ ਮੰਨਿਆ ਗਿਆ ਹੈ। ਗੁਰਮੁੱਖ ਹਰੀ ਦੇ ਸਾਜੇ ਹਰਿਮੰਦਰ ਵਿੱਚੋਂ ਹਰੀ ਦੀ ਖੋਜ ਕਰਦੇ ਹਨ। ਅਗਿਆਨੀ ਮਨਮੁੱਖ ਬਾਹਰਮੁਖੀ ਹੋ ਕੇ ਮੰਦਰਾਂ, ਮਸਜਿਦਾਂ, ਗੁਰਦੁਆਰਿਆਂ, ਤੀਰਥਾਂ, ਸਰੋਵਰਾਂ, ਗ੍ਰੰਥਾਂ-ਪੋਥੀਆਂ, ਜੰਗਲਾਂ-ਪਹਾੜਾਂ ਆਦਿ ਵਿੱਚ ਭਟਕਦੇ ਫਿਰਦੇ ਹਨ।

ਮਨੁਖ ਦੇ ਬਣਾਏ ਹੋਏ ਗਿਰਜੇ, ਗੁਰਦਵਾਰੇ, ਮੰਦਰ, ਮਸਜਿਦਾਂ ਆਦਿ ਸਭ ਸਤਿਕਾਰਯੋਗ ਹਨ, ਪਰ ਅਸਲੀ ਮੰਦਰ ਜਾਂ ਗੁਰਦਵਾਰਾ ਸਾਡਾ ਸਰੀਰ ਹੀ ਹੈ, ਜਿਸ ਨੂੰ ਹਰਿ ਨੇ ਆਪ ਬਣਾਇਆ ਹੈ, ਤੇ ਜਿਸ ਵਿੱਚ ਉਹ ਆਪ ਨਿਵਾਸ ਕਰਦਾ ਹੈ। ਬਾਹਰਲੇ ਧਰਮ-ਸਥਾਨ ਮਹਾਤਮਾਂ ਨੇ ਇਸ ਲਈ ਬਣਾਏ ਸਨ ਕਿ ਇਨ੍ਹਾਂ ਵਿੱਚ ਬੈਠ ਕੇ ਆਪਣੇ ਅੰਦਰੋਂ ਪਰਮੇਸ਼ਰ ਨੂੰ ਖੋਜੀਏ, ਨਾ ਕਿ ਇਨ੍ਹਾਂ ਨੂੰ ਹੀ ਮਾਲਕ ਦੇ ਰਹਿਣ ਦਾ ਸਥਾਨ ਸਮਝ ਕੇ ਬੈਠ ਜਾਈਏ। ਮਨੁੱਖ ਦੇ ਸਰੀਰ ਅੰਦਰ ਸੈਂਕੜੇ ਚੰਦ, ਸੂਰਜ ਸਥਿਤ ਹਨ, ਜੋ 'ਹਰਿ ਮੰਦਰ' ਨੂੰ ਰੁਸ਼ਨਾ ਰਹੇ ਹਨ। ਉਸ ਪਰਮੇਸ਼ਰ ਦੀ ਅਨੂਪਮ ਜੋਤਿ ਇਸ ਮੰਦਰ ਵਿੱਚ ਜਗਮਗਾ ਰਹੀ ਹੈ। ਇਸ ਵਿੱਚ ਨਾਮ ਜਾਂ ਸ਼ਬਦ ਦੀਆਂ ਅਤੀ ਪਿਆਰੀਆਂ ਸੁਰੀਲੀਆਂ ਧੁਨਾਂ ਸਦਾ ਗੂੰਜ ਰਹੀਆਂ ਹਨ।

ਜਦੋਂ ਜੀਵ ਨੂੰ ਆਪਣੇ ਸਰੀਰ ਰੂਪੀ ਹਰਿਮੰਦਰ ਵਿੱਚ ਪਰਮਾਤਮਾ ਦੇ ਦਰਸ਼ਨ ਹੋ ਜਾਂਦੇ ਹਨ ਤਾਂ ਸਾਰਾ ਜਗਤ ਹੀ ਉਸ ਲਈ ਹਰਿਮੰਦਰ ਬਣ ਜਾਂਦਾ ਹੈ ਅਤੇ ਉਸ ਨੂੰ ਜਗਤ ਦੇ ਜ਼ੱਰੇ-ਜ਼ੱਰੇ ਵਿੱਚ ਹਰੀ ਦੇ ਦਰਸ਼ਨ ਹੋਣ ਲੱਗ ਪੈਂਦੇ ਹਨ।

1. ਗੁਰ ਪਰਸਾਦੀ[1] ਵੇਖੁ ਤੂ ਹਰਿ ਮੰਦਰੁ ਤੇਰੈ ਨਾਲਿ ॥
[2]ਹਰਿ ਮੰਦਰੁ ਸਬਦੇ ਖੋਜੀਐ ਹਰਿਨਾਮੋ ਲੇਹੁ ਸਮ੍ਹਾਲਿ ॥
[3]ਮਨ ਮੇਰੇ ਸਬਦਿ ਰਪੈ ਰੰਗੁ ਹੋਇ ॥

---

1. ਸਤਿਗੁਰੂ ਦੀ ਕਿਰਪਾ ਨਾਲ ਦੇਖ ਕਿ ਹਰੀ ਤੇਰੇ ਅੰਦਰ ਵੱਸਦਾ ਹੈ 2. ਸਰੀਰ ਰੂਪੀ ਹਰਿ-ਮੰਦਰ ਵਿੱਚੋਂ ਹਰੀ ਦੀ ਖੋਜ ਸ਼ਬਦ ਰਾਹੀਂ ਹੁੰਦੀ ਹੈ 3. ਸ਼ਬਦ ਨਾਲ ਰੰਗਿਆਂ ਹੀ ਸੱਚਾ ਰੰਗ ਚੜ੍ਹਦਾ ਹੈ।

[4]ਸਚੀ ਭਗਤਿ ਸਚਾ ਹਰਿਮੰਦਰੁ ਪ੍ਰਗਟੀ ਸਾਚੀ ਸੋਇ ॥
[5]ਹਰਿ ਮੰਦਰੁ ਏਹੁ ਸਰੀਰੁ ਹੈ ਗਿਆਨਿ ਰਤਨਿ ਪਰਗਟੁ ਹੋਇ ॥
[6]ਮਨਮੁਖ ਮੂਲੁ ਨ ਜਾਣਨੀ ਮਾਣਸਿ ਹਰਿ ਮੰਦਰੁ ਨ ਹੋਇ ॥
[7]ਹਰਿ ਮੰਦਰੁ ਹਰਿ ਜੀਉ ਸਾਜਿਆ ਰਖਿਆ ਹੁਕਮਿ ਸਵਾਰਿ ॥
ਧੁਰਿ ਲੇਖੁ ਲਿਖਿਆ ਸੁ ਕਮਾਵਣਾ ਕੋਇ ਨ ਮੇਟਣਹਾਰੁ ॥
[8]ਸਬਦੁ ਚੀਨਿ ਸੁਖੁ ਪਾਇਆ ਸਚੈ ਨਾਇ ਪਿਆਰ ॥
[9]ਹਰਿ ਮੰਦਰੁ ਸਬਦੇ ਸੋਹਣਾ ਕੰਚਨੁ ਕੋਟੁ ਅਪਾਰ ॥
[10]ਹਰਿ ਮੰਦਰੁ ਏਹ ਜਗਤੁ ਹੈ ਗੁਰ ਬਿਨੁ ਘੋਰੰਧਾਰ ॥
[11]ਦੂਜਾ ਭਾਉ ਕਰਿ ਪੂਜਦੇ ਮਨਮੁਖ ਅੰਧ ਗਵਾਰ ॥
[12]ਹਰਿ ਮੰਦਰ ਮਹਿ ਨਾਮੁ ਨਿਧਾਨੁ ਹੈ ਨਾ ਬੂਝਹਿ ਮੁਗਧ ਗਵਾਰ ॥
[13]ਗੁਰਪਰਸਾਦੀ ਚੀਨਿਆ ਹਰਿ ਰਾਖਿਆ ਉਰਿਧਾਰਿ ॥
[14]ਗੁਰ ਕੀ ਬਾਣੀ ਗੁਰ ਤੇ ਜਾਤੀ ਜਿ ਸਬਦਿ ਰਤੇ ਰੰਗੁ ਲਾਇ ॥
[15]ਪਵਿਤੁ ਪਾਵਨ ਸੇ ਜਨ ਨਿਰਮਲ ਹਰਿ ਕੈ ਨਾਮਿ ਸਮਾਇ ॥
[16]ਹਰਿ ਮੰਦਰੁ ਹਰਿ ਕਾ ਹਾਟੁ ਹੈ ਰਖਿਆ ਸਬਦਿ ਸਵਾਰਿ ॥

---

4. ਸਰੀਰ ਰੂਪੀ ਹਰਿਮੰਦਰ ਵਿੱਚ ਸ਼ਬਦ ਨਾਲ ਹੀ ਸੱਚੀ ਭਗਤੀ ਕੀਤੀ ਜਾ ਸਕਦੀ ਹੈ ਅਤੇ ਸ਼ਬਦ ਨਾਲ ਹੀ ਸੱਚੀ ਸੋਭਾ ਪ੍ਰਾਪਤ ਹੋ ਸਕਦੀ ਹੈ 5. ਉਹ ਪਰਮੇਸ਼ਰ ਜਾਂ ਗਿਆਨ ਦਾ ਰਤਨ ਸਰੀਰ ਰੂਪੀ ਹਰਿਮੰਦਰ ਵਿੱਚ ਹੀ ਪ੍ਰਾਪਤ ਹੁੰਦਾ ਹੈ 6. ਮਨਮੁੱਖਾ ਨੂੰ ਸਮਝ ਨਹੀਂ ਪੈਂਦੀ ਕਿ ਸਰੀਰ ਹੀ ਸੱਚਾ ਹਰਿ ਮੰਦਰ ਹੈ। ਉਹ ਕਹਿੰਦੇ ਹਨ ਸਰੀਰ ਹਰਿਮੰਦਰ ਨਹੀਂ ਹੋ ਸਕਦਾ 7. ਸਰੀਰ ਰੂਪੀ ਹਰਿਮੰਦਰ ਹਰੀ ਨੇ ਆਪ ਸਾਜਿਆ ਹੈ ਅਤੇ ਇਸ ਨੂੰ ਆਪਣੇ ਹੁਕਮ ਨਾਲ ਸੁਆਰਿਆ ਹੈ 8. ਸਰੀਰ ਰੂਪੀ ਹਰਿਮੰਦਰ ਵਿੱਚ ਸ਼ਬਦ ਦਾ ਭੇਦ ਪ੍ਰਾਪਤ ਕਰ ਕੇ ਅਤੇ ਸੱਚੇ ਨਾਮ ਨਾਲ ਪਿਆਰ ਪਾ ਕੇ ਸੱਚਾ ਸੁੱਖ ਪ੍ਰਾਪਤ ਹੋਇਆ 9 ਸਰੀਰ ਰੂਪੀ ਹਰਿਮੰਦਰ ਸੋਨੇ ਦੇ ਮਹਾਨ ਕਿਲੇ ਸਮਾਨ ਹੈ, ਭਾਵ ਇਹ ਅਮੋਲਕ ਹੈ, ਪਰੰਤੂ ਇਹ ਸੋਭਦਾ ਸ਼ਬਦ ਦੀ ਪ੍ਰਾਪਤੀ ਜਾਂ ਕਮਾਈ ਨਾਲ ਹੀ ਹੈ 10. ਅਸਲ ਵਿੱਚ ਉਹ ਹਰੀ ਸਰਵ-ਵਿਆਪਕ ਹੈ ਅਤੇ ਸਾਰਾ ਜਗਤ ਹੀ ਹਰਿਮੰਦਰ ਹੈ, ਪਰੰਤੂ ਬਿਨਾ ਸਤਿਗੁਰੂ ਦੀ ਦਇਆ ਦੇ ਨਾ ਅੰਦਰ ਹਰੀ ਦੇ ਦਰਸ਼ਨ ਹੁੰਦੇ ਹਨ, ਨਾ ਬਾਹਰ, ਅਤੇ ਸਾਰੇ ਸੰਸਾਰ ਵਿੱਚ ਘੋਰ-ਅੰਧਕਾਰ ਨਜ਼ਰ ਆਉਂਦਾ ਹੈ 11. ਦਵੈਤ ਭਾਵ ਜਾਂ ਹਉਮੈਂ ਅਧੀਨ ਸਰੀਰੋਂ ਬਾਹਰ ਭਗਤੀ ਕਰਨ ਵਾਲੇ ਮਨਮੁਖ ਹਨ, ਮੂਰਖ ਹਨ, ਗਵਾਰ ਹਨ 12. ਸਰੀਰ ਰੂਪੀ ਹਰਿਮੰਦਰ ਵਿੱਚ ਨਾਮ ਦਾ ਖ਼ਜ਼ਾਨਾ ਹੈ 13. ਸਤਿਗੁਰੂ ਦੀ ਕਿਰਪਾ ਨਾਲ ਆਪਣੇ ਅੰਦਰੋਂ ਨਾਮ ਰੂਪੀ ਖ਼ਜ਼ਾਨਾ ਪ੍ਰਾਪਤ ਹੁੰਦਾ ਹੈ 14. ਸਤਿਗੁਰੂ ਦੀ ਸੱਚੀ ਬਾਣੀ ਵੀ ਸਤਿਗੁਰੂ ਦੀ ਕਿਰਪਾ ਨਾਲ ਸਰੀਰ ਰੂਪੀ ਹਰਿਮੰਦਰ ਵਿਚੋਂ ਹੀ ਪ੍ਰਾਪਤ ਹੁੰਦੀ ਹੈ 15. ਉਹ ਲੋਕ ਨਿਰਮਲ ਹਨ ਜੋ ਸਰੀਰ ਰੂਪੀ ਹਰਿਮੰਦਰ ਵਿੱਚ ਨਾਮ ਨਾਲ ਲਿਵਲੀਨ ਹੋ ਜਾਂਦੇ ਹਨ 16. ਉੱਪਰ ਕਿਹਾ ਸੀ ਹਰੀ ਨੇ ਸਰੀਰ ਰੂਪੀ ਹਰਿਮੰਦਰ ਨੂੰ ਹੁਕਮ ਨਾਲ ਸੁਆਰ ਕੇ ਰੱਖਿਆ ਹੈ, ਭਾਵ ਹਰੀ ਦਾ ਹੁਕਮ ਅਤੇ ਹਰੀ ਦਾ ਸ਼ਬਦ ਦੋਵੇਂ ਅੰਦਰੋਂ ਪ੍ਰਾਪਤ ਹੁੰਦੇ ਹਨ ਅਤੇ ਉਹੀ ਸਰੀਰ ਨੂੰ ਕਾਇਮ ਰੱਖਣ ਵਾਲੇ ਹਨ।

[17]ਤਿਸੁ ਵਿਚਿ ਸਉਦਾ ਏਕੁ ਨਾਮੁ ਗੁਰਮੁਖਿ ਲੈਨਿ ਸਵਾਰਿ ॥
[18]ਹਰਿਮੰਦਰ ਮਹਿ ਮਨੁ ਲੋਹਟੁ ਹੈ ਮੋਹਿਆ ਦੂਜੈ ਭਾਇ ॥
[19]ਪਾਰਸਿ ਭੇਟਿਐ ਕੰਚਨੁ ਭਇਆ ਕੀਮਤਿ ਕਹੀ ਨ ਜਾਇ ॥
[20]ਹਰਿ ਮੰਦਰ ਮਹਿ ਹਰਿ ਵਸੈ ਸਰਬ ਨਿਰੰਤਰਿ ਸੋਇ ॥
[21]ਨਾਨਕ ਗੁਰਮੁਖਿ ਵਣਜੀਐ ਸਚਾ ਸਉਦਾ ਹੋਇ ॥ (ਮ: 3—1346)

2. ਹਰਿ ਮੰਦਰੁ ਹਰਿ ਸਾਜਿਆ ਹਰਿ ਵਸੈ ਜਿਸੁ ਨਾਲਿ ॥
[22]ਗੁਰਮਤੀ ਹਰਿ ਪਾਇਆ ਮਾਇਆ ਮੋਹ ਪਰਜਾਲਿ ॥
[23]ਹਰਿ ਮੰਦਰਿ ਵਸਤੁ ਅਨੇਕ ਹੈ ਨਵ ਨਿਧਿ ਨਾਮੁ ਸਮਾਲਿ ॥
[24]ਧਨੁ ਭਗਵੰਤੀ ਨਾਨਕਾ ਜਿਨਾ ਗੁਰਮੁਖਿ ਲਧਾ ਹਰਿ ਭਾਲਿ ॥ (ਮ:3,1418)

3. ਹਰਿ ਮੰਦਰੁ ਸੋਈ ਆਖੀਐ ਜਿਥਹੁ ਹਰਿ ਜਾਤਾ ॥
ਮਾਨਸ ਦੇਹ ਗੁਰ ਬਚਨੀ ਪਾਇਆ ਸਭੁ ਆਤਮਰਾਮੁ ਪਛਾਤਾ ॥
ਬਾਹਰਿ ਮੂਲਿ ਨ ਖੋਜੀਐ ਘਰ ਮਾਹਿ ਬਿਧਾਤਾ ॥
ਮਨਮੁਖ ਹਰਿ ਮੰਦਰ ਕੀ ਸਾਰ ਨ ਜਾਣਨੀ ਤਿਨੀ ਜਨਮੁ ਗਵਾਤਾ ॥ (953)

4. [25]ਹਰਿ ਕਾ ਮੰਦਰੁ ਆਖੀਐ ਕਾਇਆ ਕੋਟੁ ਗੜੁ ॥
ਅੰਦਰਿ ਲਾਲ ਜਵੇਹਰੀ ਗੁਰਮੁਖਿ ਹਰਿਨਾਮੁ ਪੜੁ ॥
ਹਰਿ ਕਾ ਮੰਦਰੁ ਸਰੀਰੁ ਅਤਿ ਸੋਹਣਾ ਹਰਿ ਹਰਿ ਨਾਮੁ ਦਿੜੁ ॥
[26]ਮਨਮੁਖ ਆਪਿ ਖੁਆਇਅਨੁ ਮਾਇਆ ਮੋਹ ਨਿਤ ਕੜੁ ॥ (ਮ: 4—952)

5. [27]ਹਰਿ ਕਾ ਮੰਦਰੁ ਸੋਹਣਾ ਕੀਆ ਕਰਣੈਹਾਰਿ ॥
[28]ਰਵਿ ਸਸਿ ਦੀਪ ਅਨੂਪ ਜੋਤਿ ਤ੍ਰਿਭਵਣਿ ਜੋਤਿ ਅਪਾਰ ॥ (ਮ: 1—57)

---

17. ਇਸ ਹਰਿਮੰਦਰ ਰੂਪੀ ਹੱਟੀ ਵਿੱਚ ਕੇਵਲ ਨਾਮ ਦਾ ਸੌਦਾ ਵਿਕਦਾ ਹੈ, ਪਰੰਤੂ ਇਸ ਨੂੰ ਖ਼ਰੀਦਦੇ ਕੇਵਲ ਗੁਰਮੁਖ ਹਨ 18. ਲੋਹੇ ਵਰਗਾ ਮਨ ਵੀ ਸਰੀਰ ਅੰਦਰ ਹੈ; ਮਨ ਨੂੰ ਲੋਹਾ ਇਸ ਲਈ ਕਹਿ ਰਹੇ ਹਨ ਕਿਉਂਕਿ ਇਹ ਦੁਤੀਆ-ਭਾਵ ਜਾਂ ਹਉਮੈ ਵਿੱਚ ਫਸਿਆ ਹੋਇਆ ਹੈ 19. ਜਦ ਮਨ ਰੂਪੀ ਲੋਹਾ ਅੰਦਰੋਂ ਸ਼ਬਦ ਰੂਪੀ ਪਾਰਸ ਨਾਲ ਲੱਗਦਾ ਹੈ ਤਾਂ ਇਹ ਸੋਨਾ ਬਣ ਜਾਂਦਾ ਹੈ, ਭਾਵ ਮਨ ਦੀ ਦਸ਼ਾ ਬਦਲ ਜਾਂਦੀ ਹੈ 20 ਉਹੀ ਹਰੀ, ਸਰੀਰ ਰੂਪੀ ਹਰਿਮੰਦਰ ਵਿੱਚ ਵੱਸਦਾ ਹੈ ਅਤੇ ਉਹ ਸਰਵ-ਵਿਆਪਕ ਵੀ ਹੈ 21. ਗੁਰਮੁਖਾਂ ਦੀ ਸ਼ਰਨ ਲੈਣ ਨਾਲ ਹੀ ਹਰੀ ਰੂਪੀ ਸੌਦਾ ਆਪਣੇ ਅੰਦਰੋਂ ਪ੍ਰਾਪਤ ਹੁੰਦਾ ਹੈ। ਪਰ ਜਦ ਅੰਦਰ ਹਰੀ ਦੇ ਦਰਸ਼ਨ ਹੋ ਜਾਂਦੇ ਹਨ ਤਾਂ ਜਗਤ ਦੇ ਕਣ-ਕਣ ਵਿੱਚ ਉਸੇ ਹਰੀ ਦੇ ਦਰਸ਼ਨ ਹੁੰਦੇ ਹਨ 22. ਸਤਿਗੁਰੂ ਦੀ ਕਿਰਪਾ ਨਾਲ ਹਉਮੈ-ਮਾਇਆ ਦਾ ਜਾਲ ਤੋੜ ਕੇ ਹਰਿਮੰਦਰ ਵਿੱਚ ਹਰੀ ਦੀ ਪ੍ਰਾਪਤੀ ਹੁੰਦੀ ਹੈ 23. ਸਰੀਰ ਰੂਪੀ ਹਰਿ ਮੰਦਰ ਵਿੱਚ ਅਨੇਕ ਵਸਤੂ ਹਨ ਪਰ ਪ੍ਰਾਪਤ ਕਰਨ ਵਾਲੀ ਚੀਜ਼ ਨੌਂ ਨਿੱਧਾਂ ਦਾ ਮਾਲਕ ਨਾਮ ਹੈ 24. ਉਹ ਲੋਕ ਧੰਨ ਹਨ, ਭਾਗਾਂ ਵਾਲੇ ਹਨ ਜੋ ਗੁਰਮਤਿ ਉੱਤੇ ਚੱਲ ਕੇ ਅੰਦਰੋਂ ਨਾਮ ਜਾਂ ਹਰੀ ਰੂਪੀ ਖ਼ਜ਼ਾਨਾ ਲੱਭ ਲੈਂਦੇ ਹਨ 25. ਕਾਇਆ ਰੂਪੀ ਕਿਲ੍ਹਾ ਹੀ ਹਰਿਮੰਦਰ ਹੈ 26. ਮਨਮੁਖ ਮੋਹ-ਮਾਇਆ ਵਿੱਚ ਸੜ ਕੇ ਆਪਣਾ ਆਪ ਖੋ ਲੈਂਦੇ ਹਨ ਅਤੇ ਅੰਦਰੋਂ ਹਰੀ ਨੂੰ ਪ੍ਰਾਪਤ ਨਹੀਂ ਕਰ ਸਕਦੇ 27. ਸਰੀਰ ਰੂਪੀ ਹਰਿਮੰਦਰ ਸੋਹਣਾ ਹੈ ਕਿਉਂਕਿ ਇਹ ਉਸ ਹਰੀ ਨੇ ਆਪ ਸਾਜਿਆ ਹੈ 28. ਇਸ ਵਿਚ ਸੂਰਜ, ਚੰਦ, ਅਨੂਪਮ ਪ੍ਰਕਾਸ਼ ਅਤੇ ਤਿੰਨਾਂ ਭਵਨਾਂ ਦੀ ਜੋਤਿ, ਭਾਵ ਉਹ ਪਰਮੇਸ਼ਰ ਆਪ ਵੱਸਦਾ ਹੈ।

ਰੋਜ਼ੀ

ਉਹ ਕੁਲ-ਮਾਲਕ ਕੇਵਲ ਸੰਸਾਰ ਦਾ ਕਰਤਾਰ ਸਿਰਜਣਹਾਰ ਹੀ ਨਹੀਂ ਹੈ ਇਸ ਦਾ ਪ੍ਰਤਿਪਾਲਕ ਅਤੇ ਰੋਜ਼ੀ-ਦਹਿੰਦ ਵੀ ਉਹ ਆਪ ਹੈ। ਸੰਸਾਰ ਦੀ ਸਾਰੀ ਰਚਨਾ ਉਸ ਮਾਲਿਕ ਦੀ ਆਪਣੀ ਬਣਾਈ ਹੋਈ ਹੈ, ਇਸ ਨੂੰ ਰਚ ਕੇ ਉਸ ਨੇ ਚਉਰਾਸੀ ਲੱਖ ਜੀਅ-ਜੂਨ ਵਿੱਚ ਵੰਡਿਆ ਹੋਇਆ ਹੈ। ਹਰ ਜੂਨ ਵਿੱਚ ਕਰੋੜਾਂ ਜੀਵ-ਜੰਤੂ ਹਨ, ਜਿਨ੍ਹਾਂ ਦਾ ਰਾਜ਼ਕ ਉਹ ਆਪ ਹੈ। ਉਸ ਨੂੰ ਸਭ ਦੀ ਰੋਜ਼ੀ ਦੀ ਚਿੰਤਾ ਹੈ। ਉਸ ਦਾਤਾਰ ਦੇ ਅਣਗਿਣਤ ਅਤੁੱਟ ਭੰਡਾਰ ਭਰੇ ਪਏ ਹਨ।

ਅਸੀਂ ਮਨਮੁਖ ਜੀਵ ਦਿਨ-ਰਾਤ ਝੂਰ-ਝੂਰ ਕੇ ਮਰਦੇ ਹਾਂ। ਅਸੀਂ ਸਮਝਦੇ ਹਾਂ ਕਿ ਸ਼ਾਇਦ ਸਭ ਕੁਝ ਸਾਡਾ ਕੀਤਾ ਹੁੰਦਾ ਹੈ। ਅਸੀਂ ਭੁੱਲ ਜਾਂਦੇ ਹਾਂ ਕਿ ਸਾਡਾ ਵੀ ਅਤੇ ਸਾਰੇ ਸੰਸਾਰ ਦਾ ਵੀ ਰੋਜ਼ੀ-ਦਾਤਾ ਉਹ ਅਕਾਲਪੁਰਖ ਆਪ ਹੈ। ਅਸੀਂ ਮਾਇਆ ਦੇ ਭਰਮ-ਜਾਲ ਵਿੱਚ ਫਸੇ ਰੋਜ਼ੀ ਦੀ ਚਿੰਤਾ ਵਿੱਚ ਗ੍ਰਸੇ ਰਹਿੰਦੇ ਹਾਂ।

ਗੁਰਬਾਣੀ ਦਸਦੀ ਹੈ ਕਿ ਜੀਵ ਨੂੰ ਕਿਸੇ ਚੀਜ਼ ਦੀ ਚਿੰਤਾਂ ਨਹੀਂ ਕਰਨੀ ਚਾਹੀਦੀ। ਚਿੰਤਾ ਤਾਂ ਉਹ ਆਪ ਕਰ ਰਿਹਾ ਹੈ ਜਿਸ ਨੇ ਸਾਨੂੰ ਪੈਦਾ ਕੀਤਾ ਹੈ। ਉਹ ਰਾਜ਼ਕ ਜਨਮ ਤੋਂ ਪਹਿਲਾਂ ਹੀ ਜੀਵ ਦੀ ਰੋਜ਼ੀ ਤਿਆਰ ਕਰ ਦੇਂਦਾ ਹੈ। ਜਲ, ਥਲ, ਪੱਥਰ, ਪਹਾੜਾਂ ਵਿੱਚ ਹਰ ਥਾਂ ਮਾਲਿਕ ਹਰ ਜੀਵ ਨੂੰ ਰੋਜ਼ੀ ਦੇ ਰਿਹਾ ਹੈ। ਉਹ ਦਾਤਾ ਅਤਿ ਦਇਆਲ ਹੈ ਤੇ ਸਭਨਾਂ ਦੀ ਸਾਰ ਲੈਂਦਾ ਹੈ। ਇਸ ਦਾ ਇਹ ਅਰਥ ਨਹੀਂ ਕੀ ਜੀਵ ਹੱਥ ਉੱਤੇ ਹੱਥ ਰੱਖ ਕੇ ਬੈਠ ਜਾਵੇ। ਅਸਲ ਭਾਵ ਇਹ ਹੈ ਕਿ ਮਾਲਕ ਉੱਤੇ ਭਰੋਸਾ ਰੱਖਦੇ ਹੋਏ ਸੰਸਾਰ ਵਿੱਚ ਵਿਚਰਨਾ ਚਾਹੀਦਾ ਹੈ, ਕਿਉਂਕਿ ਸਾਨੂੰ ਪੈਦਾ ਕਰਨ ਵਾਲੇ ਨੂੰ ਸਾਡੀ ਸਾਡੇ ਤੋਂ ਵੱਧ ਚਿੰਤਾ ਹੈ।

1. **ਦਦਾ ਦਾਤਾ ਏਕੁ ਹੈ ਸਭ ਕਉ ਦੇਵਨਹਾਰ ॥**
   ਦੇਂਦੇ ਤੋਟਿ ਨ ਆਵਈ ਅਗਨਤ ਭਰੇ ਭੰਡਾਰ ॥ (ਮ: 5—257)
2. **ਝੂਰਿ ਝੂਰਿ ਮਰਹੁ ਕਿਆ ਪ੍ਰਾਣੀ ਜੋ ਕਿਛੁ ਦੇਣਾ ਸੁ ਦੇ ਰਹਿਆ ॥**
   ਦੇ ਦੇ ਵੇਖੈ ਹੁਕਮੁ ਚਲਾਏ ਜਿਉ ਜੀਆ ਕਾ ਰਿਜਕੁ ਪਇਆ ॥(ਮ: 1—433)
3. **ਨਾਨਕ ਚਿੰਤਾ ਮਤਿ ਕਰਹੁ ਚਿੰਤਾ ਤਿਸ ਹੀ ਹੇਇ ॥**
   ਜਲ ਮਹਿ ਜੰਤ ਉਪਾਇਅਨੁ ਤਿਨਾ ਭਿ ਰੋਜੀ ਦੇਇ ॥

ਓਥੈ ਹਟੁ ਨ ਚਲਈ ਨਾ ਕੋ ਕਿਰਸ[1] ਕਰੇਇ ॥
ਸਉਦਾ ਮੂਲਿ ਨ ਹੋਵਈ ਨਾ ਕੋ ਲਏ ਨ ਦੇਇ ॥
ਜੀਆ ਕਾ ਆਹਾਰੁ ਜੀਅ ਖਾਣਾ ਏਹੁ ਕਰੇਇ ॥
ਵਿਚਿ ਉਪਾਏ ਸਾਇਰਾ[2] ਤਿਨਾ ਭਿ ਸਾਰ ਕਰੇਇ ॥
ਨਾਨਕ ਚਿੰਤਾ ਮਤ ਕਰਹੁ ਚਿੰਤਾ ਤਿਸ ਹੀ ਹੇਇ ॥ (ਮ: 2—955)

4. ਮਨ ਭੁਖਾ ਭੁਖਾ ਮਤ ਕਰਹਿ ਮਤ ਤੂ ਕਰਹਿ ਪੂਕਾਰ ॥
ਲਖ ਚਉਰਾਸੀਹ ਜਿਨਿ ਸਿਰੀ ਸਭਸੈ ਦੇਇ ਅਧਾਰੁ ॥
ਨਿਰਭਉ ਸਦਾ ਦਇਆਲੁ ਹੈ ਸਭਨਾ ਕਰਦਾ ਸਾਰ ॥
ਨਾਨਕ ਗੁਰਮੁਖਿ ਬੁਝੀਐ ਪਾਈਐ ਮੋਖਦੁਆਰੁ ॥ (ਮ: 3—27)

5. ਕਾਹੇ ਰੇ ਮਨ ਚਿਤਵਹਿ[3] ਉਦਮੁ[4] ਜਾ ਆਹਰਿ[5] ਹਰਿ ਜੀਉ ਪਰਿਆ[6] ॥
ਸੈਲ ਪਥਰ ਮਹਿ ਜੰਤ ਉਪਾਏ ਤਾ ਕਾ ਰਿਜਕੁ ਆਗੈ ਕਰਿ ਧਰਿਆ ॥
ਮੇਰੇ ਮਾਧਉ ਜੀ ਸਤਸੰਗਤਿ ਮਿਲੇ ਸੁ ਤਰਿਆ ॥
ਗੁਰਪਰਸਾਦਿ ਪਰਮਪਦੁ ਪਾਇਆ ਸੂਕੇ ਕਾਸਟ[7] ਹਰਿਆ ॥
ਜਨਨਿ[8] ਪਿਤਾ ਲੋਕ ਸੁਤ[9] ਬਨਿਤਾ[10] [11]ਕੋਇ ਨ ਕਿਸ ਕੀ ਧਰਿਆ ॥
[12]ਸਿਰਿ ਸਿਰਿ ਰਿਜਕੁ ਸੰਬਾਹੇ ਠਾਕੁਰੁ ਕਾਹੇ ਮਨ ਭਉ ਕਰਿਆ ॥
[13]ਊਡੇ ਊਡਿ ਆਵੈ ਸੈ ਕੋਸਾ ਤਿਸੁ ਪਾਛੈ ਬਚਰੇ ਛਰਿਆ ॥
ਤਿਨ ਕਵਣੁ ਖਲਾਵੈ ਕਵਣੁ ਚੁਗਾਵੈ ਮਨ ਮਹਿ ਸਿਮਰਨੁ ਕਰਿਆ ॥
(ਮ: 5—10)

6. [14]ਜਨਨੀ ਕੇਰੇ ਉਦਰ ਉਦਕ ਮਹਿ ਪਿੰਡੁ ਕੀਆ ਦਸ ਦੁਆਰਾ ॥
ਦੇਇ ਅਹਾਰੁ ਅਗਨਿ ਮਹਿ ਰਾਖੈ ਐਸਾ ਖਸਮੁ ਹਮਾਰਾ ॥

---

1. ਕਿਰਤ, ਖੇਤੀ-ਬਾੜੀ, ਕੰਮ-ਧੰਦਾ 2. ਸਮੁੰਦਰ 3. ਚਿੰਤਾ ਕਰਦਾ ਹੈ 4. ਜਤਨ 5. ਪ੍ਰਬੰਧ 6. ਪ੍ਰਭੂ ਨੇ ਆਪ ਕਰਨਾ 7. ਲੱਕੜ 8. ਮਾਤਾ 9. ਪੁੱਤਰ 10. ਇਸਤਰੀ 11. ਕੋਈ ਕਿਸੇ ਦਾ ਆਸਰਾ ਨਹੀਂ 12. ਉਹ ਹਰ ਇੱਕ ਨੂੰ ਰਿਜ਼ਕ ਪੁਚਾਉਂਦਾ ਹੈ 13. ਕੂੰਜ ਸੈਂਕੜੇ ਕੋਹ ਉੱਡ ਕੇ ਆ ਜਾਂਦੀ ਹੈ ਅਤੇ ਪਿੱਛੇ ਬੱਚੇ ਇਕੱਲੇ ਛੱਡ ਆਉਂਦੀ ਹੈ 14. ਉਸ ਪ੍ਰਭੂ ਨੇ ਮਾਤਾ ਦੇ ਗਰਭ ਦੇ ਪਾਣੀ ਵਿੱਚ ਸਾਡਾ ਦਸਾਂ ਦਰਵਾਜ਼ਿਆਂ ਵਾਲਾ ਸਰੀਰ ਸਾਜਿਆ। ਨੌਂ ਦੁਆਰੇ : ਦੋ ਅੱਖਾਂ, ਦੋ ਕੰਨ, ਦੋ ਨੱਕ ਦੇ ਸੁਰਾਖ, ਮੂੰਹ ਅਤੇ ਹੇਠਾਂ ਦੋ ਇੰਦਰੀਆਂ ਦੇ ਸੁਰਾਖ ਹਨ। ਦਸਵਾਂ ਦਰਵਾਜ਼ਾ ਤੀਸਰਾ ਤਿਲ, ਆਗਿਆ ਚੱਕਰ ਜਾਂ ਸ਼ਿਵ ਨੇਤਰ ਹੈ, ਜਿੱਥੇ ਸ਼ਬਦ ਜਾਂ ਨਾਮ ਦਾ ਸੋਝੀ ਹੁੰਦੀ ਹੈ। ਗੁਰਵਾਕ :

ਹਰਿ ਜੀਉ ਗੁਫਾ ਅੰਦਰਿ ਰਖਿ ਕੈ ਵਾਜਾ ਪਵਣੁ ਵਜਾਇਆ ॥
ਵਜਾਇਆ ਵਾਜਾ ਪਉਣੁ ਨਉ ਦੁਆਰੇ ਪਰਗਟੁ ਕੀਏ ਦਸਵਾ ਗੁਪਤੁ ਰਖਾਇਆ ॥
ਗੁਰਦੁਆਰੈ ਲਾਇ ਭਾਵਨੀ ਇਕਨਾ ਦਸਵਾ ਦੁਆਰੁ ਦਿਖਾਇਆ ॥
ਤਹ ਅਨੇਕ ਰੂਪ ਨਾਉ ਨਵਨਿਧਿ ਤਿਸ ਦਾ ਅੰਤੁ ਨ ਜਾਈ ਪਾਇਆ ॥
(ਮ: 3—922)

[15]ਕੁੰਮੀ ਜਲ ਮਾਹਿ ਤਨ ਤਿਸੁ ਬਾਹਰਿ ਪੰਖ ਖੀਰੁ ਤਿਨ੍ਹ ਨਾਹੀ ॥
ਪੂਰਨ ਪਰਮਾਨੰਦ ਮਨੋਹਰ ਸਮਝਿ ਦੇਖੁ ਮਨ ਮਾਹੀ ॥
[16]ਪਾਖਣਿ ਕੀਟੁ ਗੁਪਤੁ ਹੋਇ ਰਹਤਾ ਤਾ ਚੋ ਮਾਰਗੁ ਨਾਹੀ ॥
ਕਹੈ ਧੰਨਾ ਪੂਰਨ ਤਾਹੂ ਕੋ ਮਤ ਰੇ ਜੀਅ ਡਰਾਂਹੀ ॥ (ਧੰਨਾ ਜੀ, 488)

7. [17]ਘਟਿ ਘਟਿ ਕਥਾ ਰਜਨ ਕੀ ਚਾਲੈ ਘਰਿ ਘਰਿ ਤੁਝਹਿ ਉਮਾਹਾ ॥
[18]ਜੀਅ ਜੰਤ ਸਭਿ ਪਾਛੈ ਕਰਿਆ ਪ੍ਰਥਮੇ ਰਿਜਕੁ ਸਮਾਹਾਂ ॥ (ਮ: 5—1235)

8. [19]ਆਪੇ ਭਾਂਤਿ ਬਣਾਏ ਬਹੁਰੰਗੀ ਸਿਸਟਿ ਉਪਾਇ ਪ੍ਰਭਿ ਖੇਲੁ ਕੀਆ ॥
ਕਰਿ ਕਰਿ ਵੇਖੈ ਕਰੇ ਕਰਾਏ ਸਰਬ ਜੀਆ ਨੋ ਰਿਜਕੁ ਦੀਆ ॥ (ਮ: 3—1334)

9. [20]ਨਕਿ ਨਥ ਖਸਮ ਹਥ ਕਿਰਤੁ ਧਕੇ ਦੇ ॥
ਜਹਾ ਦਾਣੇ ਤਹਾਂ ਖਾਣੇ ਨਾਨਕਾ ਸਚੁ ਹੇ ॥ (ਮ: 2—653)

---

15. ਕੱਛੂ ਕੁੰਮੀ ਜਲ ਵਿਚ ਹੁੰਦੀ ਹੈ ਪਰ ਉਸਦੇ ਆਂਡੇ-ਬੱਚੇ ਬਾਹਰ ਹੁੰਦੇ ਹਨ। ਉਹ ਆਪਣੇ ਬੱਚਿਆਂ ਨੂੰ ਦੁੱਧ (ਖੀਰ) ਨਹੀਂ ਦਿੰਦੀ ਤਾਂ ਫਿਰ ਉਨ੍ਹਾਂ ਦੀ ਰੱਖਿਆ ਕੌਣ ਕਰਦਾ ਹੈ, ਉਨ੍ਹਾਂ ਨੂੰ ਰਿਜ਼ਕ ਜਾਂ ਰੋਜ਼ੀ ਕੌਣ ਪੁਚਾਉਂਦਾ ਹੈ ? ਭਾਵ ਪ੍ਰਭੂ ਹੀ ਹਰ ਇਕ ਦਾ ਰਾਜ਼ਕ ਹੈ 16. ਜੋ ਕੀੜਾ ਪੱਥਰ ਵਿਚ ਗੁਪਤ ਹੈ, ਉਸ ਲਈ ਬਾਹਰ ਜਾਣ ਦਾ ਕੋਈ ਰਸਤਾ ਨਹੀਂ ਹੁੰਦਾ। ਉਹ ਪਰਮੇਸ਼ਰ ਉਸ ਦੀ ਵੀ ਪ੍ਰਤਿਪਾਲਣਾ ਕਰਦਾ ਹੈ 17. ਘਟ ਘਟ ਵਿਚ ਹਰੀ ਰੂਪੀ ਰਾਜੇ ਦੀ ਚਰਚਾ ਹੈ ਅਤੇ ਉਸ ਲਈ ਉਤਸ਼ਾਹ ਹੈ 18. ਉਹਨੇ ਜੀਵ-ਜੰਤੂ ਪਿੱਛੋਂ ਪੈਦਾ ਕੀਤੇ ਹਨ, ਉਨ੍ਹਾਂ ਦਾ ਰਿਜਕ ਪਹਿਲੋਂ ਪੁਚਾਇਆ ਹੈ 19. ਉਸ ਨੇ ਆਪ ਹੀ ਭਾਂਤ-ਭਾਂਤ ਦੀ ਰਚਨਾ ਰਚ ਕੇ ਇਕ ਖੇਡ ਬਣਾਈ ਹੋਈ ਹੈ ਅਤੇ ਉਹ ਆਪ ਹੀ ਸਭ ਦੇ ਰਿਜ਼ਕ ਦਾ ਆਹਰ ਕਰਦਾ ਹੈ 20 ਹਰ ਇਕ ਦੀ ਨੱਥ ਉਸ ਪ੍ਰਭੂ ਦੇ ਹੱਥ ਵਿੱਚ ਹੈ. ਸਿਰਫ਼ ਕੀਤੇ ਹੋਏ ਕਰਮਾਂ ਦੇ ਕਾਰਨ ਧੱਕੇ ਖਾਣੇ ਪੈਂਦੇ ਹਨ ਅਤੇ ਜਿੱਥੇ-ਜਿੱਥੇ ਕਰਮਾਂ ਅਨੁਸਾਰ ਰਿਜ਼ਕ ਲਿਖਿਆ ਗਿਆ ਹੈ ਚੁਗਣ ਲਈ ਥਾਂ-ਥਾਂ ਜਾਣਾ ਪੈਂਦਾ ਹੈ।

ਬੇਪਰਵਾਹ

ਜੋ ਸਰਵ-ਸ਼ਕਤੀਮਾਨ, ਸਰਵ-ਗਿਆਤਾ, ਸਰਵ-ਵਿਆਪਕ ਹੋਵੇ ਉਸ ਨੂੰ ਚਿੰਤਾ ਕਾਹਦੀ ਹੋ ਸਕਦੀ ਹੈ ? ਉਹ ਕੁੱਲ ਮਾਲਿਕ, ਪਰਮ ਪੁਰਸ਼ ਸਾਰੀ ਰਚਨਾ ਦਾ ਕਰਤਾ ਹੈ। ਸਾਰੀ ਰਚਨਾ ਉਸ ਦੀ ਖੇਡ ਹੈ। ਜਿਸ ਤਰ੍ਹਾਂ ਵੀ ਉਹ ਕਿਸੇ ਜੀਵ ਨੂੰ ਖਿਡਾਉਣਾ ਚਾਹੇ,ਜੀਵ ਖੇਡਦਾ ਹੈ। ਉਸ ਦਾ ਹੋਰ ਕੋਈ ਸ਼ਰੀਕ ਨਹੀਂ ਅਤੇ ਨਾ ਹੀ ਕੋਈ ਸਲਾਹ ਮਸ਼ਵਰਾ ਦੇਣ ਵਾਲਾ ਜਾਂ ਰੋਕ-ਟੋਕ ਕਰਨ ਵਾਲਾ ਹੈ। ਹਰ ਪਾਸੇ ਉਸ ਨਿਰਭਉ ਤੇ ਬੇਪਰਵਾਹ ਦਾ ਹੀ ਹੁਕਮ ਚੱਲ ਰਿਹਾ ਹੈ। ਉਹ ਬੇਪਰਵਾਹ ਚਾਹੇ ਤਾਂ ਖਿਣ ਵਿੱਚ ਰਾਜੇ ਨੂੰ ਰੰਕ ਤੇ ਰੰਕ ਨੂੰ ਰਾਜਾ ਬਣਾ ਸਕਦਾ ਹੈ; ਜਲ ਤੋਂ ਥਲ ਤੇ ਥਲ ਤੋਂ ਜਲ ਕਰ ਸਕਦਾ ਹੈ; ਭੁੱਲੇ ਨੂੰ ਮਾਰਗ ਪਾ ਸਕਦਾ ਹੈ ਤੇ ਮਾਰਗ ਪਏ ਹੋਇ ਨੂੰ ਭੁਲਾ ਸਕਦਾ ਹੈ; ਮੂਰਖ ਤੋਂ ਪੰਡਿਤ ਤੇ ਪੰਡਿਤ ਤੋਂ ਮੂਰਖ ਬਣਾ ਸਕਦਾ ਹੈ।

ਉਸ ਬੇਪਰਵਾਹ ਪਾਸੋਂ ਕੋਈ ਵੀ ਬਖ਼ਸ਼ਿਸ਼ ਪ੍ਰਾਪਤ ਕਰਨ ਲਈ ਉਸ ਅੱਗੇ ਕੇਵਲ ਅਰਜੋਈ ਹੀ ਕਰਨੀ ਬਣਦੀ ਹੈ, ਉਸ ਨਾਲ ਕੋਈ ਜ਼ੋਰ ਨਹੀਂ ਚੱਲ ਸਕਦਾ। ਉਸ ਬੇਪਰਵਾਹ ਨੇ ਕਈਆਂ ਨੂੰ ਆਪ ਹੀ ਆਪਣੀ ਭਗਤੀ ਵਿੱਚ ਲਾਇਆ ਹੋਇਆ ਹੈ ਅਤੇ ਕਈਆਂ ਨੂੰ ਭਰਮ ਵਿੱਚ ਭੁਲਾਇਆ ਹੋਇਆ ਹੈ।

1. [1]ਦਾਤੀ ਸਾਹਿਬ ਸੰਦੀਆ[2] ਕਿਆ ਚਲੈ ਤਿਸੁ ਨਾਲਿ ॥
   ਇਕਿ ਜਾਗੰਦੇ ਨਾ ਲਹੰਨਿ ਇਕਨਾ ਸੁਤਿਆ ਦੇਇ ਉਠਾਲਿ ॥ (ਮ: 1—83)
2. ਕਿਆ ਹੰਸੁ ਕਿਆ ਬਗੁਲਾ ਜਾਕਉ ਨਦਰਿ ਕਰੇਇ ॥
   ਜੋ ਤਿਸੁ ਭਾਵੈ ਨਾਨਕਾ ਕਾਗਹੁ ਹੰਸੁ ਕਰੇਇ ॥ (ਮ: 1—91)
3. ਜਿਸਹਿ ਦਿਖਾਲਾ ਵਾਟੜੀ[3] ਤਿਸਹਿ ਭੁਲਾਵੈ ਕਉਣੁ ॥
   ਜਿਸਹਿ ਭੁਲਾਈ ਪੰਧ ਸਿਰਿ ਤਿਸਹਿ ਦਿਖਾਵੈ ਕਉਣੁ ॥ (ਮ: 1—952)
4. [4]ਸੀਹਾ ਬਾਜਾ ਚਰਗਾ ਕੁਹੀਆ ਏਨਾ ਖਵਾਲੇ ਘਾਹ ॥
   ਘਾਹੁ ਖਾਨਿ ਤਿਨਾ ਮਾਸੁ ਖਵਾਲੇ ਏਹਿ ਚਲਾਏ ਰਾਹ ॥
   ਨਦੀਆ ਵਿਚਿ ਟਿਬੇ ਦੇਖਾਲੇ [5]ਥਲੀ ਕਰੇ ਅਸਗਾਹ ॥
   ਕੀੜਾ ਥਾਪਿ ਦੇਇ ਪਾਤਿਸਾਹੀ ਲਸਕਰ ਕਰੇ ਸੁਆਹ ॥ (ਮ: 1—144)

---

1. ਦਾਤਾਂ ਉਸ ਪਰਮੇਸ਼ਰ ਦੀਆਂ ਹਨ 2. ਉਸ ਨਾਲ ਕਿਸੇ ਦਾ ਚਾਰਾ ਨਹੀਂ ਚੱਲਦਾ, ਭਾਵ ਕੋਈ ਜ਼ਬਰਦਸਤੀ ਉਸ ਤੋਂ ਕੋਈ ਚੀਜ਼ ਨਹੀਂ ਲੈ ਸਕਦਾ 3. ਰਸਤਾ 4. ਸੀਹਾ=ਸ਼ੇਰਾਂ; ਚਰਗਾ=ਇੱਕ ਸ਼ਿਕਾਰੀ ਪੰਛੀ ; ਕੁਹੀਆ=ਇੱਕ ਸ਼ਿਕਾਰੀ ਪੰਛੀ 5. ਥਲਾਂ ਨੂੰ ਜਲ ਨਾਲ ਭਰ ਦਵੇ।

5. ਜਲ ਤੇ ਥਲ ਕਰਿ ਥਲ ਤੇ ਕੂਆ[6] ਕੂਪ ਤੇ ਮੇਰੁ[7] ਕਰਾਵੈ ॥
ਧਰਤੀ ਤੇ ਆਕਾਸਿ ਚਢਾਵੈ ਚਢੇ ਅਕਾਸਿ ਗਿਰਾਵੈ ॥
ਭੇਖਾਰੀ ਤੇ ਰਾਜੁ ਕਰਾਵੈ ਰਾਜਾ ਤੇ ਭੇਖਾਰੀ ॥
ਖਲ[8] ਮੂਰਖ ਤੇ ਪੰਡਿਤੁ[9] ਕਰਿਬੋ ਪੰਡਿਤ ਤੇ ਮੁਗਧਾਰੀ[10] ॥
ਨਾਰੀ ਤੇ ਜੋ ਪੁਰਖੁ ਕਰਾਵੈ ਪੁਰਖਨ ਤੇ ਜੋ ਨਾਰੀ ॥
ਕਹੁ ਕਬੀਰ ਸਾਧੂ ਕੋ ਪ੍ਰੀਤਮੁ ਤਿਸੁ ਮੂਰਤਿ ਬਲਿਹਾਰੀ ॥ (ਕਬੀਰ, 1252)
6. ਹਰਿ ਆਪੇ ਵੇਖੈ ਵਿਗਸੈ[11] ਆਪੇ ਜਿਤੁ ਭਾਵੈ ਤਿਤੁ ਲਾਏ ॥
ਹਰਿ ਇਕਨਾ ਮਾਰਗਿ ਪਾਏ ਆਪੇ ਹਰਿ ਇਕਨਾ ਉਝੜਿ[12] ਪਾਏ ॥ (550)
7. ਇਕਿ ਭਰਮਿ ਭੁਲਾਏ ਇਕਿ ਭਗਤੀ ਰਾਤੇ ਤੇਰਾ ਖੇਲੁ ਅਪਾਰਾ ॥
ਜਿਤੁ ਤੁਧੁ ਲਾਏ ਤੇਹਾ ਫਲੁ ਪਾਇਆ ਤੂ ਹੁਕਮਿ ਚਲਾਵਣਹਾਰਾ ॥ (635)
8. ਆਪੇ ਭਾਂਡੇ ਸਾਜਿਅਨੁ ਆਪੇ ਪੂਰਣੁ ਦੇਇ ॥
ਇਕਨੀ ਦੁਧੁ ਸਮਾਈਐ ਇਕਿ ਚੁਲੈ ਰਹਨਿ੍ ਚੜੇ ॥
[13]ਇਕਿ ਨਿਹਾਲੀ ਪੈ ਸਵਨਿ੍ ਇਕਿ ਉਪਰਿ ਰਹਨਿ ਖੜੇ ॥
ਤਿਨਾ੍ ਸਵਾਰੇ ਨਾਨਕਾ ਜਿਨ ਕਉ ਨਦਰਿ ਕਰੇ ॥ (ਮ: 1–475)
9. ਕਹਤ ਨਾਨਕੁ ਤੂ ਸਾਚਾ ਸਾਹਿਬੁ ਕਉਣੁ ਜਾਣੈ ਤੇਰੇ ਕਾਮਾਂ ॥
ਇਕਨਾ ਘਰ ਮਹਿ ਦੇ ਵਡਿਆਈ ਇਕਿ ਭਰਮਿ ਭਵਹਿ ਅਭਿਮਾਨਾ ॥ (797)
10. ਊਚਾ ਤੇ ਫੁਨਿ[14] ਨੀਚੁ ਕਰਤੁ ਹੈ ਨੀਚ ਕਰੈ ਸੁਲਤਾਨੁ ॥
[15]ਜਿਨੀ ਜਾਣੁ ਸੁਜਾਣਿਆ ਜਗਿ ਤੇ ਪੂਰੇ ਪਰਵਾਣੁ ॥ (ਮ: 1—1329)
11. ਛਿਨ ਮਹਿ [16]ਰਾਉ ਰੰਕ ਕਉ ਕਰਈ ਰਾਉ ਰੰਕ ਕਰਿ ਡਾਰੇ ॥
[17]ਰੀਤੇ ਭਰੇ ਭਰੇ ਸਖਨਾਵੈ[18] ਯਹ ਤਾ ਕੋ ਬਿਵਹਾਰੇ ॥ (ਮ: 9—537)
12. ਮਤਾ ਕਰੈ ਪਛਮ ਕੈ ਤਾਈ ਪੂਰਬ ਹੀ ਲੈ ਜਾਤ ॥
ਖਿਨ ਮਹਿ ਥਾਪਿ ਉਥਾਪਨਹਾਰਾ [19]ਆਪਨ ਹਾਥਿ ਮਤਾਤ ॥(ਮ: 5—496)
13. ਅਨਿਕ ਉਪਾਵ ਚਿਤਵੀਅਹਿ ਬਹੁਤੇਰੇ ਸਾ ਹੋਵੈ ਜਿ ਬਾਤ ਹੋਵੈਨੀ ॥
ਅਪਨਾ ਭਲਾ ਸਭੁ ਕੋਈ ਬਾਛੈ ਸੋ ਕਰੇ ਜਿ ਮੇਰੈ ਚਿਤਿ ਨ ਚਿਤੇਨੀ ॥ (800)
14. [20]ਕੁਮਾਰੈ ਏਕ ਜੁ ਮਾਟੀ ਗੂੰਧੀ ਬਹੁ ਬਿਧਿ ਬਾਨੀ ਲਾਈ ॥

---

6. ਕੂਆ=ਖੂਹ, ਕੂਪ=ਖੂਹ 7. ਪਰਬਤ 8. ਮੂਰਖ 9. ਸਿਆਣਾ 10. ਮੂਰਖ 11. ਪ੍ਰਸੰਨ ਹੁੰਦਾ ਹੈ 12. ਕੁਰਾਹੇ 13. ਇੱਕ ਗੱਦਿਆ ਉੱਤੇ ਸੁੱਤੇ ਹੁੰਦੇ ਹਨ, ਦੂਜੇ ਸੁੱਤਿਆਂ ਹੋਇਆਂ ਦੇ ਪਹਿਰੇਦਾਰ ਜਾਂ ਸੇਵਾਦਾਰ ਬਣ ਕੇ ਖੜੇ ਰਹਿੰਦੇ ਹਨ 14. ਫਿਰ ਦੁਬਾਰਾ 15. ਜਿਨ੍ਹਾਂ ਨੇ ਉਸ ਜਾਣਨਹਾਰ ਹਰੀ ਨੂੰ ਚੰਗੀ ਤਰ੍ਹਾਂ ਜਾਣ ਲਿਆ 16. ਰਾਉ=ਰਾਜਾ; ਰੰਕ=ਭਿਖਾਰੀ 17 ਭਰੇ ਹੋਏ 18. ਖਾਲੀ ਕਰ ਦਵੇ 19. ਸਭ ਮਤੇ ਉਹਦੇ ਆਪਣੇ ਹੱਥ ਹਨ 20. ਘੁਮਿਆਰ ਨੇ ਇੱਕੋ ਮਿੱਟੀ ਗੁੰਨ੍ਹ ਕੇ ਇਸ ਵਿੱਚੋਂ ਕਈ ਰੰਗਾਂ ਦੇ ਭਾਂਡੇ ਬਣਾਏ ਹਨ।

[21]ਕਾਹੂ ਮਹਿ ਮੋਤੀ ਮੁਕਤਾਹਲ ਕਾਹੂ ਬਿਆਧਿ ਲਗਾਈ ॥ (ਕਬੀਰ, 479)

15. ਦਾਤੇ ਦਾਤਿ ਰਖੀ ਹਥਿ ਅਪਣੈ ਜਿਸੁ ਭਾਵੈ ਤਿਸੁ ਦੇਈ ॥
ਨਾਨਕ ਨਾਮਿ ਰਤੇ ਸੁਖੁ ਪਾਇਆ ਦਰਗਹ ਜਾਪਹਿ ਸੇਈ ॥ (ਮ: 3—604)

ਹਉਮੈ

ਆਪਣੇ ਆਪ ਨੂੰ ਪਰਮੇਸ਼ਰ ਤੋਂ ਵੱਖਰਾ ਸਮਝਣਾ, ਅਪਣੀ ਵੱਖਰੀ ਹਸਤੀ ਕਾਇਮ ਕਰਨ ਦੀ ਕੋਸ਼ਿਸ਼ ਕਰਨਾ ਹੀ ਹਉਮੈ ਹੈ। ਹਉਮੈ ਕਾਰਨ ਜੀਵ ਪਰਮੇਸ਼ਰ ਦੇ ਹੁਕਮ ਅਨੁਸਾਰ ਜਗਤ ਵਿੱਚ ਵਿਚਰਨ ਦੀ ਥਾਂ ਆਪਣਾ ਹੁਕਮ ਚਲਾਉਣਾ ਚਾਹੁੰਦਾ ਹੈ। ਹਉਮੈ ਅਤੇ ਹੰਕਾਰ ਵਿੱਚ ਅੰਤਰ ਹੈ। ਹੰਕਾਰ ਦਾ ਭਾਵ ਆਪਣੇ ਆਪ ਨੂੰ ਵੱਡਾ ਸਮਝਣਾ ਹੈ ਅਤੇ ਹਉਮੈ ਦਾ ਭਾਵ ਆਪਣੇ ਆਪ ਨੂੰ ਵੱਖਰਾ ਸਮਝਣਾ ਹੈ। ਅਸਲ ਵਿੱਚ ਹਉਮੈ ਹੀ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਸਭ ਦਾ ਮੂਲ ਕਾਰਨ ਹੈ।

ਸਾਰਾ ਜੱਗ ਹਉਮੈ ਵਿੱਚ ਗ੍ਰੱਸਿਆ ਹੋਇਆ ਹੈ ਅਤੇ ਦਿਨ-ਰਾਤ 'ਮੇਰੀ-ਮੇਰੀ' ਕਰ ਰਿਹਾ ਹੈ। ਅਗਿਆਨੀ ਲੋਕਾਂ ਦੇ ਸਭ ਕਰਮ ਹਉਮੈ ਵੱਸ ਹੁੰਦੇ ਹਨ। ਹਉਮੈ ਜੀਵ ਨੂੰ ਰਚਨਾ ਨਾਲ ਬੰਨ੍ਹ ਕੇ ਰੱਖਣ ਵਾਲਾ ਬਹੁਤ ਤਕੜਾ ਬੰਧਨ ਹੈ। ਹਉਮੈ ਵੱਸ ਹੋਏ ਮਨਮੁੱਖ ਹੁਕਮ ਬੁੱਝਣ ਅਤੇ ਸ਼ਬਦ ਨੂੰ ਪਛਾਣਨ ਦੇ ਸਮਰੱਥ ਨਹੀਂ ਹੋ ਸਕਦੇ। ਉਹ ਸੰਸਾਰ ਵਿੱਚ ਹਉਂ-ਮੁਖੀ ਕਰਮ ਕਰੀ ਜਾਂਦੇ ਹਨ ਅਤੇ ਇਨ੍ਹਾਂ ਕਰਮਾਂ ਦਾ ਫਲ ਭੋਗਣ ਲਈ ਸਦਾ ਜਨਮ-ਮਰਨ ਦੇ ਦੁੱਖਾ ਵਿੱਚ ਫਸੇ ਰਹਿੰਦੇ ਹਨ।

ਹਉਮੈ ਦੀਰਘ ਰੋਗ ਹੈ, ਪਰ ਇਸ ਦਾ ਸ਼ਬਦ-ਰੂਪੀ ਦਾਰੂ ਵੀ ਪਰਮੇਸ਼ਰ ਨੇ ਜੀਵ ਦੇ ਆਪਣੇ ਅੰਦਰ ਰੱਖਿਆ ਹੈ। ਜਦ ਜੀਵ ਅਕਾਲਪੁਰਖ ਦੀ ਦਇਆ ਨਾਲ ਗੁਰੂ ਦੇ ਸਬਦ ਦੀ ਕਮਾਈ ਕਰਦਾ ਹੈ, ਤਾਂ ਉਹ ਆਪਣੇ ਆਪ ਨੂੰ ਉਸ ਕਰਤਾ ਦੇ ਹੁਕਮ ਅਧੀਨ ਕਰ ਦਿੰਦਾ ਹੈ। ਸ਼ਬਦ ਅਤੇ ਹੁਕਮ ਹਉਮੈ ਦੇ ਵਿਰੋਧੀ ਹਨ। ਨਾਮ ਦੀ ਕਮਾਈ ਕਰਨ ਅਤੇ ਪਰਮੇਸ਼ਰ ਦਾ ਭਾਣਾ ਮੰਨਣ ਨਾਲ, ਹਉਮੈ ਦੀ ਬੀਮਾਰੀ ਦੂਰ ਹੋ ਜਾਂਦੀ ਹੈ ਅਤੇ ਜੀਵ ਕੁਲ ਮਾਲਕ ਨਾਲ ਮਿਲਾਪ ਕਰਨ ਦੇ ਸਮਰੱਥ ਹੋ ਜਾਂਦਾ ਹੈ। ਮਨ-ਮੁੱਖਤਾ ਦਾ ਤਿਆਗ ਅਤੇ ਗੁਰਮਤਿ ਵਿੱਚ ਪਰਵੇਸ਼ ਹੀ ਹਉਮੈ ਦਾ ਅਸਲ ਦਾਰੂ ਹੈ।

•

1. ਹਉਮੈ ਕਰੀ ਤਾ ਤੂ ਨਾਹੀ ਤੂ ਹੋਵਹਿ ਹਉ ਨਾਹਿ ॥
ਬੂਝਹੁ ਗਿਆਨੀ ਬੂਝਣਾ ਏਹ ਅਕਥ ਕਥਾ ਮਨ ਮਾਹਿ ॥ (ਮ: 1—1092)

---

21. ਕਈਆਂ ਵਿੱਚ ਮੋਤੀਆਂ ਦੀਆਂ ਲੜੀਆਂ ਜੜੀਆਂ ਹਨ ਅਤੇ ਕਈਆਂ ਵਿੱਚ ਕਈ ਨੁਕਸ (ਬਿਆਧਿ) ਲਾ ਦਿੱਤੇ ਹਨ।

2. ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ ॥
ਹਉਮੈ ਵਿਚਿ ਸੇਵਾ ਨ ਹੋਵਈ ਤਾ ਮਨੁ ਬਿਰਥਾ ਜਾਇ ॥ (ਮ: 3—560)

3. ਹਉਮੈ ਸਭੁ ਸਰੀਰੁ ਹੈ ਹਉਮੈ ਓਪਤਿ[1] ਹੋਇ ॥
ਹਉਮੈ ਵਡਾ ਗੁਬਾਰੁ[2] ਹੈ ਹਉਮੈ ਵਿਚਿ ਬੁਝਿ ਨ ਸਕੈ ਕੋਇ ॥
ਹਉਮੈ ਵਿਚਿ ਭਗਤਿ ਨ ਹੋਵਈ ਹੁਕਮੁ ਨ ਬੁਝਿਆ ਜਾਇ ॥
ਹਉਮੈ ਵਿਚਿ ਜੀਉ ਬੰਧੁ ਹੈ ਨਾਮੁ ਨ ਵਸੈ ਮਨਿ ਆਇ ॥ (ਮ: 3—560)

4. ਹਉਮੈ ਦੀਰਘ[3] ਰੋਗੁ ਹੈ [4]ਦਾਰੂ ਭੀ ਇਸੁ ਮਾਹਿ ॥
ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ ॥ (ਮ: 1—466)

5. ਇਹੁ ਸਰੀਰੁ ਮਾਇਆ ਕਾ ਪੁਤਲਾ ਵਿਚਿ ਹਉਮੈ ਦੁਸਟੀ ਪਾਈ ॥
ਆਵਣੁ ਜਾਣਾ ਜੰਮਣੁ ਮਰਣਾ ਮਨਮੁਖਿ ਪਤਿ ਗਵਾਈ ॥ (ਮ: 3—31)

6. ਅੰਤਰਿ ਅਲਖੁ ਨ ਜਾਈ ਲਖਿਆ ਵਿਚਿ ਪੜਦਾ ਹਉਮੈ ਪਾਈ ॥
ਮਾਇਆ ਮੋਹਿ ਸਭੋ ਜਗੁ ਸੋਇਆ ਇਹੁ ਭਰਮੁ ਕਹਹੁ ਕਿਉ ਜਾਈ ॥
ਏਕਾ ਸੰਗਤਿ ਇਕਤੁ ਗ੍ਰਿਹਿ ਬਸਤੇ ਮਿਲਿ ਬਾਤ ਨ ਕਰਤੇ ਭਾਈ ॥
ਏਕ ਬਸਤੁ ਬਿਨੁ ਪੰਚ ਦੁਹੇਲੇ ਓਹ ਬਸਤੁ ਅਗੋਚਰ ਠਾਈ ॥
ਜਿਸਕਾ ਗ੍ਰਿਹੁ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਾਈ ॥
ਅਨਿਕ ਉਪਾਵ ਕਰੇ ਨਹੀ ਪਾਵੈ ਬਿਨੁ ਸਤਿਗੁਰ ਸਰਣਾਈ ॥ (ਮ: 5—204)

7. ਜਿਨ ਕਉ ਪੂਰਬਿ ਲਿਖਿਆ ਤਿਨਾ ਸਤਗੁਰੁ ਮਿਲਿਆ ਪ੍ਰਭੁ ਆਇ ॥
ਨਾਨਕ ਗੁਰ ਪਰਸਾਦੀ ਉਬਰੇ ਹਉਮੈ ਸਬਦਿ ਜਲਾਇ ॥ (ਮ: 3—592)

8. ਹਉਮੈ ਵਿਚਿ ਜਗੁ ਬਿਨਸਦਾ[5] ਮਰਿ ਜੰਮੈ ਆਵੈ ਜਾਇ ॥
ਮਨਮੁਖ ਸਬਦੁ ਨਾ ਜਾਣਨੀ ਜਾਸਨਿ ਪਤਿ ਗਵਾਇ ॥ (ਮ: 3—33)

9. ਹਉਮੈ ਕਰਤਾ ਜਗੁ ਮੁਆ ਗੁਰ ਬਿਨੁ ਘੋਰ ਅੰਧਾਰੁ ॥
ਮਾਇਆ ਮੋਹਿ ਵਿਸਾਰਿਆ ਸੁਖਦਾਤਾ ਦਾਤਾਰੁ ॥ (ਮ: 3—34)

---

1. ਪੈਦਾ 2. ਹਨੇਰਾ, ਅੰਧਕਾਰ 3. ਚਿਰੋਕਾ, ਪੁਰਾਣਾ 4. 'ਦਾਰੂ ਭੀ ਇਸ ਮਾਹਿ'—ਦਾ ਇਹ ਅਰਥ ਕੀਤਾ ਜਾਦਾ ਹੈ ਕਿ ਹਉਮੈ ਦਾ ਇਲਾਜ ਵੀ ਹਉਮੈ ਵਿੱਚ ਹੈ ਪਰੰਤੂ ਗੁਰੂ ਸਾਹਿਬ ਅਗਲੀ ਤੁਕ ਵਿੱਚ ਕਹਿੰਦੇ ਹਨ ਕਿ ਹਉਮੈ ਦਾ ਇਲਾਜ ਸਤਿਗੁਰੂ ਦੇ ਸ਼ਬਦ ਦੀ ਕਮਾਈ ਹੈ, ਜਿਸ ਦੀ ਪ੍ਰਾਪਤੀ ਪ੍ਰਭੂ ਦੀ ਕਿਰਪਾ ਨਾਲ ਹੁੰਦੀ ਹੈ। ਇਸ ਲਈ 'ਦਾਰੂ ਭੀ ਇਸੁ ਮਾਹਿ' ਅਰਥ ਇਹ ਹੈ ਕਿ ਇਸ ਰੋਗ ਦਾ ਦਾਰੂ ਭਾਵ ਵੀ ਜੀਵ ਦੇ ਆਪਣੇ ਅੰਦਰ ਰੱਖਿਆ ਗੁਰੂ-ਸ਼ਬਦ ਹੈ ਜਿਸ ਦੀ ਪ੍ਰਾਪਤੀ ਪ੍ਰਭੂ ਦੀ ਕਿਰਪਾ ਨਾਲ ਹੁੰਦੀ ਹੈ।ਜੇ ਹਉਮੈ ਹੀ ਹਉਮੈ ਦਾ ਦਾਰੂ ਹੈ ਤਾ ਹਉਮੈ ਰੋਗ ਕਿਸ ਤਰ੍ਹਾਂ ਹੋਇਆ ? ਜੇ ਹਉਮੈ ਹਉਮੈ ਦਾ ਇਲਾਜ ਹੈ ਤਾਂ ਹਉਮੈ ਵਧਾਉਣ ਦੀ ਲੋੜ ਹੋਈ, ਨਾਸ਼ ਕਰਨ ਦੀ ਨਹੀਂ 5. ਟੁੱਟਦਾ, ਮਰਦਾ।

10. ਸਭ ਕਿਛੁ ਆਪੇ ਆਪਿ ਹੈ ਹਉਮੈ ਵਿਚਿ ਕਹਨੁ ਨ ਜਾਇ ॥
ਗੁਰ ਕੈ ਸਬਦਿ ਪਛਾਣੀਐ ਦੁਖੁ ਹਉਮੈ ਵਿਚਹੁ ਗਵਾਇ ॥ (ਮ: 3—35)

11. ਹਉ ਹਉ ਕਰਦੀ ਸਭ ਫਿਰੈ ਬਿਨੁ ਸਬਦੈ ਹਉ ਨ ਜਾਇ ॥
ਨਾਨਕ ਨਾਮਿ ਰਤੇ ਤਿਨ ਹਉਮੈ ਗਈ ਸਚੈ ਰਹੇ ਸਮਾਇ ॥ (ਮ: 3—426)

12. ਦੁਖਿ ਸੁਖਿ ਏਹੁ ਜੀਉ ਬਧੁ[6] ਹੈ ਹਉਮੈ ਕਰਮ ਕਮਾਇ ॥
ਬਿਨੁ ਸਬਦੈ ਭਰਮੁ ਨ ਚੂਕਈ ਨਾ ਵਿਚਹੁ ਹਉਮੈ ਜਾਇ ॥ (ਮ: 3—67)

13. ਜਿਤੁ ਤਨਿ ਨਾਮੁ ਨ ਭਾਵਈ ਤਿਤੁ ਤਨਿ ਹਉਮੈ ਵਾਦੁ[7] ॥
ਗੁਰ ਬਿਨੁ ਗਿਆਨੁ ਨ ਪਾਈਐ ਬਿਖਿਆ[8] ਦੂਜਾ ਸਾਦੁ[9] ॥ (ਮ: 1—61)

14. ਜਗਿ ਹਉਮੈ ਮੈਲੁ ਦੁਖੁ ਪਾਇਆ ਮਲੁ ਲਾਗੀ ਦੂਜੈ ਭਾਇ ॥
ਮਲੁ ਹਉਮੈ ਧੋਤੀ ਕਿਵੈ ਨ ਉਤਰੈ ਜੇ ਸਉ ਤੀਰਥ ਨਾਇ ॥ (ਮ: 3—39)

15. ਹਉਮੈ ਰੋਗਿ ਸਭੁ ਜਗਤੁ ਬਿਆਪਿਆ ਤਿਨ ਕਉ ਜਨਮ ਮਰਣ ਦੁਖੁ ਭਾਰੀ ॥
ਗੁਰ ਪਰਸਾਦੀ ਕੋ ਵਿਰਲਾ ਛੂਟੈ ਤਿਸੁ ਜਨ ਕਉ ਹਉ ਬਲਿਹਾਰੀ ॥ (735)

16. ਹਉ ਹਉ ਕਰਤੀ ਸਭ ਮੁਈ ਸੰਪਉ[10] ਕਿਸੈ ਨ ਨਾਲਿ ॥
ਦੂਜੈ ਭਾਇ ਦੁਖੁ ਪਾਇਆ ਸਭ ਜੋਹੀ ਜਮਕਾਲਿ ॥ (ਮ: 3—84)

17. [11]ਰੰਗ ਸੰਗਿ ਬਿਖਿਆ ਕੇ ਭੋਗਾ ਇਨ ਸੰਗਿ ਅੰਧ ਨ ਜਾਨੀ ॥
[12]ਹਉ ਸੰਚਉ ਹਉ ਖਾਟਤਾ ਸਗਲੀ ਅਵਧ ਬਿਹਾਨੀ ॥
[13]ਹਉ ਸੂਰਾ ਪਰਧਾਨੁ ਹਉ ਕੋ ਨਾਹੀ ਮੁਝਹਿ ਸਮਾਨੀ ॥
[14]ਜੋਬਨਵੰਤ ਅਚਾਰ ਕੁਲੀਨਾ ਮਨ ਮਹਿ ਹੋਇ ਗੁਮਾਨੀ ॥ (ਮ: 5—242)

18. [15]ਆਪਸ ਕਉ ਦੀਰਘੁ ਕਰਿ ਜਾਨੈ ਅਉਰਨ ਕਉ ਲਗਮਾਤ ॥
ਮਨਸਾ ਬਾਚਾ ਕਰਮਨਾ ਮੈ ਦੇਖੇ ਦੋਜਕ[16] ਜਾਤ ॥ (ਕਬੀਰ, 1105)

19. ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ ॥
ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ ॥ (ਮ: 1—466)

20. ਨਾਨਕ ਹਉਮੈ ਰੋਗ ਬੁਰੇ ॥
ਜਹ ਦੇਖਾਂ ਤਹ ਏਕਾ ਬੇਦਨ[17] ਆਪੇ ਬਖਸੈ ਸਬਦਿ ਧੁਰੇ ॥ (ਮ: 1—1153)

---

6. ਬੰਧਨ ; ਜੀਵ ਦੁੱਖ, ਸੁੱਖ ਦੇ ਬੰਧਨ ਵਿੱਚ ਬੱਝਾ ਹੋਇਆ ਹੈ 7. ਝਗੜਾ 8. ਜ਼ਹਿਰ 9. ਸੁਆਦ 10. ਧਨ, ਪਦਾਰਥ, ਸੰਪਤੀ 11. ਭੋਗਾਂ ਦੇ ਰੰਗ-ਤਮਾਸ਼ੇ ਜ਼ਹਿਰ ਸਮਾਨ ਹਨ, ਜੋ ਜੀਵ ਨੂੰ ਅੰਨ੍ਹਾ ਕਰ ਦਿੰਦੇ ਹਨ 12. ਹਉਮੈ ਵੱਸ ਇਨ੍ਹਾਂ ਨੂੰ ਇਕੱਠਾ ਕਰਦਿਆਂ ਸਾਰੀ ਉਮਰ ਬੀਤ ਜਾਂਦੀ ਹੈ 13. ਹਉਮੈ ਕਾਰਨ ਆਪਣੇ ਆਪ ਨੂੰ ਵੱਡਾ ਸੂਰਮਾ ਜਾਂ ਮੋਹਰੀ ਸਮਝਦਾ ਹੈ ਅਤੇ ਕਿਸੇ ਨੂੰ ਆਪਣੇ ਵਰਗਾ ਨਹੀਂ ਸਮਝਦਾ 14 ਮਨ ਵਿੱਚ ਜੋਬਨ ਦਾ, ਆਚਾਰ (ਕਰਨੀ) ਦਾ ਅਤੇ ਉੱਚੀ ਕੁਲ ਦਾ ਮਾਨ ਕਰਦਾ ਹੈ 15. ਆਪਣੇ ਆਪ ਨੂੰ ਭਾਰਾ (ਗੁਣਵਾਨ) ਸਮਝਦਾ ਹੈ ਅਤੇ ਦੂਜਿਆਂ ਨੂੰ ਹਲਕਾ, ਛੋਟਾ ਜਾਂ ਤੁੱਛ ਸਮਝਦਾ ਹੈ 16. ਨਰਕ 17. ਪੀੜ ।

21. ਹਉਮੈ ਬਿਖੁ ਪਾਇ ਜਗਤੁ ਉਪਾਇਆ ਸਬਦੁ ਵਸੈ ਬਿਖੁ ਜਾਇ ॥
[18]ਜਰਾ ਜੋਹਿ ਨ ਸਕਈ ਸਚਿ ਰਹੈ ਲਿਵ ਲਾਇ ॥
ਜੀਵਨ ਮੁਕਤੁ ਸੋ ਆਖੀਐ ਜਿਸੁ ਵਿਚਹੁ ਹਉਮੈ ਜਾਇ ॥ (ਮ: 1—1010)

22. ਹਉਮੈ ਸਭਾ ਗਣਤ ਹੈ ਗਣਤੈ ਨਉ ਸੁਖੁ ਨਾਹਿ ॥
ਬਿਖੁ ਕੀ ਕਾਰ ਕਮਾਵਣੀ ਬਿਖੁ ਹੀ ਮਾਹਿ ਸਮਾਇ ॥ (ਮ: 3—36)

23. [19]ਤ੍ਰਿਭਵਣ ਢੂਢੀ ਸਜਣਾ ਹਉਮੈ ਬੁਰੀ ਜਗਤਿ ॥
[20]ਨਾ ਝੁਰੁ ਹੀਅੜੇ ਸਚੁ ਚਉ ਨਾਨਕ ਸਚੋ ਸਚੁ ॥ (ਮ: 3—1088)

24. [21]ਖੁਦੀ ਮਿਟੀ ਤਬ ਸੁਖ ਭਏ ਮਨ ਤਨ ਭਏ ਅਰੋਗ ॥
ਨਾਨਕ ਦ੍ਰਿਸਟੀ ਆਇਆ ਉਸਤਤਿ ਕਰਨੈ ਜੋਗੁ ॥ (ਮ: 5—260)

25. ਜਿਨਿ ਰਚਿ ਰਚਿਆ ਪੁਰਖਿ ਬਿਧਾਤੈ ਨਾਲੇ ਹਉਮੈ ਪਾਈ ॥
ਜਨਮ ਮਰਣੁ ਉਸਹੀ ਕਉ ਹੈ ਰੇ ਓਹਾ ਆਵੈ ਜਾਈ ॥ (ਮ: 5—999)

26. ਇਕਿ ਭਸਮ ਲਗਾਇ ਫਿਰਹਿ ਭੇਖਧਾਰੀ ॥ ਬਿਨੁ ਸਬਦੈ ਹਉਮੈ ਕਿਨਿ ਮਾਰੀ ॥
ਅਨਦਿਨੁ ਜਲਤ ਰਹਹਿ ਦਿਨੁ ਰਾਤੀ ਭਰਮਿ ਭੇਖ ਭਰਮਾਈ ਹੇ ॥
(ਮ: 3—1046)

27. ਹਉਮੈ ਵਡਾ ਰੋਗੁ ਹੈ ਭਾਇ ਦੂਜੈ ਕਰਮ ਕਮਾਇ ॥
ਨਾਨਕ ਮਨਮੁਖਿ ਜੀਵਦਿਆ ਮੁਏ ਹਰਿ ਵਿਸਰਿਆ ਦੁਖੁ ਪਾਇ ॥
(ਮ: 3—589)

---

18. ਬੁਢਾਪਾ ਅਸਰ ਨਹੀਂ ਕਰ ਸਕਦਾ 19. ਤਿੰਨ ਭਵਨਾਂ, (ਤਿੰਨਾਂ ਲੋਕਾਂ) ਵਿੱਚ ਸਭ ਤੋਂ ਬੁਰੀ ਚੀਜ਼ ਹਉਮੈ ਹੈ 20. ਆਪਣੇ ਅੰਦਰ ਨਾ ਝੂਰ, ਸੱਚਾ ਨਾਮ ਪ੍ਰਾਪਤ ਕਰ, ਜਿਸ ਨਾਲ ਸਭ ਕੁਝ ਸੱਚਾ ਹੋ ਜਾਵੇ 21. ਹੰਕਾਰ ਜਾਂ ਹਉਮੈ ਦੇ ਮਿਟਣ ਨਾਲ ਤਨ-ਮਨ ਅਰੋਗ ਹੁੰਦੇ ਹਨ ।

ਡਿੰਭੀ ਗੁਰੂ

ਦੁਨੀਆਂ ਕਈ ਤਰ੍ਹਾਂ ਦੇ ਗੁਰੂਆਂ ਨਾਲ ਭਰੀ ਪਈ ਹੈ। ਸ਼ਕਾਇਤ ਕੀਤੀ ਜਾਂਦੀ ਹੈ ਕਿ ਸੰਸਾਰ ਵਿੱਚ ਗੁਰੂਆਂ ਦੀ ਗਿਣਤੀ ਸਿੱਖਾਂ-ਸੇਵਕਾਂ ਦੀ ਗਿਣਤੀ ਤੋਂ ਵੀ ਵੱਧ ਹੈ। ਇਸੇ ਲਈ ਪੂਰਨ ਸੰਤਾਂ-ਮਹਾਤਮਾਂ ਨੇ ਅਤੇ ਗੁਰੂ ਸਾਹਿਬਾਨ ਨੇ ਸੱਚੇ ਗੁਰੂ, ਪੂਰੇ ਗੁਰੂ ਦੀ ਉਪਮਾ ਕਰਨ ਦੇ ਨਾਲ-ਨਾਲ ਪਾਖੰਡੀ, ਭੇਖੀ, ਝੂਠੇ, ਅਧੂਰੇ ਜਾਂ ਡਿੰਭੀ ਗੁਰੂ ਤੋਂ ਵੀ ਖ਼ਬਰਦਾਰ ਕੀਤਾ ਹੈ।

ਸੱਚਾ ਗੁਰੂ ਕੁਲ-ਮਾਲਕ ਦਾ ਪ੍ਰੇਮੀ ਹੁੰਦਾ ਹੈ ਅਤੇ ਉਸ ਦੇ ਹੁਕਮ ਦਾ ਵਰਤਾਰਾ ਕਰਦਾ ਹੈ। ਉਹ ਸ਼ਬਦ-ਸਰੂਪੀ, ਸ਼ਬਦ ਅਭਿਆਸੀ ਹੁੰਦਾ ਹੈ, ਪਰਮੇਸ਼ਰ ਵਿੱਚ ਲੀਨ ਹੋ ਕੇ ਪਰਮੇਸ਼ਰ ਦਾ ਰੂਪ ਹੋ ਗਿਆ ਹੁੰਦਾ ਹੈ। ਉਹ ਆਤਮ-ਦਰਸ਼ੀ ਹੁੰਦਾ ਹੈ ਅਤੇ ਜਾਤ-ਪਾਤ, ਧਰਮ-ਮੁਲਕ ਦੇ ਵਿਤਕਰਿਆਂ ਤੋਂ ਉਪਰ ਹੁੰਦਾ ਹੈ। ਉਹ ਸਭ ਨੂੰ ਕੇਵਲ ਇੱਕੋ ਨਾਮ ਦੀ ਦਾਤ ਬਖ਼ਸ਼ਦਾ ਹੈ। ਉਹ ਆਪ ਵੀ ਪੂਰਾ ਹੁੰਦਾ ਹੈ, ਉਸ ਦਾ ਗਿਆਨ ਜਾਂ ਜੁਗਤੀ ਵੀ ਪੂਰਨ ਹੁੰਦੀ ਹੈ। ਉਹ ਸੱਚਾ ਪਰਉਪਕਾਰੀ ਹੁੰਦਾ ਹੈ।

ਇਸ ਤੋਂ ਉਲਟ ਅਧੂਰਾ ਜਾਂ ਡਿੰਭੀ ਗੁਰੂ ਆਪ ਅਗਿਆਨੀ ਹੁੰਦਾ ਹੈ, ਪਰੰਤੂ ਦੂਸਰਿਆਂ ਨੂੰ ਗਿਆਨ ਦੇਣ ਲਈ ਤਤਪਰ ਰਹਿੰਦਾ ਹੈ। ਉਹ ਖ਼ੁਦ ਮਨ-ਇੰਦਰੀਆਂ, ਆਸਾ-ਮਨਸਾ, ਕਾਲ-ਮਾਇਆ, ਹਉਮੈ-ਮਮਤਾ, ਲੋਭ-ਮੋਹ ਦਾ ਗ਼ੁਲਾਮ ਹੁੰਦਾ ਹੈ, ਪਰ ਦੂਸਰਿਆਂ ਨੂੰ ਪਰਮਾਰਥਕ ਅਤੇ ਆਤਮਿਕ-ਗਿਆਨ ਦੇਣ ਦਾ ਢੋਂਗ ਰਚਦਾ ਹੈ। ਉਹ ਸ਼ਬਦ ਵਿਹੂਣਾ ਹੁੰਦਾ ਹੈ, ਸੱਚੇ ਨਾਮ ਦਾ ਗਿਆਤਾ ਜਾਂ ਦਾਤਾ ਨਹੀਂ ਹੁੰਦਾ। ਉਹ ਪਰਉਪਕਾਰੀ ਹੋਣ ਦੀ ਥਾਂ ਸੁਆਰਥੀ ਹੁੰਦਾ ਹੈ ਅਤੇ ਕੁਲ ਮਾਲਕ ਦੇ ਹੁਕਮ ਦੀ ਬਜਾਏ ਆਪਣੇ ਮਨ ਦੇ ਹੁਕਮ ਵਿੱਚ ਚਲਦਾ ਹੈ।

ਲੋਕ ਸਮਝਦੇ ਹਨ ਕਿ ਜਿਸਨੇ ਜਪਮਾਲੀ ਪਾਈ ਹੋਈ ਹੈ, ਭਗਵੇ ਵਸਤਰ ਪਹਿਨੇ ਹੋਏ ਹਨ, ਜੋ ਵੇਦਾਂ-ਸ਼ਾਸਤ੍ਰ, ਗ੍ਰੰਥ-ਪੋਥੀਆਂ ਦੇ ਪਾਠ ਉੱਤੇ ਜ਼ੋਰ ਦੇਂਦਾ ਹੈ, ਜੋ ਕਥਾ-ਕੀਰਤਨ ਵਿੱਚ ਮਾਹਰ ਹੈ, ਉਹ ਗੁਰੂ ਬਣਨ ਦਾ ਅਧਿਕਾਰੀ ਹੈ। ਪਰੰਤੂ ਜਦ ਤਕ ਪਰਮੇਸ਼ਰ ਨਾਲ ਮਿਲਾਪ ਨਹੀਂ ਹੋਇਆ, ਇਹ ਸਭ ਬਾਹਰਲਾ ਦਿਖਾਵਾ ਕਿਸੇ ਕੰਮ ਨਹੀਂ। ਐਸੇ ਗੁਰੂ ਬਾਹਰੋਂ ਜਿਤਨੇ ਦਿਖਾਵੇ ਮਰਜ਼ੀ ਕਰ ਲੈਣ, ਅੰਦਰੋਂ ਲੋਭ ਅਤੇ ਕਪਟ ਦੇ ਭਰੇ ਹੁੰਦੇ ਹਨ। ਉਹ ਨਾ ਆਪ ਤਰੇ ਹਨ, ਨਾ ਕਿਸੇ ਦੂਸਰੇ ਨੂੰ ਤਾਰ ਸਕਦੇ ਹਨ। ਉਹ ਦਸਾਂ ਨੌਹਾਂ ਦੀ ਕਿਰਤ ਕਰਨ ਦੀ ਥਾਂ, ਸਿੱਖਾਂ-ਸੇਵਕਾਂ ਦੀ ਕਮਾਈ ਉੱਤੇ ਨਿਰਭਰ ਕਰਦੇ ਹਨ। ਐਸੇ ਗੁਰੂ ਵੀ ਮਨ-ਮਤੀਏ ਹੁੰਦੇ ਹਨ ਅਤੇ ਉਨ੍ਹਾਂ ਦੇ ਸਿੱਖ ਵੀ ਮਨ-ਮਤੀਏ ਹੁੰਦੇ ਹਨ। ਉਹ ਆਪ ਅਗਿਆਨਤਾ, ਭਰਮ, ਸੰਸੇ ਵਿੱਚ ਫਸੇ ਹੁੰਦੇ ਹਨ ਅਤੇ ਕਿਸੇ ਦੂਸਰੇ ਨੂੰ ਸੱਚਾ ਗਿਆਨ ਦੇਣ ਦੇ ਸਮਰਥ ਨਹੀਂ ਹੁੰਦੇ।

ਡਿੰਭੀ ਗੁਰੂ

1. ਗੁਰੂ ਜਿਨਾ ਕਾ ਅੰਧੁਲਾ ਚੇਲੇ ਨਾਹੀ ਠਾਉ ॥
ਬਿਨੁ ਸਤਿਗੁਰ ਨਾਉ ਨ ਪਾਈਐ ਬਿਨੁ ਨਾਵੈ ਕਿਆ ਸੁਆਉ[1] ॥(ਮ: 1—58)

2. ਗੁਰੂ ਜਿਨਾ ਕਾ ਅੰਧੁਲਾ ਸਿਖ ਭੀ ਅੰਧੇ ਕਰਮ ਕਰੇਨਿ ॥
ਓਇ ਭਾਣੈ ਚਲਨਿ ਆਪਣੈ ਨਿਤ ਝੂਠੋ ਝੂਠੁ ਬੋਲੇਨਿ ॥ (ਮ: 3—951)

3. ਕੂੜੁ ਕੁਸਤੁ ਕਮਾਵਦੇ ਪਰਨਿੰਦਾ ਸਦਾ ਕਰੇਨਿ ॥
ਓਇ ਆਪਿ ਡੁਬੇ ਪਰ ਨਿੰਦਕਾ ਸਗਲੇ ਕੁਲ ਡੋਬੇਨਿ ॥ (ਮ: 3—951)

4. ਨਾਨਕ ਅੰਧਾ ਹੋਇ ਕੈ ਦਸੇ ਰਾਹੈ [2]ਸਭਸੁ ਮੁਹਾਏ ਸਾਥੈ ॥
[3]ਅਗੈ ਗਇਆ ਮੁਹੇ ਮੁਹਿ ਪਾਹਿ ਸੁ ਐਸਾ ਆਗੂ ਜਾਪੈ ॥ (ਮ: 1—140)

5. ਅੰਧੇ ਕੈ ਰਾਹਿ ਦਸਿਐ ਅੰਧਾ ਹੋਇ ਸੁ ਜਾਇ ॥
ਹੋਇ ਸੁਜਾਖਾ ਨਾਨਕਾ ਸੋ ਕਿਉ ਉਝੜਿ ਪਾਇ ॥
ਅੰਧੇ ਏਹਿ ਨ ਆਖੀਅਨਿ ਜਿਨ ਮੁਖਿ ਲੋਇਣ ਨਾਹਿ ॥
ਅੰਧੇ ਸੇਈ ਨਾਨਕਾ [4]ਖਸਮਹੁ ਘੁਥੇ ਜਾਹਿ ॥ (ਮ: 2—954)

6. ਸੋ ਕਿਉ ਅੰਧਾ ਆਖੀਐ ਜਿ ਹੁਕਮਹੁ ਅੰਧਾ ਹੋਇ ॥
ਨਾਨਕ ਹੁਕਮੁ ਨ ਬੁਝਈ ਅੰਧਾ ਕਹੀਐ ਸੋਇ ॥ (ਮ: 2—954)

7. ਨਾਨਕ ਅੰਧਾ ਹੋਇ ਕੈ ਰਤਨਾ ਪਰਖਣ ਜਾਇ ॥
ਰਤਨਾ ਸਾਰ ਨ ਜਾਣਈ ਆਵੈ ਆਪੁ ਲਖਾਇ ॥ (ਮ: 2—954)

8. [5]ਦਰਵੇਸੀ ਕੋ ਜਾਣਸੀ ਵਿਰਲਾ ਕੋ ਦਰਵੇਸੁ ॥
ਜੇ ਘਰਿ ਘਰਿ ਹੰਢੈ ਮੰਗਦਾ ਧਿਗੁ ਜੀਵਣੁ ਧਿਗੁ ਵੇਸੁ ॥

9. ਗਲੀ ਜਿਨ੍ਾ ਜਪਮਾਲੀਆ[6] ਲੋਟੇ ਹਥਿ ਨਿਬਗ[7] ॥
ਓਇ ਹਰਿ ਕੇ ਸੰਤ ਨ ਆਖੀਅਹਿ ਬਾਨਾਰਸਿ ਕੇ ਠਗ ॥ (ਕਬੀਰ, 76)

10. ਹਿਰਦੈ ਜਿਨ੍ ਕੈ ਕਪਟੁ ਵਸੈ ਬਾਹਰਹੁ ਸੰਤ ਕਹਾਹਿ ॥
ਤ੍ਰਿਸਨਾ ਮੂਲਿ ਨ ਚੁਕਈ ਅੰਤਿ ਗਏ ਪਛੁਤਾਹਿ ॥ (ਮ: 3—491)

11. [8]ਵਿਣੁ ਪਾਰਸੈ ਪੂਜ ਨ ਹੋਵਈ ਵਿਣੁ ਮਨ ਪਰਚੇ ਅਵਰਾ ਸਮਝਾਏ ॥
ਗੁਰੂ ਸਦਾਏ ਅਗਿਆਨੀ ਅੰਧਾ ਕਿਸੁ ਓਹੁ ਮਾਰਗਿ ਪਾਏ ॥ (ਮ: 3—491)

---

1. ਸੁਆਰਥ ਦੀ ਸਿੱਧੀ 2. ਸਾਰੇ ਸਾਥੀਆਂ ਨੂੰ ਵੀ ਨਾਲ ਡੋਬ ਲੈਂਦਾ ਹੈ 3. ਅੱਗੇ ਮੂੰਹ 'ਤੇ ਚਪੇੜਾਂ ਪੈਂਦੀਆਂ ਹਨ ਤਾਂ ਪਤਾ ਲੱਗਦਾ ਹੈ 4. ਜੋ ਖਸਮ (ਮਾਲਕ) ਤੋਂ ਦੂਰ ਜਾਂਦੇ ਹਨ 5. ਕੋਈ ਵਿਰਲਾ ਫ਼ਕੀਰ ਫ਼ਕੀਰੀ ਨੂੰ ਜਾਣੇਗਾ 6. ਮਾਲਾ 7. ਹੱਥਾਂ ਵਿੱਚ ਲਿਸ਼ਕਦੇ ਹੋਏ ਲੋਟੇ ਲੈਂਦੇ ਹਨ 8. ਬਿਨਾਂ ਪਾਰਸ (ਗੁਣੀ) ਬਣਨ ਦੇ ਪੂਜਾ ਨਹੀਂ ਹੁੰਦੀ ।

12. ਹੰਸਾ ਵੇਖਿ ਤਰੰਦਿਆ ਬਗਾਂ ਭਿ ਆਯਾ ਚਾਉ ॥
ਡੁਬਿ ਮੁਏ ਬਗ ਬਪੁੜੇ [9]ਸਿਰੁ ਤਲਿ ਉਪਰਿ ਪਾਉ ॥

13. ਮੰਤ੍ਰੀ[10] ਹੋਇ ਅਠੂਹਿਆ[11] [12]ਨਾਗੀ ਲਗੈ ਜਾਇ ॥
[13]ਆਪਣੇ ਹਥੀ ਆਪਣੈ ਦੇ ਕੂਚਾ ਆਪੇ ਲਾਇ ॥ (ਮ: 2—148)

14. [14]ਕਬੀਰ ਮਾਇ ਮੂੰਡਉ ਤਿਹ ਗੁਰੂ ਕੀ ਜਾ ਤੇ ਭਰਮੁ ਨ ਜਾਇ ॥
ਆਪ ਡੁਬੇ ਚਹੁ ਬੇਦ ਮਹਿ ਚੇਲੇ ਦੀਏ ਬਹਾਇ ॥ (ਕਬੀਰ, 1370)

15. ਕਬੀਰ ਬਾਮਨੁ ਗੁਰੂ ਹੈ ਜਗਤ ਕਾ ਭਗਤਨ ਕਾ ਗੁਰੁ ਨਾਹਿ ॥
ਅਰਝਿ ਉਰਝਿ ਕੈ ਪਚਿ ਮੂਆ ਚਾਰਉ ਬੇਦਹੁ ਮਾਹਿ ॥ (ਕਬੀਰ, 1377)

16. ਕਬੀਰ [15]ਸਿਖ ਸਾਖਾ ਬਹੁਤੇ ਕੀਏ ਕੇਸੋ ਕੀਓ ਨ ਮੀਤੁ ॥
[16]ਚਾਲੇ ਥੇ ਹਰਿ ਮਿਲਨ ਕਉ ਬੀਚੈ ਅਟਕਿਓ ਚੀਤੁ ॥ (ਕਬੀਰ, 1369)

17. ਫਰੀਦਾ [17]ਸੋਈ ਸਰਵਰੁ ਢੂਢਿ ਲਹੁ ਜਿਥਹੁ ਲਭੀ ਵਥੁ ॥
ਛਪੜਿ ਢੂਢੈ ਕਿਆ ਹੋਵੈ ਚਿਕੜਿ ਡੁਬੈ ਹਥੁ ॥ (ਫਰੀਦ, 1380)

---

9. ਸਿਰ ਥੱਲੇ ਤੇ ਪੈਰ ਉੱਪਰ 10. ਤੰਤਰ-ਮੰਤਰ ਦਾ ਕੰਮ ਕਰਨ ਵਾਲਾ 11. ਅਧੂਰਾ 12. ਜਾ ਕੇ ਸੱਪਾਂ ਨੂੰ ਹੱਥ ਪਾ ਲਵੇ 13. ਉਹ ਆਪਣੀ ਹੱਥੀਂ ਆਪਣੇ ਆਪ ਨੂੰ ਅੱਗ ਲਾ ਲੈਂਦਾ ਹੈ 14. ਐਸੇ ਗੁਰੂ ਦੀ ਮਾਂ ਦਾ ਸਿਰ ਮੁੰਨ ਦੇਵਾਂ, ਭਾਵ ਐਸੇ ਗੁਰੂ ਦੀ ਲੋੜ ਨਹੀਂ 15. ਸਿੱਖ ਸੇਵਕ ਜਾਂ ਕਈ ਮਿੱਤਰ ਬਣਾ ਲਏ, ਪਰ ਪ੍ਰਭੂ ਨੂੰ ਮਿੱਤਰ ਨਾ ਬਣਾਇਆ 16. ਗਏ ਤਾਂ ਹਰੀ ਮਿਲਣ ਨੂੰ ਸੀ, ਪਰ ਮਾਇਆ ਵਿੱਚ ਫੱਸ ਕੇ ਰਹਿ ਗਏ 17. ਉਹ ਸਰੋਵਰ ਢੂੰਡੋ ਜਿਸ ਵਿੱਚੋਂ ਅਸਲੀ ਵਸਤੂ (ਪ੍ਰਭੂ) ਮਿਲ ਜਾਵੇ। ਛੱਪੜ (ਗ਼ਲਤ ਜਗ੍ਹਾ) ਵਿੱਚ ਢੂੰਡਿਆ ਤਾਂ ਸਿਰਫ ਹੱਥ ਹੀ ਚਿੱਕੜ ਨਾਲ ਭਰਨਗੇ, ਲੱਭੇਗਾ ਕੁਝ ਨਹੀਂ।

ਕਥਨੀ

ਕਥਨੀ ਤੇ ਕਰਨੀ ਦੋ ਵੱਖ-ਵੱਖ ਕ੍ਰਿਆਵਾਂ ਹਨ। ਸੱਚੇ ਪਰਮਾਰਥ ਦਾ ਮਾਰਗ ਨਿਰੋਲ ਕਰਨੀ ਜਾਂ ਅਮਲ ਦਾ ਮਾਰਗ ਹੈ। ਕਥਨੀ ਬਹੁਤ ਸੁਖੈਣ ਹੈ। ਅਗਿਆਨੀ ਤੇ ਮਨਮੁੱਖ ਜੀਵ ਮੂੰਹ ਨਾਲ ਬੜੀਆਂ ਉੱਚੀਆਂ-ਸੁੱਚੀਆਂ ਗੱਲਾਂ ਕਰਦੇ ਅਤੇ ਹੋਰਨਾਂ ਨੂੰ ਉਪਦੇਸ਼ ਦੇਂਦੇ ਹਨ, ਪਰ ਆਪ ਉਨ੍ਹਾਂ ਉਪਦੇਸ਼ਾਂ ਉੱਤੇ ਬਿਲਕੁਲ ਅਮਲ ਨਹੀਂ ਕਰਦੇ। ਕਰਨੀ ਦਾ ਮਾਰਗ ਔਖਾ ਹੈ। ਇਹ ਖੰਡੇ ਦੀ ਤੇਜ਼ ਧਾਰ ਉੱਤੇ ਚੱਲਣ ਸਮਾਨ ਹੈ। ਗੁਰਬਾਣੀ ਦੱਸਦੀ ਹੈ ਕਿ ਉੱਗਦਾ ਉਹ ਹੈ ਜੋ ਸਾਡੀ ਹਿਰਦੇ ਰੂਪੀ ਧਰਤੀ ਵਿੱਚ ਬੀਜਿਆ ਜਾਂਦਾ ਹੈ, ਕੇਵਲ ਮੂੰਹ ਨਾਲ ਕੀਤੀਆਂ ਗੱਲਾਂ ਵਿਅਰਥ ਹਨ। ਬਿਖ ਬੀਜ ਕੇ ਅੰਮ੍ਰਿਤ ਦੀ ਆਸ ਰੱਖਣਾ ਕਿੱਧਰ ਦੀ ਸਿਆਣਪ ਹੈ ? ਫਲੀ-ਭੂਤ ਕਰਨੀ ਨੇ ਹੋਣਾ ਹੈ, ਕਥਨੀ ਨੇ ਨਹੀਂ।

ਗੁਰੂ ਸਾਹਿਬਾਨ ਫ਼ਰਮਾਉਂਦੇ ਹਨ ਕਿ ਸੱਚਾ ਗਿਆਨ ਕੇਵਲ ਗੱਲਾਂ ਨਾਲ ਪ੍ਰਾਪਤ ਨਹੀਂ ਹੋ ਜਾਂਦਾ। ਕੀ ਕੇਵਲ ਭੋਜਨ ਦੀਆਂ ਗੱਲਾਂ ਨਾਲ ਕਿਸੇ ਦੀ ਭੁੱਖ ਦੂਰ ਹੋ ਸਕਦੀ ਹੈ ? ਇਸ ਲਈ ਕਥਨੀ ਦੀ ਥਾਂ ਕਰਨੀ ਉੱਤੇ ਜ਼ੋਰ ਦੇਣਾ ਚਾਹੀਦਾ ਹੈ, ਕਰਨੀ ਬਣਾਉਣੀ ਚਾਹੀਦੀ ਹੈ। ਅਮਲ ਕਰਨ ਨਾਲ ਹੀ ਜਗਿਆਸੂ ਮੰਤਵ ਪ੍ਰਾਪਤੀ ਵਿੱਚ ਸਫਲ ਹੋ ਸਕਦਾ ਹੈ : ਗਲੀ ਭਿਸਤਿ ਨ ਜਾਈਐ ਛੁਟੈ ਸਚੁ ਕਮਾਇ ॥
(ਮ: 1 ਪੰ. 141)

1. [1]ਅਨ ਕਉ ਮਤੀ ਦੇ ਚਲਹਿ ਮਾਇਆ ਕਾ ਵਾਪਾਰੁ ॥
   ਕਥਨੀ ਝੂਠੀ ਜਗੁ ਭਵੈ ਰਹਣੀ ਸਬਦੁ ਸੁ ਸਾਰੁ ॥ (ਮ: 1—56)
2. ਭੁਖਿਆ ਭੁਖ ਨ ਉਤਰੈ ਗਲੀ ਭੁਖ ਨ ਜਾਇ ॥
   ਨਾਨਕ ਭੁਖਾ ਤਾ ਰਜੈ ਜਾ ਗੁਣ ਕਹਿ ਗੁਣੀ ਸਮਾਇ ॥ (ਮ: 2—147)
3. ਕਥਨ ਸੁਨਾਵਨ ਗੀਤ ਨੀਕੇ ਗਾਵਨ ਮਨ ਮਹਿ ਧਰਤੇ ਗਾਰ[2] ॥
   ਅਤਿ ਸੁੰਦਰ ਬਹੁ ਚਤੁਰ ਸਿਆਨੇ ਬਿਦਿਆ ਰਸਨਾ ਚਾਰ ॥ (ਮ: 5—534)
4. ਕਥਨੈ ਕਹਣਿ ਨ ਛੁਟੀਐ ਨਾ ਪੜਿ ਪੁਸਤਕ ਭਾਰ ॥
   [3]ਕਾਇਆ ਸੋਚ ਨ ਪਾਈਐ ਬਿਨੁ ਹਰਿ ਭਗਤਿ ਪਿਆਰ ॥ (ਮ: 1—59)

---

1. ਦੂਸਰਿਆਂ ਨੂੰ 2. ਮੈਲ, ਮੇਰ-ਤੇਰ ਆਦਿ 3. ਸੋਚ=ਸ਼ੌਚ, ਭਾਵ ਸ਼ੁੱਧੀ, ਸਰੀਰਕ ਸ਼ੁੱਧੀ (ਸਫ਼ਾਈ) ਦੁਆਰਾ ਪ੍ਰਭੂ ਨਹੀਂ ਮਿਲਦਾ।

5. ਨਾਨਕ ਦੁਨੀਆ ਚਾਰਿ ਦਿਹਾੜੇ ਸੁਖਿ ਕੀਤੈ ਦੁਖੁ ਹੋਈ ॥
ਗਲਾ ਵਾਲੇ ਹੈਨਿ ਘਣੇਰੇ[4] ਛਡਿ ਨ ਸਕੈ ਕੋਈ ॥ (ਮ: 1—1286)

6. ਗਿਆਨੁ ਨ ਗਲੀਈ ਢੂਢੀਐ ਕਥਨਾ ਕਰੜਾ ਸਾਰੁ ॥
ਕਰਮਿ ਮਿਲੈ ਤਾ ਪਾਈਐ ਹੋਰ ਹਿਕਮਤਿ ਹੁਕਮੁ ਖੁਆਰੁ ॥ (ਮ: 1—465)

7. ਮਾਨੁਖੁ ਕਥੈ ਕਥਿ ਲੋਕ ਸੁਨਾਵੈ ਜੋ ਬੋਲੈ ਸੋ ਨ ਬੀਚਾਰੇ ॥
ਸਤਸੰਗਤਿ ਮਿਲੈ ਤ ਦਿੜਤਾ ਆਵੈ ਹਰਿ ਰਾਮ ਨਾਮਿ ਨਿਸਤਾਰੇ ॥ (981)

8. ਕਹਿਐ ਕਥਿਐ ਨ ਪਾਈਐ ਅਨਦਿਨੁ ਰਹੈ ਸਦਾ ਗੁਣ ਗਾਇ ॥
[5]ਵਿਣੁ ਕਰਮੈ ਕਿਨੈ ਨ ਪਾਇਓ ਭਉਕਿ ਮੁਏ ਬਿਲਲਾਇ ॥ (ਮ: 3—551)

9. ਗੁਰ ਪਰਸਾਦੀ ਜੀਵਤੁ ਮਰੈ ਤਾ ਮਨਹੀ ਤੇ ਮਨੁ ਮਾਨੈ ॥
ਜਿਨ ਕਉ ਮਨ ਕੀ ਪਰਤੀਤਿ ਨਾਹੀ ਨਾਨਕ ਸੇ ਕਿਆ ਕਥਹਿ ਗਿਆਨੈ ॥ 647

10. [6]ਪ੍ਰਥਮੇ ਮਨੁ ਪਰਬੋਧੈ ਅਪਨਾ ਪਾਛੈ ਅਵਰ ਰੀਝਾਵੈ ॥
ਰਾਮਨਾਮ ਜਪੁ ਹਿਰਦੈ ਜਾਪੈ ਮੁਖ ਤੇ ਸਗਲ ਸੁਨਾਵੈ ॥ (ਮ: 5—381)

11. ਉਪਦੇਸੁ ਕਰੇ ਆਪਿ ਨ ਕਮਾਵੈ ਤਤੁ ਸਬਦੁ ਨ ਪਛਾਨੈ ॥
ਨਾਂਗਾ ਆਇਆ ਨਾਂਗੋ ਜਾਸੀ ਜਿਉ ਹਸਤੀ ਖਾਕੁ ਛਾਨੈ ॥ (ਮ: 5—380)

12. ਗੋਵਿਦੁ ਗੁਣੀ ਨਿਧਾਨੁ ਹੈ ਅੰਤੁ ਨ ਪਾਇਆ ਜਾਇ ॥
ਕਥਨੀ ਬਦਨੀ ਨ ਪਾਈਐ ਹਉਮੈ ਵਿਚਹੁ ਜਾਇ ॥ (ਮ: 3—33)

13. ਕਥਨੀ ਬਦਨੀ ਜੇ ਕਰੇ ਮਨਮੁਖਿ ਬੂਝ ਨ ਹੋਇ ॥
ਗੁਰਮਤੀ ਘਟਿ ਚਾਨਣਾ ਹਰਿਨਾਮੁ ਪਾਵੈ ਸੋਇ ॥ (ਮ: 3—492)

14. ਬਿਨੁ ਸਤਿਗੁਰ ਮੁਕਤਿ ਨ ਪਾਈਐ ਮਨਮੁਖਿ ਫਿਰੈ ਦਿਵਾਨੁ ॥
ਸਬਦੁ ਨ ਚੀਨੈ ਕਥਨੀ ਬਦਨੀ ਕਰੇ ਬਿਖਿਆ ਮਾਹਿ ਸਮਾਨੁ ॥(ਮ: 3—39)

15. ਜੋ ਜੀਇ ਹੋਇ ਸੁ ਉਗਵੈ ਮੁਹ ਕਾ ਕਹਿਆ ਵਾਉ ॥
ਬੀਜੇ ਬਿਖ ਮੰਗੈ ਅੰਮ੍ਰਿਤੁ ਵੇਖਹੁ ਏਹੁ ਨਿਆਉ ॥ (ਮ: 1—474)

16. ਇਕਿ ਫਿਰਹਿ ਘਨੇਰੇ ਕਰਹਿ ਗਲਾ ਗਲੀ ਕਿਨੈ ਨ ਪਾਇਆ ॥
ਕਹੈ ਨਾਨਕੁ ਸਬਦੁ ਸੋਹਿਲਾ ਸਤਿਗੁਰੂ ਸੁਣਾਇਆ ॥ (ਮ: 3—919)

17. ਜੋ ਦਿਲਿ ਮਿਲਿਆ ਸੁ ਮਿਲਿ ਰਹਿਆ ਮਿਲਿਆ ਕਹੀਐ ਰੇ ਸੋਈ ॥
ਜੇ ਬਹੁਤੇਰਾ ਲੋਚੀਐ ਬਾਤੀ ਮੇਲੁ ਨ ਹੋਈ ॥ (ਮ: 1—725)

18. ਨਾਨਕ ਆਏ ਸੇ ਪਰਵਾਣੁ ਹੈ [7]ਜਿਨ ਹਰਿ ਵੁਠਾ ਚਿਤਿ ॥

---

4. ਬਹੁਤੇ 5. ਕਲਪ-ਕਲਪ ਕੇ ਮਰ ਜਾਉ, ਬਿਨਾ ਦਇਆ ਦੇ ਪ੍ਰਭੂ ਪ੍ਰਾਪਤ ਨਹੀਂ ਹੁੰਦਾ 6. ਸਭ ਤੋਂ ਪਹਿਲੋਂ ਆਪਣੇ ਮਨ ਨੂੰ ਗਿਆਨ ਦਵੇ, ਸਮਝਾਵੇ 7. ਜਿਨ੍ਹਾਂ ਦੇ ਹਿਰਦੇ ਵਿੱਚ ਪ੍ਰਭੂ ਵੱਸਦਾ ਹੈ ।

[8]ਗਾਲੀ ਅਲਪਲਾਲੀਆ ਕੰਮਿ ਨ ਆਵਹਿ ਮਿਤ ॥ (ਮ: 5—320)

19. ਕਬੀਰ ਅਵਰਹ ਕਉ ਉਪਦੇਸਤੇ ਮੁਖਿ ਮੈ ਪਰਿ ਹੈ ਰੇਤੁ ॥
[9]ਰਾਸਿ ਬਿਰਾਨੀ ਰਾਖਤੇ ਖਾਯਾ ਘਰ ਕਾ ਖੇਤੁ ॥ (ਕਬੀਰ, 1369)

ਨਿੰਦਾ

ਨਿੰਦਾ ਦੇ ਪਿੱਛੇ ਹੰਕਾਰ ਅਤੇ ਈਰਖਾ ਦਾ ਭਾਵ ਲੁਕਿਆ ਹੁੰਦਾ ਹੈ । ਨਿੰਦਕ ਆਪਣੇ ਆਪ ਨੂੰ ਵੱਡਾ ਸਮਝਦਾ ਹੈ ਅਤੇ ਦੂਜੇ ਨੂੰ ਛੋਟਾ । ਗੁਰਮਤਿ ਅਨੁਸਾਰ ਨਿੰਦਾ ਕਿਸੇ ਦੀ ਵੀ ਚੰਗੀ ਨਹੀਂ । ਅਗਿਆਨੀ ਅਤੇ ਮਨਮੁੱਖ ਲੋਕ ਦੂਜਿਆਂ ਦੀ ਨਿੰਦਾ ਕਰਕੇ ਉਨ੍ਹਾਂ ਦੇ ਪਾਪਾ ਦੀ ਮੈਲ ਧੋਂਦੇ ਹਨ ਪਰ ਆਪ ਲਿਬੜੇ ਰਹਿੰਦੇ ਹਨ। ਹਰ ਪਾਪ-ਅਪਰਾਧ ਦਾ ਕੋਈ ਨਾ ਕੋਈ ਦਾਰੂ ਹੈ, ਪਰ ਨਿੰਦਾ ਦਾ ਕੋਈ ਦਾਰੂ ਨਹੀਂ । ਨਿੰਦਕ ਲੋਕਾਂ ਦੇ ਪਾਪਾਂ ਦਾ ਬੋਝਾ ਆਪਣੇ ਸਿਰ ਲੈ ਲੈਂਦਾ ਹੈ । ਨਿੰਦਕ ਨੂੰ ਖ਼ੁਦ ਕੁਲ-ਮਾਲਿਕ ਨੇ ਭਰਮ ਵਿੱਚ ਭੁਲਾਇਆ ਹੁੰਦਾ ਹੈ, ਇਸ ਲਈ ਉਸ ਨੂੰ ਕੋਈ ਵੀ ਸਮਝਾ ਨਹੀਂ ਸਕਦਾ । ਨਿੰਦਕਾਂ ਨੂੰ 'ਨਾਮ' ਰੂਪੀ ਅੰਮ੍ਰਿਤ ਦੀ ਥਾਂ ਪਰਾਈ ਨਿੰਦਾ ਰੂਪੀ ਬਿੱਖ ਪਿਆਰੀ ਲੱਗਦੀ ਹੈ । ਅਜਿਹੇ ਲੋਕ ਆਪ ਹੀ ਆਪਣੇ ਰਾਹ ਵਿੱਚ ਦੁੱਖਾਂ ਦੇ ਕੰਡੇ ਬੀਜਦੇ ਹਨ । ਨਿੰਦਕ ਬਾਹਰੋਂ ਅਨੇਕ ਤਰ੍ਹਾਂ ਦੇ ਪਾਖੰਡ, ਦਿਖਾਵੇ ਕਰਦੇ ਹਨ, ਪਰ ਉਨ੍ਹਾਂ ਦੇ ਹਿਰਦੇ ਵਿੱਚ ਕਪਟ ਭਰਿਆ ਹੁੰਦਾ ਹੈ। ਨਿੰਦਿਆ ਤਾਂ ਕਿਸੇ ਦੀ ਵੀ ਠੀਕ ਨਹੀਂ, ਪਰ ਸੰਤਾਂ ਦਾ ਨਿੰਦਕ ਤਾਂ ਅਜਿਹਾ ਪਰਮੇਸਰ-ਮਾਰਿਆ ਹੈ ਜਿਸ ਨੂੰ ਕਦੇ ਸ਼ਾਂਤੀ ਨਹੀਂ ਮਿਲ ਸਕਦੀ । ਇਸ ਤੋਂ ਉਲਟ ਗੁਰਸਿੱਖ ਗੁਰਮਤਿ ਵਿੱਚ ਰਹਿੰਦਾ ਹੋਇਆ, ਸਭ ਵਿੱਚ ਇਕੋ ਹਰੀ ਦੇ ਦਰਸ਼ਨ ਕਰਦਾ ਹੈ । ਉਹ ਮਾਲਕ ਦੇ ਭਾਣੇ ਵਿੱਚ ਰਹਿ ਕੇ ਮਾਲਕ ਦੇ ਨਾਮ ਦੀ ਕਮਾਈ ਕਰਦਾ ਹੋਇਆ ਉਸਤਤ-ਨਿੰਦਿਆ ਦੋਹਾਂ ਤੋਂ ਉਪਰ ਉੱਠ ਜਾਦਾ ਹੈ । ਉਹ ਸੰਸਾਰ ਦੇ ਜੱਸ-ਅਪਜੱਸ ਦੀ ਥਾਂ ਸਦਾ ਪਰਮੇਸ਼ਰ ਦੇ ਜੱਸ ਜਾਂ ਹਰਿ-ਕੀਰਤ ਵਿੱਚ ਲੀਨ ਰਹਿੰਦਾ ਹੈ । ਗੁਰੂ ਸਾਹਿਬ ਕਹਿੰਦੇ ਹਨ ਕਿ ਅਸੀਂ ਦੂਜਿਆਂ ਦੀ ਨਿੰਦਾ ਤਾਂ ਕਰੀਏ ਜੇਕਰ ਉਨ੍ਹਾਂ ਵਿੱਚ ਕੋਈ ਹੋਰ ਰੱਬ ਵੱਸ ਰਿਹਾ ਹੋਵੇ । ਕਿਸੇ ਜੀਵ ਨੂੰ ਬੁਰਾ ਕਹਿਣਾ ਕੁਲ ਮਾਲਕ ਨੂੰ ਬੁਰਾ ਕਹਿਣਾ ਹੈ, ਕਿਉਂਕਿ ਉਹੀ ਸਭ ਦਾ ਕਰਤਾ ਹੈ ।

---

8. ਉਨ੍ਹਾਂ ਦੀਆਂ ਗੱਲਾਂ ਖੋਖਲੀਆਂ; ਖ਼ਾਲੀ, ਭਾਵ ਨਿਰਾਰਥਕ ਹੁੰਦੀਆਂ ਹਨ, ਜਿਸ ਤਰ੍ਹਾਂ ਛੋਲੇ ਦੀ ਛੱਕ ਹੁੰਦੀ ਹੈ 9. ਉਨ੍ਹਾਂ ਦਾ ਆਪਣਾ ਖੇਤ ਉੱਜੜ ਰਿਹਾ ਹੈ, ਉਹ ਦੂਸਰਿਆਂ ਦੀ ਚੌਕੀਦਾਰੀ ਕਰਦੇ ਹਨ ।

ਨਿੰਦਾ

1. ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ ॥
ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ ॥ (ਮ: 3—755)
2. ਨਿੰਦਉ ਨਾਹੀ ਕਾਹੂ ਬਾਤੈ ਏਹੁ ਖਸਮ ਕਾ ਕੀਆ ॥
ਜਾ ਕਉ ਕ੍ਰਿਪਾ ਕਰੀ ਪ੍ਰਭਿ ਮੇਰੈ ਮਿਲਿ ਸਾਧ ਸੰਗਤਿ ਨਾਉ ਲੀਆ ॥ (611)
3. ਜਿਨ ਅੰਦਰਿ ਨਿੰਦਾ ਦੁਸਟੁ ਹੈ ਨਕ ਵਢੇ ਨਕ ਵਢਾਇਆ ॥
ਮਹਾ ਕਰੂਪ ਦੁਖੀਏ ਸਦਾ ਕਾਲੇ ਮੁਹ ਮਾਇਆ ॥ (ਮ: 4—1244)
4. ਚੁਗਲ ਨਿੰਦਕ ਭੁਖੇ ਰੁਲਿ ਮੁਏ ਏਨਾ ਹਥੁ ਨ ਕਿਥਾਊ ਪਾਇ ॥
ਬਾਹਰਿ ਪਾਖੰਡ ਸਭ ਕਰਮ ਕਰਹਿ ਮਨਿ ਹਿਰਦੈ ਕਪਟੁ ਕਮਾਇ ॥ (1417)
5. ਕਿਰਤੁ[1] ਪਇਆ ਨਿੰਦਕ ਬਪੁਰੇ ਕਾ ਕਿਆ ਓਹੁ ਕਰੈ ਬਿਚਾਰਾ ॥
ਤਹਾ ਬਿਗੂਤਾ[2] ਜਹ ਕੋਇ ਨ ਰਾਖੈ ਓਹੁ ਕਿਸੁ ਪਹਿ ਕਰੇ ਪੁਕਾਰਾ ॥
ਨਿੰਦਕ ਕੀ ਗਤਿ ਕਤਹੂੰ ਨਾਹੀ ਖਸਮੈ ਏਵੈ ਭਾਣਾ ॥
ਜੋ ਜੋ ਨਿੰਦ ਕਰੇ ਸੰਤਨ ਕੀ ਤਿਉ ਸੰਤਨ ਸੁਖੁ ਮਾਨਾ ॥ (ਮ: 5—381)
6. ਦੁਸਟ[3] ਚਉਕੜੀ ਸਦਾ ਕੂੜੁ ਕਮਾਵਹਿ ਨਾ ਬੂਝਹਿ ਵੀਚਾਰੇ ॥
[4]ਨਿੰਦਾ ਦੁਸਟੀ ਤੇ ਕਿਨਿ ਫਲੁ ਪਾਇਆ [5]ਹਰਣਾਖਸ ਨਖਹਿ ਬਿਦਾਰੇ ॥ 601
7. ਨਿੰਦਕੁ ਨਿੰਦਾ ਕਰਿ ਮਲੁ ਧੋਵੈ ਓਹੁ ਮਲਭਖੁ ਮਾਇਆਧਾਰੀ ॥
[6]ਸੰਤ ਜਨਾ ਕੀ ਨਿੰਦਾ ਵਿਆਪੇ ਨਾ ਉਰਵਾਰਿ ਨ ਪਾਰੀ ॥ (ਮ: 4—507)
8. ਅਵਖਧ ਸਭੇ ਕੀਤਿਅਨੁ ਨਿੰਦਕ ਕਾ ਦਾਰੂ ਨਾਹਿ ॥
ਆਪਿ ਭੁਲਾਏ ਨਾਨਕਾ ਪਚਿ ਪਚਿ ਜੋਨੀ ਪਾਹਿ ॥ (ਮ: 1—315)
9. ਨਾਮੁ ਅਮੋਲਾ ਪ੍ਰੀਤਿ ਨ ਤਿਸ ਸਿਉ ਪਰ ਨਿੰਦਾ ਹਿਤਕਾਰੈ[7] ॥
[8]ਛਾਪਰੁ ਬਾਧਿ ਸਵਾਰੈ ਤ੍ਰਿਣ ਕੋ ਦੁਆਰੈ ਪਾਵਕੁ ਜਾਰੈ ॥ (ਮ: 5—1205)
10. ਐ ਜੀ ਖੋਟੇ ਠਉਰ ਨਾਹੀ ਘਰਿ ਬਾਹਰਿ ਨਿੰਦਕ ਗਤਿ ਨਹੀ ਕਾਈ ॥
ਰੋਸੁ ਕਰੈ ਪ੍ਰਭੁ ਬਖਸ ਨ ਮੇਟੈ ਨਿਤ ਨਿਤ ਚੜੈ ਸਵਾਈ ॥ (ਮ: 1—505)
11. ਕੂਕਰ[9] ਕੂੜੁ ਕਮਾਈਐ ਗੁਰਨਿੰਦਾ ਪਚੈ ਪਚਾਨੁ ॥
ਭਰਮੇ ਭੂਲਾ ਦੁਖੁ ਘਣੋ[10] ਜਮੁ ਮਾਰਿ ਕਰੈ ਖੁਲਹਾਨੁ[11] ॥ (ਮ: 1—21)

---

1. ਕਰਮਾਂ ਅਨੁਸਾਰ ਫਲ ਮਿਲਿਆ 2. ਫਸਿਆ, ਖਰਾਬ ਹੋਇਆ 3. ਦੁਸਟ ਮੰਡਲੀ 4. ਨਿੰਦਾ ਦੁਸਟ ਤੋਂ ਕਿਸੇ ਨੇ ਫਲ ਨਹੀਂ ਪਾਇਆ 5. ਨਿੰਦਕ ਹਰਨਾਖਸ ਨੂੰ ਵਿਸਨੂੰ ਨੇ ਨਿਰਸਿੰਘ ਰੂਪ ਧਾਰ ਕੇ ਨੌਹਾਂ ਨਾਲ ਪਾੜ ਦਿੱਤਾ 6. ਸੰਤਾਂ ਦੇ ਨਿੰਦਕ ਨਾ ਏਧਰ ਦੇ (ਲੋਕ ਦੇ) ਰਹਿੰਦੇ ਹਨ, ਨਾ ਓਧਰ ਦੇ (ਪਰਲੋਕ ਦੇ), ਉਹ ਵਿਚਕਾਰ ਡੁੱਬਦੇ ਹਨ 7. ਪਰਾਈ ਨਿੰਦਿਆ ਕਰਨਾ ਪਸੰਦ ਕਰਦਾ ਹੈ 8. ਇਹ ਇਸ ਤਰ੍ਹਾਂ ਹੈ, ਜਿਸ ਤਰ੍ਹਾਂ ਸੁਆਰ-ਸੁਆਰ ਕੇ ਤੀਲਿਆਂ ਦੀ ਝੌਂਪੜੀ ਬਣਾਵੇ ਅਤੇ ਫਿਰ ਉਸਦੇ ਬੂਹੇ ਉੱਤੇ ਅੱਗ ਰੱਖ ਦਵੇ 9. ਕੁੱਤੇ 10. ਬਹੁਤ ਜ਼ਿਆਦਾ 11. ਜਮ ਬਹੁਤ ਬੁਰੀ ਤਰ੍ਹਾਂ ਮਾਰਦਾ ਹੈ ।

12. ਜੋ ਨਿੰਦਾ ਕਰੇ ਸਤਿਗੁਰ ਪੂਰੇ ਕੀ ਸੋ ਸਾਚੇ ਮਾਰਿ ਪਚਾਇਆ ॥
ਏਹੁ ਅਖਰੁ[12] ਤਿਨਿ ਆਖਿਆ ਜਿਨਿ ਜਗਤੁ ਸਭੁ ਉਪਾਇਆ ॥(ਮ: 4—306)
13. ਜੋ ਨਿੰਦਾ ਕਰੇ ਸਤਿਗੁਰ ਪੂਰੇ ਕੀ ਤਿਸੁ ਕਰਤਾ ਮਾਰ ਦਿਵਾਵੈ ॥
ਫੇਰਿ ਓਹ ਵੇਲਾ ਓਸੁ ਹਥਿ ਨ ਆਵੈ ਓਹੁ ਆਪਣਾ ਬੀਜਿਆ ਆਪੇ ਖਾਵੈ ॥
(ਮ: 4—303)
14. ਉਸਤਤਿ ਨਿੰਦਾ ਦੋਊ ਪਰਹਰ ਹਰਿ ਕੀਰਤਿ ਉਰਿ ਆਨੋ[13] ॥
ਜਨ ਨਾਨਕ ਸਭ ਹੀ ਮੈ ਪੂਰਨ ਏਕ ਪੁਰਖ ਭਗਵਾਨੋ ॥ (ਮ: 9—1186)
15. ਫਰੀਦਾ ਖਾਕ ਨ ਨਿੰਦੀਐ ਖਾਕੂ ਜੇਡੁ ਨ ਕੋਇ ॥
ਜੀਵਦਿਆ ਪੈਰਾ ਤਲੈ ਮੁਇਆ ਉਪਰਿ ਹੋਇ ॥ (ਫਰੀਦ, 1378)
16. ਨਿੰਦਕੁ ਐਸੇ ਹੀ ਝਰਿ[14] ਪਰੀਐ ॥
ਇਹ ਨੀਸਾਨੀ ਸੁਨਹੁ ਤੁਮ ਭਾਈ ਜਿਉ [15]ਕਾਲਰ ਭੀਤਿ ਗਿਰੀਐ ॥
ਜਉ ਦੇਖੈ ਛਿਦ੍ਰ ਤਉ ਨਿੰਦਕੁ ਉਮਾਹੈ[16] ਭਲੋ[17] ਦੇਖਿ ਦੁਖ ਭਰੀਐ ॥
ਆਠ ਪਹਰ ਚਿਤਵੈ ਨਹੀ ਪਹੁਚੈ ਬੁਰਾ ਚਿਤਵਤ ਚਿਤਵਤ ਮਰੀਐ ॥
ਨਿੰਦਕੁ ਪ੍ਰਭੂ ਭੁਲਾਇਆ ਕਾਲੁ ਨੇਰੈ ਆਇਆ
ਹਰਿ ਜਨ ਸਿਉ [18]ਬਾਦੁ ਉਠਰੀਐ ॥
ਨਾਨਕ ਕਾ ਰਾਖਾ ਆਪਿ ਪ੍ਰਭੁ ਸੁਆਮੀ ਕਿਆ ਮਾਨਸ ਬਪੁਰੇ ਕਰੀਐ ॥(823)
18. ਜੋ ਦਾਸ ਤੇਰੇ ਕੀ ਨਿੰਦਾ ਕਰੇ ਤਿਸੁ ਮਾਰਿ ਪਚਾਈ ॥
ਚਿੰਤਾ ਛਡਿ ਅਚਿੰਤੁ ਰਹੁ ਨਾਨਕ ਲਗਿ ਪਾਈ ॥ (ਮ: 3—517)
19. [19]ਜੇ ਨਿੰਦਾ ਕਰੇ ਸਤਿਗੁਰ ਪੂਰੇ ਕੀ ਸੁ ਅਉਖਾ ਜਗ ਮਹਿ ਹੋਇਆ ॥
ਨਰਕ ਘੋਰੁ ਦੁਖ ਖੂਹੁ ਹੈ ਓਥੈ ਪਕੜਿ ਓਹੁ ਢੋਇਆ ॥ (ਮ: 4—309)

12. ਹੁਕਮ 13. ਅੰਦਰ ਲਿਆਵੋ 14. ਝੜ ਪੈਂਦਾ, ਡਿੱਗ ਪੈਂਦਾ ਹੈ 15. ਜਿਸ ਤਰ੍ਹਾਂ ਕੱਲਰ ਦੀ ਕੰਧ ਡਿਗ ਪੈਂਦੀ ਹੈ 16. ਬੁਰਾਈ ਦੇਖ ਕੇ ਖੁਸ਼ ਹੁੰਦਾ ਹੈ 17 ਭਲਾਈ ਦੇਖ ਕੇ ਦੁਖੀ ਹੁੰਦਾ ਹੈ 18. ਝਗੜਾ 19. ਜਿਹੜਾ ਪੂਰੇ ਸਤਿਗੁਰੂ ਦੀ ਨਿੰਦਿਆ ਕਰਦਾ ਹੈ ਉਹ, ਇਸ ਸੰਸਾਰ ਵਿੱਚ ਵੀ ਦੁਖੀ ਹੁੰਦਾ ਹੈ ਅਤੇ ਅੱਗੇ ਘੋਰ ਨਰਕਾਂ ਵਿਚ ਧੱਕਿਆ ਜਾਂਦਾ ਹੈ ।

ਆਸਾ-ਮਨਸਾ

'ਆਸਾ' ਦਾ ਅਰਥ ਹੈ ਇੱਛਾ, ਤੇ 'ਮਨਸਾ' ਦਾ ਤ੍ਰਿਸ਼ਨਾ। ਗੁਰਮਤਿ ਅਨੁਸਾਰ ਆਸਾ-ਮਨਸਾ ਹੀ ਜੀਵ ਦੇ ਬੰਧਨ ਦਾ ਅਸਲ ਕਾਰਣ ਹਨ। ਸਾਗਰ ਦੀਆਂ ਲਹਿਰਾਂ ਵਾਂਗ ਆਸਾ-ਮਨਸਾ ਮਨ ਵਿੱਚ ਨਿੱਤ ਨਵੀਆਂ ਤਰੰਗਾਂ ਪੈਦਾ ਕਰਦੀਆਂ ਰਹਿੰਦੀਆਂ ਹਨ। ਸਾਰਾ ਸੰਸਾਰ ਇਨ੍ਹਾਂ ਦੀ ਭਰਮ-ਠਗਉਰੀ ਵਿੱਚ ਫਸ ਕੇ ਦਿਨ-ਰਾਤ ਮਾਇਕ ਕਾਰ-ਵਿਹਾਰ ਵਿੱਚ ਖਚਿਤ ਰਹਿੰਦਾ ਹੈ। ਆਸਾ-ਮਨਸਾ ਅਧੀਨ ਕੀਤੇ ਹੋਏ ਜੀਵ ਦੇ ਕਰਮ ਇਸ ਨੂੰ ਚਉਰਾਸੀ ਦੇ ਚੱਕਰ ਵਿੱਚ ਫਸਾਈ ਰੱਖਦੇ ਹਨ। ਸਾਰਾ ਜਗਤ ਬਾਰ-ਬਾਰ ਆਸਾ-ਮਨਸਾ ਵਿੱਚ ਜੰਮਦਾ ਤੇ ਮਰਦਾ ਹੈ, ਪਰ ਆਸਾ-ਮਨਸਾ ਨਹੀਂ ਮਰਦੀ।

ਜਦੋਂ ਜੀਵ ਗੁਰਮਤਿ ਅਨੁਸਾਰ ਗੁਰੂ ਦੀ ਸ਼ਰਨ ਲੈ ਲੈਂਦਾ ਹੈ ਤੇ ਮਾਲਕ ਨਾਲ ਸੱਚਾ ਪਿਆਰ ਪਾ ਲੈਂਦਾ ਹੈ, ਤਾਂ ਉਸ ਨੂੰ ਸਾਰੇ ਸੰਸਾਰਕ ਪਦਾਰਥ ਫਿੱਕੇ ਲੱਗਣ ਲਗ ਪੈਂਦੇ ਹਨ ਕਿਉਂਕਿ ਉਸ ਨੂੰ ਇਨ੍ਹਾਂ ਦੀ ਨਾਸ਼ਮਾਨਤਾ ਦਾ ਗਿਆਨ ਹੋ ਜਾਂਦਾ ਹੈ। ਐਸੇ ਗੁਰਮੁਖ ਦਾ ਮਨ ਨਾਮ ਰੂਪੀ ਅੰਮ੍ਰਿਤ ਪੀ ਕੇ ਸਦਾ ਲਈ ਸ਼ਾਂਤ ਹੋ ਜਾਂਦਾ ਹੈ। ਇਸ ਮਹਾਂਰਸ ਦੇ ਸੇਵਨ ਤੋਂ ਬਾਅਦ ਸੰਸਾਰ ਦੀ ਕੋਈ ਦੂਸਰੀ ਵਸਤੂ ਉਸ ਨੂੰ ਆਪਣੇ ਵਲ ਨਹੀਂ ਖਿੱਚ ਸਕਦੀ ਅਤੇ ਉਸ ਨੂੰ ਕਿਸੇ ਦੂਸਰੀ ਵਸਤੂ ਦੀ ਪ੍ਰਾਪਤੀ ਦੀ ਤ੍ਰਿਸ਼ਨਾ ਬਾਕੀ ਨਹੀਂ ਰਹਿੰਦੀ। ਉਹ ਆਸਾ-ਤ੍ਰਿਸ਼ਨਾ ਦੀ ਸਦਾ ਡੋਲਦਿਆਂ ਰੱਖਣ ਵਾਲੀ ਦੁਖਦਾਈ ਅਵਸਥਾ ਦੀ ਥਾਂ ਸਹਿਜ ਦੀ ਅਡੋਲ, ਅਨੰਦਮਈ ਅਵਸਥਾ ਵਿੱਚ ਪਹੁੰਚ ਜਾਂਦਾ ਹੈ।

1. **ਆਸਾ ਮਨਸਾ ਬੰਧਨੀ ਭਾਈ ਕਰਮ ਧਰਮ ਬੰਧਕਾਰੀ ॥**
   ਪਾਪਿ ਪੁੰਨਿ ਜਗੁ ਜਾਇਆ ਭਾਈ ਬਿਨਸੈ ਨਾਮੁ ਵਿਸਾਰੀ ॥ (ਮ: 1—635)
2. **ਆਦਿ ਅੰਤੇ ਮਧਿ ਆਸਾ [1]ਕੂਕਰੀ ਬਿਕਰਾਲ ॥**
   ਗੁਰ ਗਿਆਨ ਕੀਰਤਨ ਗੋਬਿੰਦ ਰਮਣੰ ਕਾਟੀਐ ਜਮ ਜਾਲ ॥ (ਮ: 5—502)
3. **ਆਸਾ ਮਨਸਾ ਜਗਿ ਮੋਹਣੀ ਜਿਨਿ ਮੋਹਿਆ ਸੰਸਾਰੁ ॥**
   ਸਭੁ ਕੋ ਜਮ ਕੇ ਚੀਰੇ[2] ਵਿਚਿ ਹੈ ਜੇਤਾ ਸਭੁ ਆਕਾਰੁ ॥ (ਮ: 3—851)
4. **ਆਸਾ ਮਨਸਾ ਏਹੁ ਸਰੀਰੁ ਹੈ ਅੰਤਰਿ ਜੋਤਿ ਜਗਾਏ ॥**
   ਨਾਨਕ ਮਨਮੁਖਿ ਬੰਧੁ ਹੈ ਗੁਰਮੁਖਿ ਮੁਕਤਿ ਕਰਾਏ ॥ (ਮ: 3—559)

---

1. ਭਿਆਨਕ, ਖ਼ਤਰਨਾਕ ਕੁੱਤੀ 2. ਘੇਰੇ।

5. ਆਸਾ ਕਰਤਾ ਜਗੁ ਮੁਆ ਆਸਾ ਮਰੈ ਨ ਜਾਇ ॥
ਨਾਨਕ ਆਸਾ ਪੂਰੀਆ ਸਚੇ ਸਿਉ ਚਿਤੁ ਲਾਇ ॥
ਆਸਾ ਮਨਸਾ ਮਰਿ ਜਾਇਸੀ ਜਿਨਿ ਕੀਤੀ ਸੋ ਲੈ ਜਾਇ ॥
ਨਾਨਕ ਨਿਹਚਲੁ ਕੋ ਨਹੀ ਬਾਝਹੁ ਹਰਿ ਕੈ ਨਾਇ ॥ (ਮ: 3—517)

6. ਧ੍ਰਿਗੁ ਏਹ ਆਸਾ ਦੂਜੇ ਭਾਵ ਕੀ ਜੋ ਮੋਹਿ ਮਾਇਆ ਚਿਤੁ ਲਾਏ ॥
ਹਰਿ ਸੁਖੁ ਪਲ੍ਹਰਿ ਤਿਆਗਿਆ ਨਾਮੁ ਵਿਸਾਰਿ ਦੁਖੁ ਪਾਏ ॥ (ਮ: 3—850)

7. ਨਾਨਕ ਗੁਰ ਪਰਸਾਦੀ ਏਹੁ ਮਨੁ ਤਾਂ ਤਰੈ ਜਾ ਛੋਡੈ ਅਹੰਕਾਰੁ ॥
ਆਸਾ ਮਨਸਾ ਮਾਰੇ ਨਿਰਾਸੁ ਹੋਇ ਗੁਰ ਸਬਦੀ ਵੀਚਾਰ ॥ (ਮ: 3—851)

8. ਆਸਾ ਅੰਦਰਿ ਸਭੁ ਕੋ ਕੋਇ ਨਿਰਾਸਾ ਹੋਇ ॥
ਨਾਨਕ ਜੋ ਮਰਿ ਜੀਵਿਆ ਸਹਿਲਾ ਆਇਆ ਸੋਇ ॥ (ਮ: 3—956)

9. ਨਾ ਕਿਛੁ ਆਸਾ ਹਥਿ ਹੈ ਕੇਉ ਨਿਰਾਸਾ ਹੋਇ ॥
ਕਿਆ ਕਰੇ ਏਹ [3]ਬਪੁੜੀ ਜਾਂ ਭੁੋਲਾਏ ਸੋਇ ॥ (ਮ: 3—956)

10. ਵਡੇ ਵਡੇ ਰਾਜਨ ਅਰੁ ਭੂਮਨ[4] ਤਾ ਕੀ ਤ੍ਰਿਸਨ ਨ ਬੂਝੀ ॥
ਲਪਟਿ ਰਹੇ ਮਾਇਆ ਰੰਗ ਮਾਤੇ [5]ਲੋਚਨ ਕਛੂ ਨ ਸੂਝੀ ॥
ਬਿਖਿਆ ਮਹਿ ਕਿਨ ਹੀ ਤ੍ਰਿਪਤਿ ਨ ਪਾਈ ॥
[6]ਜਿਉ ਪਾਵਕੁ ਈਧਨਿ ਨਹੀ ਧ੍ਰਾਪੈ ਬਿਨੁ ਹਰਿ ਕਹਾ ਅਘਾਈ ॥
ਦਿਨੁ ਦਿਨੁ ਕਰਤ ਭੋਜਨ ਬਹੁ ਬਿੰਜਨ[7] ਤਾ ਕੀ ਮਿਟੈ ਨ ਭੂਖਾ ॥
[8]ਉਦਮੁ ਕਰੈ ਸੁਆਨ ਕੀ ਨਿਆਈ ਚਾਰੇ ਕੁੰਟਾ ਘੋਖਾ ॥
ਕਾਮਵੰਤ ਕਾਮੀ ਬਹੁ ਨਾਰੀ [9]ਪਰਗ੍ਰਿਹ ਜੋਹ ਨ ਚੂਕੈ ॥
ਦਿਨ ਪ੍ਰਤਿ ਕਰੈ ਕਰੈ ਪਛੁਤਾਪੈ ਸੋਗ ਲੋਭ ਮਹਿ ਸੂਕੈ ॥ (ਮ: 5—672)

11. ਗੁਰ ਕਾ ਸਬਦੁ ਵਿਸਾਰਿਆ ਦੂਜੈ ਭਾਇ ਰਚੰਨਿ ॥
ਤਿਸਨਾ ਭੁਖ ਨ ਉਤਰੈ ਅਨਦਿਨੁ ਜਲਤ ਫਿਰੰਨਿ ॥ (ਮ: 3—755)

12. ਮਨੁ ਦਹ ਦਿਸਿ ਚਲਿ ਚਲਿ ਭਰਮਿਆ ਮਨਮੁਖੁ ਭਰਮਿ ਭੁਲਾਇਆ ॥
ਨਿਤ ਆਸਾ ਮਨਿ ਚਿਤਵੈ ਮਨ ਤ੍ਰਿਸਨਾ ਭੁਖ ਲਗਾਇਆ ॥ (ਮ: 4—776)

13. ਅੰਦਰਿ ਤ੍ਰਿਸਨਾ ਬਹੁਤੁ [10]ਛਾਦਨ ਭੋਜਨ ਕੀ ਆਸਾ ॥
[11]ਬਿਰਥਾ ਜਨਮੁ ਗਵਾਇ ਨ ਗਿਰਹੀ ਨ ਉਦਾਸਾ ॥

---

3. ਵਿਚਾਰੀ 4. ਭੂਮੀ-ਪਤੀ, ਜ਼ਮੀਨਾਂ ਵਾਲੇ 5. ਅੱਖਾਂ ਨਾਲ ਕੁਝ ਨਹੀਂ ਸੁੱਝਦਾ 6. ਜਿਸ ਤਰ੍ਹਾਂ ਅਗਨੀ ਬਾਲਣ ਪੈਣ ਨਾਲ ਸ਼ਾਂਤ ਨਹੀਂ, ਹੋਰ ਪ੍ਰਚੰਡ ਹੁੰਦੀ ਹੈ, ਇਸੇ ਤਰ੍ਹਾਂ ਬਿਨਾ ਪ੍ਰਭੂ ਪ੍ਰਾਪਤੀ ਦੇ ਆਤਮਾ ਸ਼ਾਂਤ ਨਹੀਂ ਹੁੰਦੀ 7. ਖਾਣੇ 8. ਕੁੱਤੇ ਵਾਂਗ ਹਰ ਪਾਸੇ ਲੱਭਦਾ ਫਿਰਦਾ ਹੈ 9. ਪਰਾਏ ਘਰ ਜਾਣ ਤੋਂ ਨਹੀਂ ਚੂਕਦਾ 10. ਸੁਹਣੇ-ਸੁਹਣੇ ਭੋਜਨਾਂ, ਵਸਤਰਾਂ ਆਦਿ ਦੀ ਭਾਰੀ ਇੱਛਾ ਰੱਖਦਾ ਹੈ 11. ਜਨਮ ਵਿਅਰਥ ਗੁਆ ਲੈਂਦਾ ਹੈ ; ਉਹ ਨਾ ਸਫਲ ਗ੍ਰਿਹਸਤੀ ਹੁੰਦਾ ਹੈ, ਨਾ ਸਫਲ ਤਿਆਗੀ ।

ਜਮ ਕਾਲੁ ਸਿਰਹੁ ਨ ਉਤਰੈ [12]ਤ੍ਰਿਬਿਧਿ ਮਨਸਾ ॥
ਗੁਰਮਤੀ ਕਾਲੁ ਨ ਆਵੈ ਨੇੜੈ ਜਾ ਹੋਵੈ ਦਾਸਨਿ ਦਾਸਾ ॥ (ਮ: 1—140)

14. ਧੀਆ ਪੂਤ ਛੋਡਿ ਸੰਨਿਆਸੀ ਆਸਾ ਆਸ ਮਨਿ ਬਹੁਤੁ ਕਰਈਆ ॥
ਆਸਾ ਆਸ ਕਰੈ ਨਹੀ ਬੂਝੈ ਗੁਰ ਕੈ ਸਬਦਿ ਨਿਰਾਸ ਸੁਖੁ ਲਹੀਆ ॥
(ਮ: 4—835)

15. ਕਬੀਰ ਆਸਾ ਕਰੀਐ ਰਾਮ ਕੀ ਅਵਰੈ ਆਸ ਨਿਰਾਸ ॥
ਨਰਕਿ ਪਰਹਿ ਤੇ ਮਾਨਈ ਜੋ ਹਰਿਨਾਮ ਉਦਾਸ ॥ (ਕਬੀਰ, 1369)

16. ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ ॥
ਤੇ ਨਰ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ ॥ (ਰਵਿਦਾਸ, 1377)

17. ਜੇ ਆਸਾ ਅੰਦੇਸਾ ਤਜਿ ਰਹੈ ਗੁਰਮੁਖਿ ਭਿਖਿਆ ਨਾਉ ॥
ਤਿਸ ਕੇ ਚਰਨ ਪਖਾਲੀਅਹਿ ਨਾਨਕ ਹਉ ਬਲਿਹਾਰੈ ਜਾਉ ॥(ਮ: 3—550)

ਪੰਜ ਦੋਖ

ਗੁਰਬਾਣੀ ਵਿੱਚ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਨੂੰ ਪੰਜ ਚੋਰ, ਪੰਜ ਠੱਗ, ਪੰਜ ਡਾਕੂ, ਪੰਜ ਵਿਕਾਰ ਜਾਂ ਪੰਜ ਦੋਖ ਕਿਹਾ ਗਿਆ ਹੈ। ਇਹ ਚੋਰ ਜਾਂ ਡਾਕੂ ਇਸ ਲਈ ਹਨ ਕਿ ਜਿਹੜਾ ਸਾਡੇ ਸਿਰਜਨਹਾਰ ਨੇ ਸਾਡੇ ਸਰੀਰ ਅੰਦਰ ਸਾਡੇ ਲਈ ਨਾਮ ਰੂਪੀ ਅੰਮ੍ਰਿਤ ਰੱਖਿਆ ਹੈ—ਜਿਸ ਨੂੰ ਪੀ ਕੇ ਆਤਮਾ ਨੇ ਅਮਰ ਹੋਣਾ ਹੈ—ਇਹ ਪੰਜੇ ਵਿਕਾਰ ਦਿਨ-ਰਾਤ ਇਸ ਨੂੰ ਲੁੱਟੀ ਜਾ ਰਹੇ ਹਨ। ਇਹ ਅਜਿਹੇ ਭਿਆਨਕ ਦੋਖ ਜਾਂ ਰੋਗ ਹਨ, ਜਿਨ੍ਹਾਂ ਤੋਂ ਛੁਟਕਾਰਾਂ ਪ੍ਰਾਪਤ ਕਰਨਾ ਬਹੁਤ ਕਠਿਨ ਹੈ। ਜਦ ਤਕ ਨਾਮ ਦੀ ਕਮਾਈ ਨਾਲ ਇਨ੍ਹਾਂ ਪੰਜਾ ਨੂੰ ਵੱਸ ਨਹੀਂ ਕੀਤਾ ਜਾਂਦਾ, ਜਨਮ-ਮਰਨ ਦਾ ਭੈ ਬਣਿਆ ਰਹਿੰਦਾ ਹੈ, ਹਉਮੈ ਸਤਾਉਂਦੀ ਰਹਿੰਦੀ ਹੈ ਅਤੇ ਜੀਵ ਜਮਾਂ ਦੀਆਂ ਚੋਟਾਂ ਖਾਂਦਾ ਰਹਿੰਦਾ ਹੈ। ਇਨ੍ਹਾਂ ਦੋਖਾਂ ਦਾ ਮਾਰਿਆ ਹੋਇਆ ਜੀਵ ਰੋਂਦਾ ਹੀ ਜਗਤ ਵਿੱਚ ਆਉਂਦਾ ਹੈ ਅਤੇ ਰੋਂਦਾ ਹੀ ਇਸ ਤੋਂ ਵਾਪਸ ਚਲਾ ਜਾਂਦਾ ਹੈ।'

ਮਨਮੁਖ ਲੋਕ ਗ਼ਫ਼ਲਤ ਦੀ ਗੂੜ੍ਹੀ ਨੀਂਦ ਵਿੱਚ ਸੁੱਤੇ ਪਏ ਹਨ, ਉਨ੍ਹਾਂ ਨੂੰ ਖ਼ਬਰ ਤਕ ਨਹੀਂ ਕਿ ਇਹ ਪੰਜ ਡਾਕੂ ਕਿਸ ਬੇਰਹਿਮੀ ਨਾਲ ਉਨ੍ਹਾਂ ਦਾ ਘਰ ਲੁੱਟੀ ਜਾ ਰਹੇ ਹਨ। ਲੋਕ ਆਪੋ ਆਪਣੀ ਬੁੱਧੀ ਅਨੁਸਾਰ ਜਪ-ਤਪ, ਸੰਜਮ ਅਤੇ

12. ਤਿੰਨਾਂ ਗੁਣਾਂ ਵਾਲੇ ਪਦਾਰਥਾਂ ਦੀ ਤ੍ਰਿਸ਼ਨਾ ਅਤੇ ਕਾਲ ਗੁਰਮੁਖਾਂ ਦੇ ਨੇੜੇ ਨਹੀਂ ਆਉਂਦੇ।

ਹੋਰ ਕਈ ਵਿਧੀਆਂ ਦੁਆਰਾ ਇਨ੍ਹਾਂ ਪੰਜਾਂ ਵਿਕਾਰਾਂ ਤੋਂ ਛੁਟਕਾਰਾ ਪਾਉਣ ਲਈ ਯਤਨ ਕਰਦੇ ਹਨ ਪਰ ਇਨ੍ਹਾਂ ਸਾਧਨਾਂ ਦੁਆਰਾ ਸਫਲਤਾ ਪ੍ਰਾਪਤ ਨਹੀਂ ਕਰ ਸਕਦੇ।

ਗੁਰਮਤਿ ਇਨ੍ਹਾਂ ਤੋਂ ਛੁਟਕਾਰਾ ਪਾਉਣ ਦੀ ਸਰਲ, ਸੁਭਾਵਿਕ ਜੁਗਤੀ ਦੱਸਦੀ ਹੈ। ਇਹ ਜੁਗਤੀ ਜਾਂ ਸਾਧਨ ਆਪਣੇ ਅੰਦਰੋਂ ਨਾਮ ਰੂਪੀ ਅੰਮ੍ਰਿਤ ਦਾ ਪਾਨ ਕਰਨਾ ਹੈ। ਜਿਹੜੇ ਭਾਗਾਂ ਵਾਲੇ ਜੀਵ ਪੂਰਨ ਸੰਤਾਂ ਦੀ ਸ਼ਰਨ ਲੈ ਕੇ 'ਨਾਮ' ਜਾਂ 'ਸ਼ਬਦ' ਦੇ ਅੰਮ੍ਰਿਤ ਦਾ ਸੇਵਨ ਕਰਦੇ ਹਨ, ਉਹ ਬੜੀ ਆਸਾਨੀ ਨਾਲ ਇਨ੍ਹਾਂ ਪੰਜ ਅਸਾਧ ਰੋਗਾਂ ਤੋਂ ਛੁਟਕਾਰਾ ਪ੍ਰਾਪਤ ਕਰ ਲੈਂਦੇ ਹਨ।

1. ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ ॥
ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ ਕੋਇ ਨ ਸੁਣੈ ਪੂਕਾਰਾ ॥(ਮ: 3—600)

2. [1]ਏਕ ਨਗਰੀ ਪੰਚ ਚੋਰ ਬਸੀਅਲੇ ॥ [2]ਬਰਜਤ ਚੋਰੀ ਧਾਵੈ ॥
[3]ਤ੍ਰਿਹਦਸ ਮਾਲ ਰਖੈ ਜੋ ਨਾਨਕ ਮੋਖ ਮੁਕਤਿ ਸੋ ਪਾਵੈ ॥ (ਮ: 1—503)

3. [4]ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ ਏਕ ਦੋਖ ਬਿਨਾਸ ॥
ਪੰਚ ਦੋਖ ਅਸਾਧ ਜਾ ਮਹਿ ਤਾ ਕੀ ਕੇਤਕ ਆਸ ॥ (ਰਵਿਦਾਸ, 486)

4. [4]ਪਚੇ ਪਤੰਗੁ ਮ੍ਰਿਗ ਭ੍ਰਿੰਗ ਕੁੰਚਰ ਮੀਨ ਇਕ ਇੰਦ੍ਰੀ ਪਕਰਿ ਸਘਾਰੇ ॥
ਪੰਚ ਭੂਤ ਸਬਲ ਹੈ ਦੇਹੀ ਗੁਰੁ ਸਤਿਗੁਰੁ ਪਾਪ ਨਿਵਾਰੇ ॥ (ਮ: 4—983)

5. ਪੰਚ ਦੋਖ ਛਿਦ੍ਰ[5] ਇਆ ਤਨ ਮਹਿ [6]ਬਿਖੈ ਬਿਆਧਿ ਕੀ ਕਰਣੀ ॥
ਆਸ ਅਪਾਰ ਦਿਨਸ ਗਣਿ ਰਾਖੇ ਗ੍ਰਸਤ ਜਾਤ ਬਲੁ ਜਰਣੀ ॥(ਮ: 5, 1219)

6. ਏਕੁ [7]ਗਿਰਹੁ ਦਸ ਦੁਆਰ ਹੈ ਜਾ ਕੇ ਅਹਿਨਿਸਿ[8]
ਤਸਕਰ[9] ਪੰਚ ਚੋਰ ਲਗਈਆ ॥

---

1. ਸਰੀਰ ਰੂਪੀ ਨਗਰੀ ਵਿੱਚ ਪੰਜ ਚੋਰ (ਪੰਜ-ਵਿਕਾਰ) ਵੱਸਦੇ ਹਨ 2. ਇਹ ਰੋਕਦਿਆਂ-ਰੋਕਦਿਆਂ ਵੀ ਚੋਰੀ ਕਰਨ ਜਾਂਦੇ ਹਨ, ਭਾਵ ਬੇ ਕਾਬੂ ਹੋ ਜਾਂਦੇ ਹਨ 3. ਤ੍ਰਿਹਦਸ=ਤਿੰਨ+ਦਸ—ਤੇਰਾਂ; ਜੋ ਤਿੰਨਾਂ ਗੁਣਾਂ ਅਤੇ ਦਸ ਵਿਸ਼ਿਆਂ ਨੂੰ ਕਾਬੂ ਕਰ ਲੈਂਦਾ ਹੈ, ਉਹ ਮੁਕਤੀ ਪ੍ਰਾਪਤ ਕਰਦਾ ਹੈ 4. ਹਰਨ ਨਾਦ ਦੇ ਵਿਸ਼ੇ ਕਾਰਨ, ਮਛਲੀ ਜੀਭਾ ਦੇ ਵਿਸ਼ੇ ਕਾਰਨ, ਭੌਰਾ ਸੁਗੰਧੀ ਦੇ ਵਿਸ਼ੇ ਕਾਰਨ, ਭੰਬਟ (ਪਤੰਗਾ) ਅੱਖਾਂ ਦੇ ਵਿਸੇ ਕਾਰਨ, ਹਾਥੀ ਕਾਮ ਦੇ ਵਿਸ਼ੇ ਕਾਰਨ ਮ ਰਿਆ ਜਾਂਦਾ ਹੈ। ਜਿਸ ਇਨਸਾਨ ਨੂੰ ਇਹ ਪੰਜੇ ਲਾ-ਇਲਾਜ ਬੀਮਾਰੀਆਂ ਇਕੱਠੀਆਂ ਲੱਗੀਆਂ ਹੋਣ, ਉਸ ਦੇ ਬਚਾਅ ਦੀ ਕੀ ਆਸ ਹੋ ਸਕਦੀ ਹੈ? 5. ਦੋਸ਼, ਕਲੰਕ 6. ਵਿਸ਼ਿਆਂ-ਵਿਕਾਰਾਂ ਵਾਲੀ ਕਰਨੀ ਜਾਂ ਰਹਿਣੀ 7. ਘਰ, ਭਾਵ ਸਰੀਰ 8. ਦਿਨ-ਰਾਤ 9. ਲੁਟੇਰੇ।

ਧਰਮੁ ਅਰਥੁ ਸਭੁ [10]ਹਿਰਿ ਲੇ ਜਾਵਹਿ ਮਨਮੁਖ ਅੰਧੁਲੇ ਖਬਰਿ ਨ ਪਈਆ ॥
(ਮ: 4—833)

7. [11]ਜਿਉ ਕੂਕਰੁ ਹਰਕਾਇਆ ਧਾਵੈ ਦਹਦਿਸ ਜਾਇ ॥
ਲੋਭੀ ਜੰਤੁ ਨ ਜਾਣਈ ਭਖੁ ਅਭਖੁ ਸਭ ਖਾਇ ॥ (ਮ: 5—50)

8. ਜਿਨਾ ਅੰਤਰਿ ਲੋਭ ਵਿਕਾਰੁ ਹੈ ਦੂਜੈ ਭਾਇ ਖੁਆਇ ॥
ਜੰਮਣੁ ਮਰਣੁ ਨ ਚੁਕਈ ਹਉਮੈ ਵਿਚਿ ਦੁਖੁ ਪਾਇ ॥ (ਮ: 3—516)

9. ਲੋਭ ਵਿਕਾਰ ਜਿਨਾ ਮਨੁ ਲਾਗਾ ਹਰਿ ਵਿਸਰਿਆ ਪੁਰਖੁ ਚੰਗੇਰਾ ॥
ਓਇ ਮਨਮੁਖ ਮੂੜ ਅਗਿਆਨੀ ਕਹੀਅਹਿ ਤਿਨ ਮਸਤਕਿ ਭਾਗੁ ਮੰਦੇਰਾ[12] ॥
(ਮ: 4—711)

10. ਲੋਭ ਲਹਰਿ ਸਭੁ ਸੁਆਨੁ[13] ਹਲਕੁ ਹੈ ਹਲਕਿਓ ਸਭਹਿ ਬਿਗਾਰੇ ॥
ਮੇਰੇ ਠਾਕੁਰ ਕੇ ਦੀਬਾਨਿ ਖਬਰਿ ਹੋਈ ਗੁਰਿ ਗਿਆਨੁ ਖੜਗੁ[14] ਲੈ ਮਾਰੇ ॥
(ਮ: 4—983)

11. ਫਰੀਦਾ ਜਾ ਲਬੁ ਤਾ ਨੇਹੁ ਕਿਆ [15]ਲਬੁ ਤ ਕੂੜਾ ਨੇਹੁ ॥
[16]ਕਿਚਰੁ ਝਤਿ ਲਘਾਈਐ ਛਪਰਿ ਤੁਟੈ ਮੇਹੁ ॥ (ਫਰੀਦ, 1378)

12. [17]ਲੋਭੀ ਕਾ ਵੇਸਾਹੁ ਨ ਕੀਜੈ ਜੇ ਕਾ ਪਾਰਿ ਵਸਾਇ ॥
ਅੰਤਿਕਾਲਿ ਤਿਥੈ ਧੁਹੈ ਜਿਥੈ ਹਥੁ ਨ ਪਾਇ ॥
ਮਨਮੁਖ ਸੇਤੀ ਸੰਗੁ ਕਰੇ ਮੁਹਿ ਕਾਲਖ ਦਾਗੁ ਲਗਾਇ ॥
ਮੁਹ ਕਾਲੇ ਤਿਨ ਲੋਭੀਆਂ ਜਾਸਨਿ ਜਨਮੁ ਗਵਾਇ ॥ (ਮ: 3—1417)

13. ਮਾਇਆ ਕਾਮਿ ਵਿਆਪਿਆ ਸਮਝੈ ਨਾਹੀ ਗਾਵਾਰੁ ॥
ਉਠਿ ਚਲਿਆ ਪਛੁਤਾਇਆ [18]ਪਰਿਆ ਵਸਿ ਜੰਦਾਰ ॥ (ਮ: 5—43)

14. ਜਪੁ ਤਪੁ ਸੰਜਮੁ ਛੋਡਿ [19]ਸੁਕ੍ਰਿਤ ਮਤਿ ਰਾਮਨਾਮੁ ਨ ਅਰਾਧਿਆ ॥
ਉਛਲਿਆ ਕਾਮੁ ਕਾਲ ਮਤਿ ਲਾਗੀ ਤਉ ਆਨਿ ਸਕਤਿ[20] ਗਲਿ ਬਾਂਧਿਆ ॥
[21]ਤਰੁਣ ਤੇਜੁ ਪਰਤ੍ਰਿਅ ਮੁਖੁ ਜੋਹਹਿ ਸਰੁ ਅਪਸਰੁ ਨ ਪਛਾਨਿਆ ॥

---

10. ਲੁੱਟ ਕੇ ਲੈ ਜਾਂਦੇ ਹਨ 11 ਜਿਸ ਤਰ੍ਹਾਂ ਹਲਕਾਇਆ ਹੋਇਆ ਕੁੱਤਾ ਹਰ ਪਾਸੇ ਦੌੜਿਆ ਫਿਰਦਾ ਹੈ ਇਸੇ ਤਰ੍ਹਾ ਲੋਭੀ ਵਿਅਕਤੀ ਭਖ (ਜਾਇਜ਼) ਭਖ (ਨਾ ਜਾਇਜ਼) ਨਹੀਂ ਦੇਖਦਾ, ਸਭ ਕੁਝ ਹੜੱਪ ਕਰ ਜਾਂਦਾ ਹੈ 12. ਮੰਦਾ, ਬੁਰਾ 13. ਕੁੱਤਾ 14. ਤਲਵਾਰ 15. ਜੇ ਲੋਭ ਹੈ ਤਾਂ ਪਿਆਰ ਝੂਠਾ ਹੈ 16. ਕਿੰਨੀ ਦੇਰ ਝੱਟ ਲੰਘ ਸਕਦਾ ਹੈ, ਗੁਜ਼ਾਰਾ ਹੋ ਸਕਦਾ ਹੈ; ਭਾਵ, ਜਿੱਥੇ ਲੋਭ ਹੋਵੇ ਓਥੇ ਪਿਆਰ ਬਹੁਤੀ ਦੇਰ ਨਹੀਂ ਚੱਲ ਸਕਦਾ 17. ਜਿੱਥੋਂ ਤਕ ਵਾਹ ਲੱਗੇ ਲੋਭੀ ਦਾ ਇਤਬਾਰ ਨਹੀਂ ਕਰਨਾ ਚਾਹੀਦਾ 18. ਜਮ ਦੇ ਵੱਸ ਪੈਂਦਾ ਹੈ 19. ਚੰਗੇ ਕੰਮਾਂ ਵਲ ਲਿਜਾਣ ਵਾਲੀ ਕਿਰਤ 20. ਇਸਤਰੀ 21. ਜੁਆਨੀ ਦੇ ਜ਼ੋਰ ਹੇਠ ਪਰਾਈ-ਇਸਤਰੀ ਵੱਲ ਖਿੱਚਿਆ ਜਾਂਦਾ ਹੈ ਅਤੇ ਠੀਕ-ਗ਼ਲਤ ਨਹੀਂ ਪਛਾਣਦਾ ।

[22]ਉਨਮਤ ਕਾਮਿ ਮਹਾ ਬਿਖੁ ਭੂਲੈ ਪਾਪੁ ਪੁੰਨੁ ਨ ਪਛਾਨਿਆ ॥ (ਬੇਣੀ, 93)

15. [23]ਨਿਮਖ ਕਾਮ ਸੁਆਦ ਕਾਰਣਿ ਕੋਟਿ ਦਿਨਸ ਦੁਖੁ ਪਾਵਹਿ ॥
[24]ਘਰੀ ਮੁਹਤ ਰੰਗ ਮਾਣਹਿ ਫਿਰਿ ਬਹੁਰਿ ਬਹੁਰਿ ਪਛੁਤਾਵਹਿ ॥(ਮ: 5—403)

16. [25]ਪਲਕ ਦ੍ਰਿਸਟਿ ਦੇਖਿ ਭੂਲੋ ਆਕ ਨੀਮ ਕੋ ਤੂੰਮਰੁ ॥
[26]ਜੈਸਾ ਸੰਗੁ ਬਿਸੀਅਰ ਸਿਉ ਹੈ ਰੇ ਤੈਸੋ ਹੀ ਇਹੁ ਪਰਗ੍ਰਿਹੁ ॥(ਮ: 5—403)

17. ਕਾਮ ਕ੍ਰੋਧ ਮਦਿ ਬਿਆਪਿਆ ਫਿਰਿ ਫਿਰਿ ਜੋਨੀ ਪਾਇ ॥
ਮਾਇਆ ਜਾਲੁ ਪਸਾਰਿਆ ਭੀਤਰਿ ਚੋਗ[27] ਬਣਾਇ ॥ (ਮ: 5—50)

18. ਓਇ ਫਿਇ ਫਿਰਿ ਜੋਨਿ ਭਵਾਈਅਹਿ ਵਿਚਿ ਵਿਸਟਾ[28] ਕਰਿ ਵਿਕਰਾਲ ॥
ਓਨਾ ਪਾਸ ਦੁਆਸ ਨ ਭਿਟੀਐ ਜਿਨ ਅੰਤਰਿ ਕ੍ਰੋਧ ਚੰਡਾਲ ॥ (ਮ: 4—40)

19. ਜਾ ਕੈ ਕੀਐ ਸ੍ਰਮੁ ਕਰੈ ਤੇ ਬੈਰ ਬਿਰੋਧੀ ॥
ਅੰਤ ਕਾਲਿ ਭਜਿ ਜਾਹਿ ਗੇ ਕਾਹੇ ਜਲਹੁ ਕਰੋਧੀ ॥ (ਮ: 5—809)

20. ਇਹੁ ਜਗੁ ਭਰਮਿ ਭੁਲਾਇਆ ਮੋਹ ਠਗਉਲੀ[29] ਪਾਇ ॥
ਜਿਨਾ ਸਤਿਗੁਰੁ ਭੇਟਿਆ ਤਿਨ [30]ਨੇੜਿ ਨ ਭਿਟੈ ਮਾਇ ॥ (ਮ: 3—233)

21. ਜੇਤਾ ਮੋਹੁ ਹਉਮੈ ਕਰਿ ਭੂਲੇ ਮੇਰੀ ਮੇਰੀ ਕਰਤੇ [31]ਛੀਨਿ ਖਰੇ ॥
ਤਨੁ ਧਨੁ ਬਿਨਸੈ ਸਹਸੈ ਸਹਸਾ ਫਿਰਿ ਪਛੁਤਾਵੈ ਮੁਖਿ ਧੂਰਿ ਪਰੇ ॥ (1014)

22. ਹਉਮੈ ਮਾਇਆ ਮੋਹਿ ਖੁਆਇਆ ਦੁਖੁ ਖਟੇ ਦੁਖ ਖਾਇ ॥
ਅੰਤਰਿ ਲੋਭ ਹਲਕੁ ਦੁਖੁ ਭਾਰੀ ਬਿਨੁ ਬਿਬੇਕ ਭਰਮਾਇ ॥ (ਮ: 3—1132)

23. ਸੁਪਨੈ ਹਭਿ ਰੰਗ ਮਾਣਿਆ ਮਿਠਾ ਲਗੜਾ ਮੋਹੁ ॥
ਨਾਨਕ ਨਾਮ ਵਿਹੂਣੀਆ ਸੁੰਦਰਿ ਮਾਇਆ ਧ੍ਰੋਹੁ ॥ (ਮ: 5—707)

24. ਲਬ ਲੋਭ ਅਹੰਕਾਰ ਦੀ ਮਾਤੀ ਮਾਇਆ ਮਾਹਿ ਸਮਾਣੀ ॥
ਇਨੀ ਬਾਤੀ ਸਹੁ ਪਾਈਐ ਨਾਹੀ ਭਈ ਕਾਮਣਿ ਇਆਣੀ ॥ (ਮ: 1—722)

25. ਕਾਮੁ ਕ੍ਰੋਧੁ ਦੁਇ ਭਏ ਜਗਾਤੀ[32] [33]ਮਨਤਰੰਗ ਬਟਵਾਰਾ ॥
ਪੰਚ ਤਤੁ ਮਿਲਿ ਦਾਨੁ ਨਿਬੇਰਹਿ ਟਾਂਡਾ ਉਤਰਿਓ ਪਾਰਾ ॥ (ਕਬੀਰ, 333)

---

22. ਕਾਮ ਦੀ ਮਸਤੀ ਵਿੱਚ 23. ਪਲ ਭਰ ਦੇ ,ਕਾਮ ਦੇ ਸੁਆਦ ਕਾਰਨ ਕਰੋੜਾਂ ਦਿਵਸ (ਨਰਕਾ ਦੇ) ਦੁੱਖ ਵਿੱਚ ਜਲਣਾ ਪੈਂਦਾ ਹੈ 24. ਘੜੀ-ਪਲ ਲਈ ਰੰਗ ਮਾਣਦਾ ਹੈ, ਫਿਰ ਬਾਰ-ਬਾਰ ਪਛਤਾਉਂਦਾ ਹੈ 25. ਜਿਸ ਤਰ੍ਹਾਂ ਅੱਕ ਦੀ ਕਕੜੀ ,ਅਤੇ ਨਿੰਮ ਦੀ ਨਿਮੋਲੀ ਬਾਹਰੋਂ ਦੇਖਣ ਨੂੰ ਸੁਹਣੀ ਲਗਦੀ ਹੈ, ਪਰ ਅੰਦਰੋਂ ਕੌੜੀ ਹੁੰਦੀ ਹੈ, ਇਸੇ ਤਰ੍ਹਾਂ ਪਲ-ਭਰ ਦੇ ਦਿਖਾਵੇ ਨੂੰ ਦੇਖ ਕੇ ਭੁੱਲ ਜਾਂਦਾ ਹੈ 26. ਪਰਾਈ ਵਸਤੂ/ਇਸਤਰੀ ਸੱਪ ਦੇ ਸਮਾਨ ਹੈ 27. ਚੋਗਾ 28. ਗੰਦਗੀ 29. ਉਹ ਬੂਟੀ ਜੋ ਠੱਗ ਲੋਕਾਂ ਨੂੰ ਖੁਆ ਕੇ, ਉਨ੍ਹਾਂ ਨੂੰ ਠੱਗ ਲਿਆ ਕਰਦੇ ਸਨ 30. ਮਾਇਆ ਉਨ੍ਹਾਂ ਦੇ ਨੇੜੇ ਨਹੀਂ ਆਉਂਦੀ 31. ਖੋਹ ਕੇ ਲੈ ਜਾਂਦੇ ਹਨ 32. ਮਸੂਲੀਏ, ਮਸੂਲ ਲੈਣ ਵਾਲੇ 33. ਮਨ ਦੀਆਂ ਤਰੰਗਾਂ (ਲਹਿਰਾਂ) ਲੁਟੇਰਿਆਂ ਸਮਾਨ ਹਨ ।

26. [34]ਰੂਪੈ ਕਾਮੈ ਦੋਸਤੀ ਭੁਖੈ ਸਾਦੈ ਗੰਢੁ ॥
[35]ਲਬੈ ਮਾਲੈ ਘੁਲਿ ਮਿਲਿ ਮਿਚਲਿ [36]ਊਂਘੈ ਸਉੜਿ ਪਲੰਘੁ ॥ (ਮ: 1,1288)

27. ਰਾਜੁ ਮਾਲੁ ਰੂਪੁ ਜਾਤਿ ਜੋਬਨੁ ਪੰਜੇ ਠਗ ॥
ਏਨੀ ਠਗੀਂ ਜਗੁ ਠਗਿਆ ਕਿਨੈ ਨ ਰਖੀ ਲਜ ॥
ਏਨਾ ਠਗਨਿ੍ ਠਗ ਸੇ ਜਿ ਗੁਰ ਕੀ ਪੈਰੀ ਪਾਹਿ ॥
ਨਾਨਕ ਕਰਮਾ ਬਾਹਰੇ ਹੋਰਿ ਕੇਤੇ ਮੁਠੇ ਜਾਹਿ ॥ (ਮ: 1–1256)

ਰਸ-ਕਸ

ਗੁਰਮਤਿ ਅਨੁਸਾਰ ਇਸ ਸਰੀਰ ਦੇ ਦਸ ਦੁਆਰੇ ਹਨ। ਨੌਂ ਦਰਵਾਜ਼ੇ ਪ੍ਰਗਟ ਹਨ ਤੇ ਦਸਵਾਂ ਦੁਆਰ ਗੁਪਤ ਹੈ। ਨੌਆਂ ਦਰਵਾਜ਼ਿਆਂ (ਦੋ ਅੱਖਾਂ, ਦੋ ਕੰਨ, ਦੋ ਨੱਕ, ਇਕ ਮੂੰਹ ਤੇ ਦੋ ਹੇਠਲੇ ਦਰ) ਦੇ ਜਿੰਨੇ ਵੀ ਰਸ ਮਨ-ਇੰਦਰੀਆਂ ਭੋਗਦੇ ਹਨ, ਸੱਭ ਫਿੱਕੇ ਹਨ। ਸੁਆਦਲੇ ਭੋਜਨ ਤੇ ਚੰਗੇ ਚੰਗੇ ਪਦਾਰਥਾਂ ਦਾ ਰਸ; ਸ਼ਰਾਬਾਂ, ਕਬਾਬਾਂ ਦਾ ਰਸ; ਸੋਨੇ, ਚਾਂਦੀ, ਹੀਰੇ ਤੇ ਜਵਾਹਰ ਦੇ ਪਹਿਣਨ ਦਾ ਰਸ; ਸੁੰਦਰ ਕਾਮਣੀ ਦੇ ਰੂਪ ਨੂੰ ਵੇਖਣ ਦਾ ਰਸ; ਕੇਸਰ, ਕਪੂਰ ਤੇ ਚੰਦਨ ਆਦਿ ਸੁਗੰਧੀਆਂ ਦਾ ਰਸ; ਅਮੀਰੀ ਠਾਠ-ਬਾਠ ਤੇ ਖ਼ੂਬਸੂਰਤ ਮਹੱਲਾਂ ਤੇ ਭਵਨਾਂ ਦਾ ਰਸ; ਖੁਸ਼ਬੂਦਾਰ ਫੁੱਲਾਂ ਦੀਆਂ ਕੋਮਲ ਸੇਜਾਂ ਆਦਿ ਦਾ ਰਸ; ਸੁੰਦਰ ਹਾਰ-ਸ਼ਿੰਗਾਰ ਦਾ ਰਸ ਆਦਿ ਸਭ ਇੰਦਰੀਆਂ ਦੇ ਝੂਠੇ ਭੋਗ ਹਨ। ਇਹ ਰਸ ਜੀਵ ਨੂੰ ਸੁਆਦਲੇ ਅਤੇ ਪਿਆਰੇ ਲੱਗਦੇ ਹੋਣਗੇ, ਪਰ ਇਨ੍ਹਾਂ ਵਿੱਚ ਸੱਚਾ ਅਨੰਦ ਨਹੀਂ ਹੈ। ਇਨ੍ਹਾਂ ਨਾਲ ਮਨ ਵਿੱਚ ਸੱਚੀ ਤ੍ਰਿਪਤ ਜਾਂ ਸ਼ਾਂਤੀ ਨਹੀਂ ਆ ਸਕਦੀ, ਸਗੋਂ ਤ੍ਰਿਸ਼ਨਾਂ ਦੀ ਅੱਗ ਹੋਰ ਵੱਧ ਭੜਕਦੀ ਹੈ। ਮਨ ਇੱਕ ਹੈ—ਚਾਹੇ ਇਸ ਨੂੰ ਨਾਮ ਵਿੱਚ ਲਾ ਲਉ, ਚਾਹੇ ਭੋਗਾਂ ਵਿੱਚ। ਮਨਮੁੱਖ ਤੇ ਅਗਿਆਨੀ ਜੀਵ ਬਾਹਿਰਮੁਖੀ ਰਸਾਂ-ਕਸਾਂ ਦੇ ਭੋਗਾਂ ਵਿੱਚ ਹੀ ਆਪਣੇ ਅਨਮੋਲ ਮਨੁੱਖੀ ਜੀਵਨ ਨੂੰ ਗਵਾ ਦਿੰਦੇ ਹਨ। ਉਹ ਸਦਾ ਦੁਖੀ ਤੇ ਵਿਲਕਦੇ ਰਹਿੰਦੇ ਹਨ। ਉਨ੍ਹਾਂ ਨੂੰ ਜਮਾਂ ਦਾ ਭੈ ਬਣਿਆ ਰਹਿੰਦਾ ਹੈ ਤੇ ਉਹ ਆਪਣਾ ਸਾਰਾ ਜੀਵਨ 'ਦੂਜੇ ਭਾਉ' ਵਿੱਚ ਹੀ ਗਵਾ ਲੈਂਦੇ ਹਨ। ਪਰ ਜੋ ਨਾਮ

---

34. ਕਾਮ ਦਾ ਰੂਪ ਨਾਲ ਤੇ ਸੁਆਦ ਦਾ ਭੁੱਖ ਨਾਲ ਸੰਬੰਧ ਹੈ 35. ਲੋਭੀ ਵਿਅਕਤੀ ਧਨ ਨਾਲ ਘੁਲ-ਮਿਲ ਕੇ ਇਕ-ਰੂਪ ਹੋਇਆ ਹੁੰਦਾ ਹੈ 36. ਜਿਸ ਨੂੰ ਨੀਂਦ ਆਈ ਹੋਵੇ, ਉਸ ਨੂੰ ਸੌੜੀ (ਤੰਗ) ਜਗ੍ਹਾ ਹੀ ਪਲੰਘ ਵਰਗੀ ਲੱਗਦੀ ਹੈ।

ਰੂਪੀ ਸੱਚੇ ਰਸ ਜਾਂ ਮਹਾਂ-ਰਸ ਦਾ ਸੇਵਨ ਕਰਦੇ ਹਨ, ਉਨ੍ਹਾਂ ਦੀ ਦੁਨਿਆਵੀ ਰਸਾਂ-ਕਸਾਂ ਦੀ ਪਿਆਸ ਸਦਾ ਲਈ ਸ਼ਾਂਤ ਹੋ ਜਾਂਦੀ ਹੈ ਤੇ ਮਨ ਦੀਆਂ ਜਨਮਾਂ-ਜਨਮਾਂ ਦੀਆਂ ਭੁੱਖਾਂ ਮਿਟ ਜਾਂਦੀਆਂ ਹਨ। ਨਾਮ ਦੇ ਸੱਚੇ ਰਸ ਦੀ ਪ੍ਰਾਪਤੀ ਤੋਂ ਪਿੱਛੋਂ ਕੋਈ ਦੂਜਾ ਰਸ ਉਨ੍ਹਾਂ ਨੂੰ ਨਹੀਂ ਭਾਉਂਦਾ, ਸਗੋਂ ਜਿਹੜੇ ਰਸ ਹੁਣ ਮਿੱਠੇ ਲਗਦੇ ਹਨ, ਉਹ ਫਿੱਕੇ ਤੇ ਬੇ-ਸੁਆਦੇ ਲੱਗਣ ਲੱਗ ਪੈਂਦੇ ਹਨ ਅਤੇ ਮਨ ਵਿੱਚ ਸੱਚਾ ਵੈਰਾਗ ਪੈਦਾ ਹੋ ਜਾਂਦਾ ਹੈ।

1. ਰਸੁ ਸੁਇਨਾ ਰਸੁ ਰੁਪਾ ਕਾਮਣਿ[1] ਰਸੁ ਪਰਮਲ[2] ਕੀ ਵਾਸੁ ॥
ਰਸੁ ਘੋੜੇ ਰਸੁ ਸੇਜਾ ਮੰਦਰ ਰਸੁ ਮੀਠਾ ਰਸੁ ਮਾਸੁ ॥
ਏਤੇ ਰਸ ਸਰੀਰ ਕੇ ਕੈ ਘਟਿ ਨਾਮ ਨਿਵਾਸੁ ॥ (ਮ: 1—15)
2. ਸਭਿ ਰਸ ਭੋਗਣ ਬਾਦਿ[3] ਹਹਿ ਸਭਿ ਸੀਗਾਰ ਵਿਕਾਰ ॥
ਜਬ ਲਗੁ ਸਬਦਿ ਨ ਭੇਦੀਐ ਕਿਉ ਸੋਹੈ ਗੁਰਦੁਆਰਿ ॥ (ਮ: 1—19)
3. ਕਿਆ ਤੂ ਰਤਾ ਦੇਖਿ ਕੈ ਪੁਤ੍ਰ ਕਲਤ੍ਰ ਸੀਗਾਰ ॥
ਰਸ ਭੋਗਹਿ ਖੁਸੀਆ ਕਰਹਿ ਮਾਣਹਿ ਰੰਗ ਅਪਾਰ ॥ (ਮ: 6—42)
4. ਜਿਤੁ ਮੁਖਿ ਨਾਮੁ ਨ ਊਚਰਹਿ ਬਿਨੁ ਨਾਵੈ ਰਸ ਖਾਹਿ ॥
ਨਾਨਕ ਏਵੈ ਜਾਣੀਐ ਤਿਤੁ ਮੁਖਿ ਥੁਕਾ ਪਾਹਿ ॥ (ਮ: 6—473)
5. ਜਿਨਿ ਜਿਹਵਾ ਹਰਿ ਰਸੁ ਨ ਚਖਿਓ ਸਾ ਜਿਹਵਾ ਜਲਿ ਜਾਉ ॥
ਅਨ ਰਸ[4] ਸਾਦੇ[5] ਲਗਿ ਰਹੀ ਦੁਖੁ ਪਾਇਆ ਦੂਜੈ ਭਾਇ ॥ (ਮ: 3—558)
6. ਜਿਤਨੇ ਰਸ ਅਨਰਸ ਹਮ ਦੇਖੇ ਸਭ ਤਿਤਨੇ ਫੀਕ ਫੀਕਾਨੇ[6] ॥
ਹਰਿ ਕਾ ਨਾਮੁ ਅੰਮ੍ਰਿਤ ਰਸੁ ਚਾਖਿਆ ਮਿਲਿ ਸਤਿਗੁਰ [7]ਮੀਠ ਰਸ ਗਾਨੇ ॥
(ਮ: 4—169)
7. ਸਭਿ ਰਸ ਤਿਨ ਕੈ ਰਿਦੈ ਹਹਿ ਜਿਨ ਹਰਿ ਵਸਿਆ ਮਨ ਮਾਹਿ ॥
ਹਰਿ ਦਰਗਹਿ ਤੇ ਮੁਖ ਉਜਲੇ ਤਿਨ ਕਉ ਸਭਿ ਦੇਖਣ ਜਾਹਿ ॥(ਮ: 4,310)
8. ਖਾਤ ਪੀਤ ਅਨੇਕ ਬਿੰਜਨ[8] ਜੈਸੇ [9]ਭਾਰ ਬਾਹਕ ਖੋਤ ॥
ਆਠ ਪਹਰ ਮਹਾ ਸ੍ਰਮੁ ਪਾਇਆ ਜੈਸੇ ਬਿਰਖ[10] ਜੰਤੀ[11] ਜੋਤ[12] ॥ (1121)

1. ਇਸਤਰੀ 2. ਚੰਦਨ ਰਗੜਨ ਤੋਂ ਪੈਦਾ ਹੋਣ ਵਾਲੀ ਸੁਗੰਧੀ 3. ਵਿਅਰਥ 4. ਹੋਰ ਰਸ 5. ਸੁਆਦ 6. ਬਿਲਕੁਲ ਫਿੱਕੇ ਹਨ 7. ਗੰਨੇ ਵਰਗਾ ਮਿੱਠਾ 8. ਭੋਜਨ, ਰਸ 9. ਭਾਰ ਢੋਣ ਵਾਲਾ ਖੋਤਾ 10. ਬਲਦ 11. ਜੰਤਰ ਵਿੱਚ ਭਾਵ ਕੋਲ੍ਹੂ ਵਿੱਚ 12. ਜੋਇਆ ਹੁੰਦਾ ਹੈ।

9. ਫਰੀਦਾ ਸਕਰ ਖੰਡੁ ਨਿਵਾਤ[13] ਗੁੜੁ ਮਾਖਿਉ ਮਾਂਝਾ ਦੁਧੁ ॥
ਸਭੇ ਵਸਤੂ ਮਿਠੀਆਂ ਰਬ ਨ ਪੁਜਨਿ ਤੁਧੁ ॥
ਫਰੀਦਾ ਰੋਟੀ ਮੇਰੀ ਕਾਠ[14] ਦੀ ਲਾਵਣੁ[15] ਮੇਰੀ ਭੁਖ ॥
ਜਿਨਾ ਖਾਧੀ ਚੋਪੜੀ ਘਣੇ ਸਹਨਿਗੇ ਦੁਖ ॥
ਰੁਖੀ ਸੁਖੀ ਖਾਇ ਕੈ ਠੰਢਾ ਪਾਣੀ ਪੀਉ ॥
ਫਰੀਦਾ ਦੇਖਿ ਪਰਾਈ ਚੋਪੜੀ ਨ ਤਰਸਾਏ ਜੀਉ ॥ (ਫਰੀਦ, 1379)

ਸਤਿਗੁਰੂ ਤੋਂ ਬਿਨਾ ਸਾਰਾ ਸੰਸਾਰ ਰੋਗੀ ਹੈ

ਸਾਰਾ ਸੰਸਾਰ ਨਾਸ਼ਵਾਨ, ਪਰਿਵਰਤਨਸ਼ੀਲ ਜਾਂ ਰੋਗੀ ਹੈ। ਇਸ ਨੂੰ ਮੌਤ ਸਤੇ ਹਉਮੈ ਦਾ ਭਿਆਨਕ ਰੋਗ ਲੱਗਾ ਹੋਇਆ ਹੈ। ਅਸੀਂ ਜੁਗਾਂ-ਜੁਗਾਂ ਤੋਂ ਇਸ ਰੋਗ ਨਾਲ ਬਿਮਾਰ ਤੁਰੇ ਆ ਰਹੇ ਹਾਂ। ਚਾਰੇ ਖਾਣੀਆਂ ਇਸ ਰੋਗ ਵਿੱਚ ਗ੍ਰਸਤ ਹਨ। ਬ੍ਰਹਮਾ, ਵਿਸ਼ਨੂੰ, ਮਹੇਸ਼ ਜੋ ਕ੍ਰਮਵਾਰ ਸ੍ਰਿਸ਼ਟੀ ਦੇ ਕਰਤਾ, ਪਾਲਕ ਤੇ ਸੰਘਾਰਕ ਹਨ, ਵੀ ਰੋਗੀ ਹਨ। ਸਾਰੀਆਂ ਪੁਰੀਆਂ, ਖੰਡ-ਬ੍ਰਹਿਮੰਡ, ਸਾਰੇ ਲੋਕ, ਦੀਪ ਤੇ ਨੌਂ ਖੰਡ ਪ੍ਰਿਥਵੀ, ਪਉਣ, ਪਾਣੀ, ਬੈਸੰਤਰ, ਧਰਤੀ, ਆਕਾਸ਼ ਆਦਿ ਸਭ ਰੋਗੀ ਹਨ, ਕਿਉਂਕਿ ਇਹ ਸਭ ਨਾਸ਼ਵਾਨ ਹਨ। ਸਾਰੀ ਰਚਨਾ ਕਾਲ ਦੇ ਪਰਿਵਰਤਨਸ਼ੀਲ ਪ੍ਰਭਾਵ ਅਧੀਨ ਹੈ। ਕੇਵਲ ਇਕ ਅਕਾਲਪੁਰਖ ਨਿਹਚਲ, ਅਬਿਨਾਸ਼ੀ ਜਾਂ ਅਰੋਗੀ ਹੈ ਜਾਂ ਉਹ ਗੁਰਮੁਖ, ਜਿਨ੍ਹਾਂ ਦੇ ਅੰਦਰ 'ਸ਼ਬਦ' ਪ੍ਰਗਟ ਹੈ, ਅਬਿਨਾਸ਼ੀ ਅਤੇ ਅਰੋਗੀ ਹਨ : 'ਜੋ ਜੋ ਦੀਸੈ ਸੋ ਸੋ ਰੋਗੀ ॥ ਰੋਗ ਰਹਿਤ ਮੇਰਾ ਸਤਿਗੁਰੁ ਜੋਗੀ' (ਮ: 5. ਪੰ 1140)। ਸੱਚੇ ਗੁਰਮੁਖ ਆਪ ਵੀ ਅਰੋਗ ਹਨ ਅਤੇ ਇਸ ਰੋਗ ਦੇ ਵੈਦ ਵੀ ਹਨ। ਉਨ੍ਹਾਂ ਕੋਲ ਸ਼ਬਦ ਰੂਪੀ ਔਖਧ ਹੈ, ਜੋ ਸਭ ਰੋਗਾਂ ਦਾ ਸੱਚਾ ਦਾਰੂ ਹੈ। ਗੁਰਮੁਖ ਜਨ 'ਸ਼ਬਦ' ਜਾਂ 'ਨਾਮ' ਦੀ ਸੰਜੀਵੀ ਬੂਟੀ ਰਾਹੀਂ ਆਪਣੀ ਸ਼ਰਣ ਆਉਣ ਵਾਲੇ ਸਿੱਖਾਂ-ਸੇਵਕਾਂ ਨੂੰ ਵੀ ਅਰੋਗ ਕਰ ਦਿੰਦੇ ਹਨ।

---

13. ਮਿਸ਼ਰੀ 14. ਲੱਕੜ ਦੀ ਰੋਟੀ ਮੇਰਾ ਖਾਣਾ ਹੈ 15. ਭੁੱਖ ਮੇਰੀ ਸਬਜ਼ੀ ਹੈ।

ਸਾਰਾ ਸੰਸਾਰ ਰੋਗੀ ਹੈ

1. ਪਉਣੁ ਪਾਣੀ ਬੈਸੰਤਰੁ[1] ਰੋਗੀ ਰੋਗੀ [2]ਧਰਤਿ ਸਭੋਗੀ ॥
ਮਾਤ ਪਿਤਾ ਮਾਇਆ ਦੇਹ ਸਿ ਰੋਗੀ ਰੋਗੀ ਕੁਟੰਬ ਸੰਜੋਗੀ ॥
ਰੋਗੀ ਬ੍ਰਹਮਾ ਬਿਸਨੁ ਸਰੁਦ੍ਰਾ[3] ਰੋਗੀ ਸਗਲ ਸੰਸਾਰਾ ॥
ਹਰਿ ਪਦੁ ਚੀਨਿ ਭਏ ਸੇ ਮੁਕਤੇ ਗੁਰ ਕਾ ਸਬਦੁ ਵੀਚਾਰਾ ॥
ਰੋਗੀ ਸਾਤ ਸਮੁੰਦ ਸ ਨਦੀਆ ਖੰਡ ਪਤਾਲ ਸਿ ਰੋਗਿ ਭਰੇ ॥
ਹਰਿ ਕੇ ਲੋਕ ਸਿ ਸਾਚਿ ਸੁਹੇਲੇ ਸਰਬੀ ਥਾਈ ਨਦਰਿ ਕਰੇ ॥
ਰੋਗੀ ਖਟ ਦਰਸਨ ਭੇਖਧਾਰੀ ਨਾਨਾ[4] ਹਠੀ ਅਨੇਕਾ ॥
ਬੇਦ ਕਤੇਬ ਕਰਹਿ ਕਹ[5] ਬਪੁਰੇ ਨਹ ਬੂਝਹਿ ਇਕ ਏਕਾ ॥
ਮਿਠ ਰਸੁ ਖਾਇ ਸੁ ਰੋਗਿ ਭਰੀਜੈ ਕੰਦ[6] ਮੂਲਿ ਸੁਖੁ ਨਾਹੀ ॥
ਨਾਮੁ ਵਿਸਾਰਿ ਚਲਹਿ ਅਨ ਮਾਰਗਿ ਅੰਤ ਕਾਲਿ ਪਛੁਤਾਹੀ ॥
ਤੀਰਥਿ ਭਰਮੈ ਰੋਗੁ ਨ ਛੂਟਸਿ ਪੜਿਆ ਬਾਦੁ ਬਿਬਾਦੁ ਭਇਆ ॥
ਦੁਬਿਧਾ ਰੋਗੁ ਸੁ ਅਧਿਕ ਵਡੇਰਾ ਮਾਇਆ ਕਾ ਮੁਹਤਾਜੁ ਭਇਆ ॥
(ਮ: 3—1153)

2. ਬ੍ਰਹਮਾ ਬਿਸਨੁ ਮਹਾਦੇਉ ਤ੍ਰੈ ਗੁਣ ਰੋਗੀ ਵਿਚਿ ਹਉਮੈ ਕਾਰ ਕਮਾਈ ॥
[7]ਜਿਨਿ ਕੀਏ ਤਿਸਹਿ ਨ ਚੇਤਹਿ ਬਪੁੜੇ ਹਰਿ ਗੁਰਮੁਖਿ ਸੋਝੀ ਪਾਈ ॥
ਹਉਮੈ ਰੋਗਿ ਸਭੁ ਜਗਤੁ ਬਿਆਪਿਆ ਤਿਨ ਕਉ ਜਨਮ ਮਰਣ ਦੁਖੁ ਭਾਰੀ ॥
ਗੁਰ ਪਰਸਾਦੀ ਕੋ ਵਿਰਲਾ ਛੂਟੈ ਤਿਸੁ ਜਨ ਕਉ ਹਉ ਬਲਿਹਾਰੀ ॥
(ਮ: 4—735)

3. ਮਨਮੁਖਿ ਦੁਬਿਧਾ ਸਦਾ ਹੈ ਰੋਗੀ ਰੋਗੀ ਸਗਲ ਸੰਸਾਰਾ ॥
ਗੁਰਮੁਖਿ ਬੂਝਹਿ ਰੋਗੁ ਗਵਾਵਹਿ ਗੁਰ ਸਬਦੀ ਵੀਚਾਰਾ ॥ (ਮ: 3–1130)

4. ਮਮਤਾ ਕਾਲਿ ਸਭਿ ਰੋਗਿ ਵਿਆਪੇ ਤਿਨ ਜਮ ਕੀ ਹੈ ਸਿਰਿਕਾਰਾ ॥
ਗੁਰਮੁਖਿ ਪ੍ਰਾਣੀ ਜਮੁ ਨੇੜਿ ਨ ਆਵੈ ਜਿਨ ਹਰਿ ਰਾਖਿਆ [8]ਉਰਿਧਾਰਾ ॥(1130)

5. ਸਿਵ ਬਿਰੰਚਿ[9] ਅਰੁ ਇੰਦ੍ਰ ਲੋਕ ਤਾਮਹਿ[10] ਜਲਤੌ ਫਿਰਿਆ ॥
ਸਿਮਰਿ ਸਿਮਰਿ ਸੁਆਮੀ ਭਏ ਸੀਤਲ ਦੂਖੁ ਦਰਦੁ ਭ੍ਰਮੁ [11]ਹਿਰਿਆ ॥ (1219)

6. [12]ਬਹਲੇ ਭੇਖ ਭਵਹਿ ਦਿਨੁ ਰਾਤੀ ਹਉਮੈ ਰੋਗੁ ਨ ਜਾਈ ॥

---

1. ਅੱਗ 2. ਭੋਗਾਂ ਵਾਲੀ ਧਰਤੀ 3. ਸਰੁਦ੍ਰਾ=ਸ਼ਿਵਜੀ ਸਮੇਤ 4. ਕਈ ਤਰ੍ਹਾਂ ਦੇ 5. ਵਿਚਾਰੇ 6. ਧਰਤੀ ਵਿੱਚ ਉਗਣ ਵਾਲੀਆਂ ਜੜੀਆਂ, ਬੂਟੀਆਂ, ਸਬਜ਼ੀਆਂ ਆਦਿ 7. ਜਿਸ ਨੇ ਇਨ੍ਹਾਂ ਨੂੰ ਪੈਦਾ ਕੀਤਾ ਹੈ, ਉਸ ਨੂੰ ਯਾਦ ਨਹੀਂ ਕਰਦੇ 8. ਅੰਦਰ ਧਾਰ ਕੇ ਰੱਖਿਆ 9. ਬ੍ਰਹਮਾ 10. ਤਾਮਸ ਵਿੱਚ, ਕ੍ਰੋਧ ਵਿੱਚ 11. ਦੂਰ ਕੀਤਾ 12. ਬਹੁਤੇ ।

ਪੜਿ ਪੜਿ ਲੂਝਹਿ ਬਾਦੁ ਵਖਾਣਹਿ ਮਿਲਿ ਮਾਇਆ ਸੁਰਤਿ ਗਵਾਈ ॥
(ਮ: 3—1131)

7. ਹਉਮੈ ਰੋਗੁ ਮਾਨੁਖ ਕਉ ਦੀਨਾ ॥ ਕਾਮ ਰੋਗਿ ਮੈਗਲੁ[13] ਬਸਿ ਲੀਨਾ ॥
ਦ੍ਰਿਸਟਿ ਰੋਗਿ ਪਚਿ ਮੁਏ ਪਤੰਗਾ ॥ [14]ਨਾਦ ਰੋਗਿ ਖਪਿ ਗਏ ਕੁਰੰਗਾ ॥
ਜੋ ਜੋ ਦੀਸੈ ਸੋ ਸੋ ਰੋਗੀ ॥ ਰੋਗ ਰਹਿਤ ਮੇਰਾ ਸਤਿਗੁਰੁ ਜੋਗੀ ॥
[15]ਜਿਹਵਾ ਰੋਗਿ ਮੀਨੁ ਗ੍ਰਸਿਆਨੋ ॥ [16]ਬਾਸਨ ਰੋਗਿ ਭਵਰੁ ਬਿਨਸਾਨੋ ॥
[17]ਹੇਤ ਰੋਗ ਕਾ ਸਗਲ ਸੰਸਾਰਾ ॥ [18]ਤ੍ਰਿਬਿਧਿ ਰੋਗ ਮਹਿ ਬਧੇ ਬਿਕਾਰਾ ॥
ਰੋਗੇ ਮਰਤਾ ਰੋਗੇ ਜਨਮੈ ॥ ਰੋਗੇ ਫਿਰਿ ਫਿਰਿ ਜੋਨੀ ਭਰਮੈ ॥
ਰੋਗ ਬੰਧ ਰਹਨੁ[19] ਰਤੀ ਨ ਪਾਵੈ ॥ ਬਿਨੁ ਸਤਿਗੁਰ ਰੋਗੁ ਕਤਹਿ ਨ ਜਾਵੈ ॥
ਪਾਰ ਬ੍ਰਹਮਿ ਜਿਸੁ ਕੀਨੀ ਦਇਆ ॥ ਬਾਹ ਪਕੜਿ ਰੋਗਹੁ ਕਢਿ ਲਇਆ ॥
ਤੂਟੇ ਬੰਧਨ ਸਾਧ ਸੰਗੁ ਪਾਇਆ ॥ ਕਹੁ ਨਾਨਕ ਗੁਰਿ ਰੋਗੁ ਮਿਟਾਇਆ ॥

8. ਗੁਰ ਕਾ ਸਬਦੁ ਸਭਿ ਰੋਗ ਗਵਾਏ ਜਿਸ ਨੋ ਹਰਿ ਜੀਉ ਲਾਏ ॥
ਨਾਮੇ ਨਾਮਿ ਮਿਲੈ ਵਡਿਆਈ ਜਿਸ ਨੋ ਮੰਨਿ ਵਸਾਏ ॥ (ਮ: 3—1131)

13. ਹਾਥੀ 14. ਹਰਨ ਨੂੰ ਨਾਦ (ਰਾਗ) ਸੁਣਨ ਦਾ ਦੋਸ਼ ਹੈ 15. ਮੱਛੀ ਜੀਭਾ ਦੇ ਚਸਕੇ ਕਾਰਨ ਫਸ ਜਾਂਦੀ ਹੈ 16. ਭੌਰਾ ਸੁਗੰਧੀ ਦਾ ਆਸ਼ਕ ਹੋਣ ਦੀ ਕਮਜ਼ੋਰੀ ਕਾਰਨ ਮਾਰਿਆ ਜਾਂਦਾ ਹੈ 17. ਸਾਰਾ ਸੰਸਾਰ ਮੋਹ ਦੀ ਕਮਜ਼ੋਰੀ ਦਾ ਮਾਰਿਆ ਹੋਇਆ ਹੈ 18. ਤਿੰਨਾਂ ਗੁਣਾਂ ਵਾਲੇ ਪਦਾਰਥਾਂ ਦੇ ਰੋਗ, ਭਾਵ ਮਾਇਆ ਦੇ ਰੋਗ 19. ਟਿਕਾਓ।

ਸਚੁ

ਗੁਰਬਾਣੀ ਵਿੱਚ ਥਾਂ-ਥਾਂ 'ਸਚੁ' ਦਾ ਜ਼ਿਕਰ ਆਇਆ ਹੈ। ਸੱਚ ਬੋਲਣਾ ਸਤੋ ਗੁਣ ਦਾ ਅੰਗ ਹੈ ਤੇ ਪਰਮਾਰਥ ਵਿੱਚ ਜ਼ਰੂਰੀ ਹੈ। ਇਸ ਸੱਚ ਲਈ ਮਨ, ਬਚਨ, ਕਰਮ ਵਿੱਚ ਪੂਰਨ ਏਕਤਾ ਜਾਂ ਇਕ-ਸੁਰਤਾ ਹੋਣੀ ਚਾਹੀਦੀ ਹੈ। ਪਰ ਗੁਰਬਾਣੀ ਤੋਂ ਪਤਾ ਲੱਗਦਾ ਹੈ ਕਿ ਗੁਰੂ ਸਾਹਿਬਾਨ ਨੇ 'ਸਚੁ' ਪਦ ਸਤਿ-ਪੁਰਖ ਲਈ ਵਰਤਿਆ ਹੈ, ਜੋ ਸਭ ਦਾ ਕਰਤਾ ਹੈ : "ਸਚੁ ਕਰਤਾ ਸਚੁ ਕਰਣਹਾਰੁ ਸਚੁ ਸਾਹਿਬੁ ਸਚੁ ਟੇਕ" (ਮ: 5, ਪੰ. 52)। ਸਚੁ ਉਹ ਹੈ ਜਿਸਦੀ ਆਪਣੀ ਹਸਤੀ ਹੈ ਅਤੇ ਜੋ ਕਦੇ ਨਾਸ਼ ਨਹੀਂ ਹੁੰਦਾ। 'ਸਚੁ' ਖ਼ੁਦ 'ਸਚਾ ਮਾਲਿਕ', 'ਕਰਤਾ ਪੁਰਖ' ਹੀ ਹੈ। 'ਸਚੁ' ਦੇ ਉਹੋ ਗੁਣ ਵਰਣਨ ਕੀਤੇ ਗਏ ਹਨ ਜੋ ਵਾਹਿਗੁਰੂ ਦੇ ਮੰਨੇ ਗਏ ਹਨ। ਜਿਸ ਪ੍ਰਕਾਰ ਅਕਾਲ-ਪੁਰਖ, ਵਾਹਿਗੁਰੂ ਅਨਾਦਿ, ਅਨੰਤ ਤੇ ਅਵਿਨਾਸ਼ੀ ਹੈ, ਤਿਵੇਂ ਹੀ 'ਸਚੁ' ਦਾ ਵੀ ਨਾ ਆਦਿ ਹੈ, ਨਾ ਅੰਤ। ਗੁਰੂ ਸਾਹਿਬਾਨ ਨੇ ਕਈ ਥਾਂ 'ਸਚੁ' ਨੂੰ 'ਸ਼ਬਦ', 'ਨਾਮ' 'ਹੁਕਮ', 'ਬਾਣੀ', ਦੇ ਅਰਥਾਂ ਵਿੱਚ ਵੀ ਵਰਤਿਆ ਹੈ ਅਤੇ ਨਾਮ, ਸਤਿਗੁਰੂ, ਹੁਕਮ ਅਤੇ ਪਰਮੇਸ਼ਰ ਸਭ ਨੂੰ ਸੱਚ ਕਿਹਾ ਹੈ।

'ਸਚੁ' ਮਾਇਆ ਤੋਂ ਨਿਰਲੇਪ, ਵਰਨ-ਚਿਹਨ ਤੋਂ ਰਹਿਤ, ਤਿੰਨਾਂ ਲੋਕਾਂ ਅਤੇ ਪੰਜੇ ਤੱਤਾਂ ਤੋਂ ਪਰੇ ਹੈ। 'ਸਚੁ' ਸਰਬ-ਵਿਆਪਕ ਹੈ। ਇਹ ਪੜ੍ਹਨ, ਲਿਖਣ, ਬੋਲਣ ਵਿੱਚ ਨਹੀਂ ਆ ਸਕਦਾ। ਇਹ ਕੇਵਲ ਅੰਤਰ-ਆਤਮੇ ਅਨੁਭਵ ਹੁੰਦਾ ਹੈ। ਸਚੁ ਸਰੂਪੀ ਮਾਲਿਕ ਦੇ ਮਿਲਣ ਦਾ ਵਸੀਲਾ ਸੱਚਾ ਸਤਿਗੁਰੂ ਹੈ, ਜੋ ਸੱਚ ਵਿੱਚ ਅਭੇਦ ਹੈ। ਪਰ ਅਜਿਹੇ ਸਤਿਗੁਰੂ ਦੀ ਦਇਆ-ਮਿਹਰ ਵੱਡੇ ਭਾਗਾਂ ਨਾਲ ਮਿਲਦੀ ਹੈ। ਸੱਚ ਦੇ ਮਿਲਣ ਨਾਲ ਜੀਵ ਆਸਾ-ਮਨਸਾ, ਵਿਸ਼ੇ-ਵਿਕਾਰਾਂ ਤੋਂ ਛੁਟਕਾਰਾ ਪਾ ਲੈਂਦਾ ਹੈ। ਉਹ ਸਦਾ 'ਸਚੁ' ਜਪਦਾ ਹੈ, ਸੱਚ ਧਿਆਉਂਦਾ ਹੈ। ਉਹ ਇਸ 'ਸਚੁ' ਵਿੱਚ ਲੀਨ ਹੋ ਕੇ 'ਸਚੁ' ਦਾ ਹੀ ਰੂਪ ਹੋ ਜਾਂਦਾ ਹੈ। ਇਸ ਸੱਚ ਜਾਂ ਸ਼ਬਦ ਦੀ ਕਮਾਈ ਜਪ-ਤਪ, ਪੂਜਾ-ਪਾਠ, ਪੁੰਨ-ਦਾਨ, ਤੀਰਥ-ਵਰਤ ਆਦਿ ਹਰ ਪ੍ਰਕਾਰ ਦੀ ਕਰਣੀ ਤੋਂ ਉਪਰ ਹੈ : ਸਚਹੁ ਓਰੈ ਸਭੁ ਕੋ ਉਪਰਿ ਸਚੁ ਅਚਾਰੁ ॥ (ਮ: 1, ਪੰਨਾ 62)

1. **ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ ॥**
ਕੂੜ ਕੀ ਮਲੁ ਉਤਰੈ ਤਨੁ ਕਰੇ ਹਛਾ ਧੋਇ ॥
ਸਚੁ ਤਾ ਪਰੁ ਜਾਣੀਐ ਜਾ ਸਚਿ ਧਰੇ ਪਿਆਰੁ ॥

ਨਾਉ ਸੁਣਿ ਮਨੁ ਰਹਸੀਐ[1] ਤਾ ਪਾਏ ਮੋਖ ਦੁਆਰੁ[2] ॥
ਸਚੁ ਤਾ ਪਰੁ ਜਾਣੀਐ ਜਾ ਜੁਗਤਿ ਜਾਣੈ ਜੀਉ[3] ॥
ਧਰਤਿ ਕਾਇਆ ਸਾਧਿ ਕੈ ਵਿਚਿ ਦੇਇ ਕਰਤਾ ਬੀਉ ॥
ਸਚੁ ਤਾ ਪਰੁ ਜਾਣੀਐ ਜਾ ਸਿਖ ਸਚੀ ਲੇਇ ॥
ਦਇਆ ਜਾਣੈ ਜੀਅ ਕੀ ਕਿਛੁ ਪੁੰਨੁ ਦਾਨੁ ਕਰੇਇ ॥
ਸਚੁ ਤਾਂ ਪਰੁ ਜਾਣੀਐ ਜਾ [4]ਆਤਮ ਤੀਰਥਿ ਕਰੇ ਨਿਵਾਸੁ ॥
ਸਤਿਗੁਰੂ ਨੋ ਪੁਛਿ ਕੈ ਬਹਿ ਰਹੈ ਕਰੇ ਨਿਵਾਸੁ ॥
ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ ॥
ਨਾਨਕੁ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ ॥ (ਮ: 1—468)

2. ਸਚੁ ਪੁਰਾਣਾ ਨਾ ਥੀਐ ਨਾਮੁ ਨਾ ਮੈਲਾ ਹੋਇ ॥
ਗੁਰ ਕੈ ਭਾਣੈ ਜੇ ਚਲੈ ਬਹੁੜਿ ਨ ਆਵਣੁ ਹੋਇ ॥ (ਮ: 3—1248)

3. ਸਚੁ ਵਣਜਹਿ[5] ਸਚੁ ਸੇਵਦੇ ਜਿ ਗੁਰਮੁਖਿ ਪੈਰੀ ਪਾਹਿ ॥
ਨਾਨਕ ਗੁਰ ਕੈ ਭਾਣੈ ਜੇ ਚਲਹਿ ਸਹਜੇ ਸਚਿ ਸਮਾਹਿ ॥ (ਮ: 3—1249)

4. ਜਿਨੀ ਸਚੁ ਪਛਾਣਿਆ ਸਚਿ ਰਤੇ ਭਰਪੂਰਿ ॥
ਗੁਰਸਬਦੀ ਮਨੁ ਬੇਧਿਆ[6] ਪ੍ਰਭੁ ਮਿਲਿਆ ਆਪਿ ਹਦੂਰਿ[7] ॥ (ਮ: 3—37)

5. ਸਚੁ ਖਟਣਾ ਸਚੁ ਰਾਸਿ ਹੈ ਸਚੇ ਸਚੀ ਸੋਇ[8] ॥
ਸਚਿ ਮਿਲੇ ਸੇ ਨ ਵਿਛੁੜਹਿ ਨਾਨਕ ਗੁਰਮੁਖਿ ਹੋਇ ॥ (ਮ: 3—37)

6. ਅੰਤਰਿ ਜਿਸ ਕੈ ਸਚੁ ਵਸੈ ਸਚੇ ਸਚੀ ਸੋਇ[8] ॥
ਸਚਿ ਮਿਲੇ ਸੇ ਨ ਵਿਛੁੜਹਿ ਤਿਨ ਨਿਜਘਰਿ ਵਾਸਾ ਹੋਇ ॥ (ਮ: 3—27)

7. ਮੁਖ ਸਚੇ ਸਚੁ ਦਾੜੀਆ ਸਚੁ ਬੋਲਹਿ ਸਚੁ ਕਮਾਹਿ ॥
ਸਚਾ ਸਬਦੁ ਮਨਿ ਵਸਿਆ ਸਤਿਗੁਰ ਮਾਂਹਿ ਸਮਾਂਹਿ ॥
ਸਚੀ ਰਾਸੀ[9] ਸਚੁ ਧਨੁ ਉਤਮ ਪਦਵੀ ਪਾਂਹਿ ॥
ਸਚੁ ਸੁਣਹਿ ਸਚੁ ਮੰਨਿ ਲੈਨਿ ਸਚੀ ਕਾਰ ਕਮਾਹਿ ॥
ਸਚੀ ਦਰਗਹ ਬੈਸਣਾ,ਸਚੇ ਮਾਹਿ ਸਮਾਹਿ ॥
ਨਾਨਕ ਵਿਣੁ ਸਤਿਗੁਰ ਸਚੁ ਨ ਪਾਈਐ ਮਨਮੁਖ ਭੂਲੇ ਜਾਂਹਿ ॥ (ਮ:3,1419)

8. ਜਿਨੀ ਸਚੁ ਪਛਾਣਿਆ ਸੇ ਸੁਖੀਏ ਜੁਗ ਚਾਰਿ ॥
ਹਉਮੈ ਤ੍ਰਿਸਨਾ ਮਾਰਿ ਕੈ ਸਚੁ ਰਖਿਆ ਉਰਧਾਰਿ ॥ (ਮ: 1—44)

---

1. ਪ੍ਰਸੰਨ ਹੋਵੇ, ਖ਼ੁਸ਼ ਹੋਵੇ 2. ਮੁਕਤੀ ਦਾ ਦਰਵਾਜ਼ਾ 3 ਜੇ ਅਧਿਆਤਮਿਕ ਕਰਮ ਦੀ ਜੁਗਤੀ ਆਉਂਦੀ ਹੋਵੇ 4. ਦਸਮ-ਦੁਆਰ 5. ਵਪਾਰ ਕਰੇ 6. ਵਿੰਨ੍ਹਿਆਂ, ਪਰੋਇਆਂ 7. ਪ੍ਰਤੱਖ ਹੋ ਕੇ 8. ਸ਼ੋਭਾ. ਵਡਿਆਈ 9. ਰਾਸ, ਪੂੰਜੀ।

9. ਸਚੁ ਵੇਖਣੁ ਸਚੁ ਬੋਲਣਾ ਤਨੁ ਮਨੁ ਸਚਾ ਹੋਇ ॥
ਸਚੀ ਸਾਖੀ ਉਪਦੇਸੁ ਸਚੁ ਸਚੇ ਸਚੀ ਸੋਇ[10] ॥ (ਮ: 3—69)

10. ਸਚੀ ਕਾਰੈ ਸਚੁ ਮਿਲੈ ਗੁਰਮਤਿ ਪਲੈ ਪਾਇ ॥
ਸੋ ਨਰੁ ਜੰਮੈ ਨਾ ਮਰੈ ਨਾ ਆਵੈ ਨਾ ਜਾਇ ॥ (ਮ: 1—19)

11. ਊਚਉ ਥਾਨੁ ਸੁਹਾਵਣਾ ਊਪਰਿ ਮਹਲੁ ਮੁਰਾਰਿ[11] ॥
ਸਚੁ ਕਰਣੀ ਦੇ ਪਾਈਐ ਦਰੁ ਘਰੁ ਮਹਲੁ ਪਿਆਰਿ ॥ (ਮ: 1—18)

12. ਸਚਾ ਨਾਮੁ ਧਿਆਈਐ ਸਭੋ ਵਰਤੈ ਸਚੁ ॥
ਨਾਨਕ ਹੁਕਮੁ ਬੁਝਿ ਪਰਵਾਣੁ ਹੋਇ ਤਾ ਫਲੁ ਪਾਵੈ ਸਚੁ ॥ (ਮ: 3—509)

ਵਿਆਪਕਤਾ

ਕੁੱਲ-ਮਾਲਕ ਰਚਨਾ ਤੋਂ ਨਿਆਰਾ ਵੀ ਹੈ ਅਤੇ ਇਸ ਦੇ ਜ਼ੱਰੇ-ਜ਼ੱਰੇ ਵਿੱਚ ਸਮਾਇਆ ਹੋਇਆ ਵੀ ਹੈ। ਉਹ ਜਲ, ਥਲ, ਜੰਗਲ, ਪਰਬਤ, ਪਾਤਾਲ, ਜੀਵ-ਜੰਤੂ, ਪਸ਼ੂ, ਪੰਛੀ ਸਭ ਵਿੱਚ ਵਿਆਪਕ ਹੈ। ਇਸ ਲਈ ਉਸ ਨੂੰ ਲੱਭਣ ਲਈ ਬਾਹਰ ਭਟਕਣ ਦੀ ਲੋੜ ਨਹੀਂ। ਕੇਵਲ ਉਸ ਨੂੰ ਸਰਵ-ਵਿਆਪਕ ਵੇਖਣ ਵਾਲੀ ਅੰਦਰਲੀ ਅੱਖ ਪੈਦਾ ਕਰਨ ਦੀ ਲੋੜ ਹੈ।

ਜਿਸ ਤਰ੍ਹਾਂ ਬਨਸਪਤ ਅੰਦਰ ਅਗਨੀ ਹੈ ਤੇ ਦੁੱਧ ਵਿੱਚ ਘਿਉ, ਪਰ ਜੁਗਤੀ ਤੋਂ ਬਿਨਾਂ ਦਿਸਦੇ ਨਹੀਂ, ਇਸੇ ਤਰ੍ਹਾਂ ਉਹ ਮਾਲਕ ਹਰ ਥਾਂ ਪਰਿਪੂਰਨ ਹੁੰਦਾ ਹੋਇਆ ਵੀ ਜੁਗਤੀ ਤੋਂ ਬਿਨਾਂ ਨਜ਼ਰ ਨਹੀਂ ਆਉਂਦਾ।

ਮੋਹ-ਮਾਇਆ ਵਿੱਚ ਫਸੇ ਹੋਏ ਜੀਵ ਉਸ ਨੂੰ ਦੂਰ ਸਮਝਦੇ ਹਨ, ਪਰ ਉਹ ਇਤਨਾ ਨੇੜੇ ਹੈ ਕਿ ਉਸ ਤੋਂ ਨੇੜੇ ਹੋਰ ਕੋਈ ਚੀਜ਼ ਨਹੀਂ। ਇਸ ਲਈ ਕੋਈ ਵੀ ਜੀਵ ਉਸ ਕੋਲੋਂ ਆਪਣੇ ਪਾਪ ਨਹੀਂ ਲੁਕਾ ਸਕਦਾ। ਪਰਮੇਸ਼ਰ ਜ਼ਰੂਰ ਸਰਵ-ਵਿਆਪਕ ਹੈ, ਪਰ ਜਦ ਤਕ ਅਸੀਂ ਆਪਣੇ ਅੰਦਰ ਉਸ ਦੇ ਦਰਸ਼ਨ ਨਹੀਂ ਕਰਦੇ ਅਸੀਂ ਉਸ ਨੂੰ ਰਚਨਾ ਵਿੱਚ ਰਮਿਆ ਹੋਇਆ ਵੀ ਨਹੀਂ ਦੇਖ ਸਕਦੇ। ਜਿਨ੍ਹਾਂ ਮਹਾਤਮਾਂ ਦੀਆਂ ਅੰਦਰਲੀਆਂ ਅੱਖਾਂ ਖੁਲ੍ਹ ਜਾਂਦੀਆਂ ਹਨ, ਉਨ੍ਹਾਂ ਨੂੰ ਅੰਦਰ ਵੀ ਸਦਾ ਪਰਮਾਤਮਾ ਦੇ ਦਰਸ਼ਨ ਹੁੰਦੇ ਹਨ ਤੇ ਉਹ ਬਾਹਰ ਵੀ ਉਸ ਨੂੰ ਵਿਆਪਕ ਦੇਖਦੇ ਹਨ।

---

10. ਸ਼ੋਭਾ, ਵਡਿਆਈ 11. ਮੁਰਾਰੀ, ਮੁਰ ਰਾਕਸ਼ਸ ਨੂੰ ਮਾਰਨ ਵਾਲਾ ਕ੍ਰਿਸ਼ਨ, ਭਾਵ ਪਰਮੇਸ਼ਰ।

ਵਿਆਪਕਤਾ

1. [1]ਬਿਸਮੁ ਪੇਖੈ ਬਿਸਮੁ ਸੁਣੀਐ ਬਿਸਮਾਦੁ ਨਦਰੀ ਆਇਆ ॥
ਜਲਿ ਥਲਿ ਮਹੀਅਲਿ [2]ਪੂਰਨ ਸੁਆਮੀ ਘਟਿ ਘਟਿ ਰਹਿਆ ਸਮਾਇਆ ॥
(ਮ: 5—778)

2. ਜਲਿ ਥਲਿ ਮਹੀਅਲਿ [3]ਪੂਰਿ ਰਹਿਆ ਸਰਬ ਦਾਤਾ ਪ੍ਰਭੁ ਧਨੀ ॥
ਗੋਪਾਲ ਗੋਬਿੰਦ ਅੰਤੁ ਨਾਹੀ ਬੇਅੰਤ ਗੁਣ ਤਾ ਕੇ ਕਿਆ ਗਨੀ ॥ (5—704)

3. ਅੰਡਜ ਜੇਰਜ ਉਤਭੁਜ ਸੇਤਜ ਤੇਰੇ ਕੀਤੇ ਜੰਤਾ ॥
ਏਕੁ ਪੁਰਬੁ[4] ਮੈ ਤੇਰਾ ਦੇਖਿਆ ਤੂ ਸਭਨਾ ਮਾਹਿ ਰਵੰਤਾ ॥ (ਮ: 1—596)

4. [5]ਸਗਲ ਬਨਸਪਤਿ ਮਹਿ ਬੈਸੰਤਰੁ ਸਗਲ ਦੂਧ ਮਹਿ ਘੀਆ ॥
ਊਚ ਨੀਚ ਮਹਿ ਜੋਤਿ ਸਮਾਣੀ ਘਟਿ ਘਟਿ ਮਾਧਉ ਜੀਆ ॥ (ਮ:5—617)

5. [6]ਘਟਿ ਘਟਿ ਵਾਸੀ ਲੇਪੁ ਨਹੀ ਅਲਪਹੀਅਉ ॥
ਨਾਨਕੁ ਕਹਤ ਸੁਨਹੁ ਰੇ ਲੋਗਾ ਸੰਤ ਰਸਨ ਕੋ ਬਸਹੀਅਉ ॥ (ਮ: 5—700)

6. [7]ਤੇਰਾ ਵਰਨੁ ਨ ਜਾਪੈ ਰੂਪੁ ਨ ਲਖੀਐ ਤੇਰੀ ਕੁਦਰਤਿ ਕਉਨੁ ਬੀਚਾਰੇ ॥
ਜਲਿ ਥਲਿ ਮਹੀਅਲਿ ਰਵਿਆ ਸ੍ਰਬ ਠਾਈ ਅਗਮ ਰੂਪ[8] ਗਿਰਧਾਰੇ ॥ (670)

7. ਗੁਣ ਨਿਧਾਨ ਨਾਨਕੁ ਜਸੁ ਗਾਵੈ ਸਤਿਗੁਰਿ ਭਰਮੁ ਚੁਕਾਇਓ ॥
ਸਰਬ ਨਿਵਾਸੀ ਸਦਾ ਅਲੇਪਾ ਸਭ ਮਹਿ ਰਹਿਆ ਸਮਾਇਓ ॥ (ਮ: 5, 617)

8. ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ ॥ ਗੋਬਿੰਦ ਬਿਨੁ ਨਹੀ ਕੋਈ ॥
[9]ਸੂਤੁ ਏਕੁ ਮਣਿ ਸਤ ਸਹੰਸ ਜੈਸੇ ਓਤਿ ਪੋਤਿ ਪ੍ਰਭੁ ਸੋਈ ॥ (ਨਾਮਦੇਵ,485)

9. [10]ਵਾਸੁਦੇਵ ਸਰਬਤ੍ਰ ਮੈ ਊਨ ਨ ਕਤਹੂ ਠਾਇ ॥
ਅੰਤਰਿ ਬਾਹਰਿ ਸੰਗਿ ਹੈ ਨਾਨਕ [11]ਕਾਇ ਦੁਰਾਇ ॥ (ਮ: 5—259)

10. ਕਰਣ ਕਾਰਣ ਪ੍ਰਭੁ ਏਕੁ ਹੈ ਦੂਸਰ ਨਾਹੀ ਕੋਇ ॥
ਨਾਨਕ ਤਿਸੁ ਬਲਿਹਾਰਣੈ ਜਲਿ ਥਲਿ ਮਹੀਅਲਿ ਸੋਇ ॥ (ਮ: 5—276)

11. ਆਦਿ ਅੰਤਿ ਮਧਿ ਤੂਹੈ ਪ੍ਰਭ ਬਿਨਾ ਨਾਹੀ ਕੋਇ ॥
ਪੂਰਿ ਰਹਿਆ ਸਗਲ ਮੰਡਲ ਏਕੁ ਸੁਆਮੀ ਸੋਇ ॥ (ਮ: 5—988)

---

1. ਜੋ ਕੁਝ ਦਿਸਦਾ ਹੈ ਹੈਰਾਨੀ ਭਰਿਆ ਹੈ, ਜੋ ਕੁਝ ਸੁਣਦਾ ਹੈ ਹੈਰਾਨੀ ਭਰਿਆ ਹੈ 2. ਧਰਤੀ ਅਤੇ ਅਕਾਸ਼ ਦੇ ਵਿਚਕਾਰਲੀ ਥਾਂ 3. ਸਮਾਇਆ ਹੋਇਆ 4. ਮਹਾਨਤਾ, ਵਡਿਆਈ 5. ਰਮਿਆ ਹੋਇਆ, ਵਿਆਪਕ 5. ਹਰ ਪ੍ਰਕਾਰ ਦੀ ਲੱਕੜੀ ਵਿੱਚ ਅਗਨੀ ਹੈ. ਹਰ ਪ੍ਰਕਾਰ ਦੇ ਦੁੱਧ ਵਿੱਚ ਘਿਉ ਹੈ, ਇਸੇ ਤਰ੍ਹਾਂ ਹਰ ਜੀਵ ਦੇ ਅੰਦਰ ਇੱਕੋ ਪ੍ਰਭੂ ਵਿਆਪਕ ਹੈ 6 ਉਹ ਸਰਬ ਵਿਆਪੀ ਹੈ, ਪਰ ਕਿਸੇ ਵਿੱਚ ਲਿਪਤ ਨਹੀਂ, ਨਿਰਲੇਪ ਹੈ 7. ਤੇਰੇ ਰੰਗ, ਰੂਪ, ਸ਼ਕਤੀ ਦਾ ਅਨੁਮਾਨ ਨਹੀਂ ਲੱਗ ਸਕਦਾ 8. ਪ੍ਰਭੂ 9. ਜਿਸ ਤਰ੍ਹਾਂ ਹਜ਼ਾਰਾਂ ਮਣਕੇ ਇੱਕੋ ਸੂਤ (ਲੜੀ) ਵਿੱਚ ਪਰੋਏ ਹੋਏ ਹਨ, ਜਿਸ ਤਰ੍ਹਾਂ ਸਭ ਵਿੱਚ ਉਹ ਇੱਕੋ ਪ੍ਰਭੂ ਸਮਾਇਆ ਹੋਇਆ ਹੈ 10. ਉਹ ਪ੍ਰਭੂ ਹਰ ਜਗ੍ਹਾ ਹੈ, 11. ਕੋਈ ਚੀਜ਼ ਉਸ ਤੋਂ ਛੁਪੀ ਹੋਈ ਜਾਂ ਦੂਰ ਨਹੀਂ ਹੈ।

12. ਮਨਿ ਤਨਿ ਰਵਿ ਰਹਿਆ ਜਗ ਜੀਵਨੁ ਗੁਰ ਸਬਦੀ ਰੰਗੁ ਮਾਣੀ ॥
ਅੰਡਜ ਜੇਰਜ ਸੇਤਜ ਉਤਭੁਜ ਘਟਿ ਘਟਿ ਜੋਤਿ ਸਮਾਣੀ ॥ (ਮ: 1—1109)

13. [12]ਲੂਕਿ ਕਮਾਵੈ ਕਿਸ ਤੇ ਜਾ ਵੇਖੈ ਸਦਾ ਹਦੂਰਿ ॥
[13]ਥਾਨ ਥਨੰਤਰਿ ਰਵਿ ਰਹਿਆ ਪ੍ਰਭੁ ਮੇਰਾ ਭਰਪੂਰਿ ॥ (ਮ: 5—48)

14. [14]ਨਗਰ ਮਹਿ ਆਪਿ ਬਾਹਰਿ ਫੁਨਿ ਆਪਨ ਪ੍ਰਭ ਮੇਰੇ ਕੋ ਸਗਲ ਬਸੇਰਾ ॥
ਆਪੇ ਹੀ ਰਾਜਨ ਆਪੇ ਹੀ ਰਾਇਆ ਕਹ ਕਹ ਠਾਕੁਰ ਕਹ ਕਹ ਚੇਰਾ ॥
(ਮ: 5—827)

15. ਏਕੈ ਪਰਗਟੁ ਏਕੈ ਗੁਪਤਾ ਏਕੈ ਧੁੰਧੂਕਾਰੋ ॥
ਆਦਿ ਮਧਿ ਅੰਤਿ ਪ੍ਰਭੁ ਸੋਈ ਕਹੁ ਨਾਨਕ ਸਾਚੁ ਬੀਚਾਰੋ ॥ (ਮ: 5—1215)

16. ਅੰਤਰਿ ਬਾਹਰਿ ਪੁਰਖੁ ਨਿਰੰਜਨੁ[15] ਆਦਿ ਪੁਰਖੁ [16]ਆਦੇਸੋ ॥
ਘਟ ਘਟ ਅੰਤਰਿ ਸਰਬ ਨਿਰੰਤਰਿ ਰਵਿ ਰਹਿਆ ਸਚੁ ਵੇਸੋ ॥ (ਮ: 1,1127)

17. ਸਰਬੇ ਏਕੁ ਅਨੇਕੈ ਸੁਆਮੀ ਸਭ ਘਟ ਭੋੁਗਵੈ ਸੋਈ ॥
ਕਹਿ ਰਵਿਦਾਸ ਹਾਥ ਪੈ ਨੇਰੈ ਸਹਜੇ ਹੋਇ ਸੁ ਹੋਈ ॥ (ਰਵਿਦਾਸ, 1958)

18. [17]ਰਸਨਾ ਰਮਤ ਸੁਨਤ ਸੁਖੁ ਸ੍ਰਵਨਾ ਚਿਤ ਚੇਤੇ ਸੁਖੁ ਹੋਈ ॥
[18]ਕਹੁ ਭੀਖਨ ਦੁਇ ਨੈਨ ਸੰਤੋਖੇ ਜਹ ਦੇਖਾਂ ਤਹ ਸੋਈ ॥ (ਭੀਖਨ, 659)

19. ਜਲਿ ਥਲਿ ਮਹੀਅਲਿ ਪੂਰਿਆ ਰਵਿਆ ਵਿਚਿ ਵਣਾ ॥
ਸੋ ਪ੍ਰਭੁ ਚਿਤਿ ਨ ਆਵਈ ਕਿਤੜਾ ਦੁਖੁ ਗਣਾ ॥ (ਮ: 5—137)

---

12. ਕਿਸ ਤੋਂ ਲੁਕ ਕੇ ਪਾਪ ਕਮਾਉਂਦਾ ਹੈ ? 13. ਉਹ ਪ੍ਰਭੂ ਹਰ ਜਗ੍ਹਾ ਰਮਿਆ ਹੋਇਆ ਹੈ 14. ਸਾਡੀ ਸਰੀਰ ਰੂਪੀ ਨਗਰੀ ਵਿੱਚ ਵੀ ਉਹੀ ਪ੍ਰਭੂ ਹੈ ਅਤੇ ਇਸ ਤੋਂ ਬਾਹਰ ਵੀ ਉਹੀ ਹੈ 15. ਨਿਰ+ਅੰਜਨ=ਮਾਇਆ ਰਹਿਤ, ਭਾਵ ਨਿਰਲੇਪ ਪ੍ਰਭੂ 16. ਉਸ ਨੂੰ ਨਮਸਕਾਰ ਹੈ 17 ਉਸ ਹਰੀ ਦਾ ਨਾਮ ਜਪਦੇ ਹੋਏ ਜੀਭ ਸ਼ਾਂਤ ਹੁੰਦੀ ਹੈ, ਸੁਣਦੇ ਹੋਏ ਕੰਨ ਪ੍ਰਸੰਨ ਹੁੰਦੇ ਹਨ, ਯਾਦ ਕਰਦੇ ਹੋਏ ਚਿੱਤ ਪ੍ਰਸੰਨ ਹੁੰਦਾ ਹੈ 18. ਉਸ ਹਰੀ ਨੂੰ ਦੇਖ ਕੇ ਦੋਵੇਂ ਅੱਖਾਂ ਪ੍ਰਸੰਨ ਹੋ ਗਈਆਂ ਹਨ, ਜਿੱਧਰ ਦੇਖਦਾ ਹਾਂ, ਹਰੀ ਹੀ ਹਰੀ ਨਜ਼ਰ ਆਉਂਦਾ ਹੈ ।

ਧੁਰ-ਕਰਮ

ਧੁਰ ਦੇ ਅਰਥ ਕੁਲ ਮਾਲਿਕ ਦੀ ਦਰਗਾਹ ਦੇ ਹਨ ਅਤੇ ਕਰਮ ਦੇ ਅਰਥ ਦਇਆ, ਮਿਹਰ, ਬਖ਼ਸ਼ਿਸ਼ ਦੇ ਹਨ। ਹਰ ਜੀਵ ਨੂੰ ਉਸ ਦੇ ਕਰਮਾਂ ਮੁਜਬ ਸੰਸਾਰਿਕ ਵਸਤਾਂ, ਪਦਾਰਥਾਂ, ਧਨ-ਦੌਲਤ, ਮਾਨ-ਵਡਿਆਈ, ਉਮਰ, ਅਕਲ, ਰੰਗ-ਰੂਪ ਆਦਿ ਦੀ ਪ੍ਰਾਪਤੀ ਹੁੰਦੀ ਹੈ। ਸੰਸਾਰ ਕਰਮ-ਭੂਮੀ ਜਾਂ ਕਰਮਾ-ਸੰਦੜਾ ਖੇਤ ਹੈ। ਹਰ ਜੀਵ ਆਪਣੇ ਚੰਗੇ-ਬੁਰੇ ਕੀਤੇ ਕਰਮਾ ਦਾ ਫਲ ਭੋਗਣ ਲਈ ਬਾਰ-ਬਾਰ ਚੁਰਾਸੀ ਦੇ ਜੇਲ੍ਹ-ਖ਼ਾਨੇ ਵਿੱਚ ਆਉਂਦਾ ਹੈ, ਇਸ ਲਈ ਅਸੀਂ ਚੰਗੇ ਜਾਂ ਮੰਦੇ ਕਰਮਾਂ ਕਾਰਨ ਮਰਣ-ਜੰਮਣ ਦੇ ਦੁੱਖਾਂ ਤੋਂ ਨਹੀਂ ਬਚ ਸਕਦੇ। ਦੇਵੀ-ਦੇਵਤਾ ਵੀ ਕਰਮਾਂ ਦੇ ਅਧੀਨ ਹਨ ਅਤੇ ਨਰਕ-ਸ੍ਵਰਗ ਵੀ ਕਰਮਾਂ ਦਾ ਫਲ ਭੋਗਣ ਦੇ ਹੀ ਸਥਾਨ ਹਨ—ਜਦ ਕਰਮਾਂ ਦਾ ਫਲ ਸਮਾਪਤ ਹੋ ਜਾਂਦਾ ਹੈ ਤਾਂ ਜੀਵ ਨੂੰ ਦੁਬਾਰਾ ਇਸੇ ਚੁਰਾਸੀ ਦੇ ਜੇਲ੍ਹ-ਖ਼ਾਨੇ ਵਿੱਚ ਜਨਮ ਲੈਣਾ ਪੈਂਦਾ ਹੈ।

ਰਚਨਾ ਦਾ ਹਰ ਪ੍ਰਾਣੀ ਕਰਮਾਂ ਦੇ ਕਾਨੂੰਨ ਦੇ ਅਧੀਨ ਹੈ, ਪਰ ਉਹ ਅਕਾਲ-ਪੁਰਖ ਜੋ ਇਸ ਨਿਯਮ ਦਾ ਕਰਤਾ ਹੈ, ਆਪ ਇਸ ਤੋਂ ਸੁਤੰਤਰ ਹੈ ਅਤੇ ਜੀਵ ਨੂੰ ਇਸ ਤੋਂ ਆਜ਼ਾਦ ਕਰਨ ਦੀ ਦਾਤ ਵੀ ਉਸ ਨੇ ਆਪਣੇ ਹੱਥ ਰੱਖੀ ਹੈ। ਜਦ ਅਕਾਲਪੁਰਖ ਖ਼ੁਦ ਕਿਸੇ ਜੀਵ ਨੂੰ ਰਚਨਾ ਤੋਂ ਆਜ਼ਾਦ ਕਰ ਕੇ ਆਪਣੇ ਨਾਲ ਮਿਲਾਉਣਾ ਚਾਹੁੰਦਾ ਹੈ, ਤਾਂ ਉਸ ਦੀ ਖ਼ਲਾਸੀ ਦਾ ਸਾਮਾਨ ਤਿਆਰ ਹੁੰਦਾ ਹੈ। ਧੁਰ-ਕਰਮ ਨਾਲ ਸਤਿਗੁਰੂ ਮਿਲਦਾ ਹੈ, ਧੁਰ-ਕਰਮ ਨਾਲ ਨਾਮ ਦੀ ਪ੍ਰਾਪਤੀ ਅਤੇ ਨਾਮ ਦੀ ਕਮਾਈ ਹੁੰਦੀ ਹੈ ਅਤੇ ਪਰਮੇਸ਼ਰ ਨਾਲ ਮਿਲਾਪ ਹੁੰਦਾ ਹੈ। ਦੁਨੀਆਂ ਦੇ ਸਭ ਜੀਵ ਕੁਲ-ਮਾਲਿਕ ਨੇ ਆਪ ਪੈਦਾ ਕੀਤੇ ਹਨ। ਉਹ ਜਿਸ ਨੂੰ ਚਾਹੁੰਦਾ ਹੈ ਗੁਰਮੁੱਖ ਬਣਾ ਦਿੰਦਾ ਹੈ, ਜਿਸ ਨੂੰ ਚਾਹੁੰਦਾ ਹੈ ਮਨਮੁੱਖ ਬਣਾ ਦਿੰਦਾ ਹੈ। ਜੀਵ ਅੰਨ੍ਹਾ ਹੈ ਅਤੇ ਅਗਿਆਨਤਾ ਦੇ ਹਨੇਰੇ ਵਿੱਚ ਫਸਿਆ ਹੋਇਆ ਹੈ। ਜਦ ਤਕ ਕੁਲ-ਮਾਲਿਕ ਖ਼ੁਦ ਦਇਆ-ਮਿਹਰ ਕਰ ਕੇ ਉਸ ਨੂੰ ਇਸ ਅਗਿਆਨਤਾ ਦੇ ਹਨੇਰੇ 'ਚੋਂ ਨਹੀਂ ਕੱਢਦਾ, ਜੀਵ ਨੂੰ ਕਦੇ ਉਸ ਨਾਲ ਮਿਲਣ ਦਾ ਸੁਭਾਗ ਪ੍ਰਾਪਤ ਨਹੀਂ ਹੋ ਸਕਦਾ। ਜਿਨ੍ਹਾਂ ਉੱਤੇ ਉਸ ਆਦਿ ਕਰਤਾ ਦੀ ਬਖ਼ਸ਼ਿਸ਼ ਹੋ ਜਾਂਦੀ ਹੈ, ਉਹ ਉਨ੍ਹਾਂ ਦਾ ਧੁਰ-ਕਰਮ ਬਣਾ ਦਿੰਦਾ ਹੈ, ਜਿਸ ਦੁਆਰਾ ਉਹ ਸੱਚੇ ਸਤਿਗੁਰੂ ਦੀ ਸ਼ਰਨ ਪ੍ਰਾਪਤ ਕਰ ਕੇ ਸੱਚੇ ਨਾਮ ਦੀ ਕਮਾਈ ਵਿੱਚ ਲੱਗ ਜਾਂਦੇ ਹਨ। ਜਿਨ੍ਹਾਂ ਦਾ ਉਹ ਧੁਰ-ਕਰਮ ਨਹੀਂ ਬਣਾਉਂਦਾ, ਉਹ ਏਥੇ ਹੀ ਭਰਮਾਂ ਵਿੱਚ ਫੱਸ ਕੇ ਭਟਕਦੇ ਫਿਰਦੇ ਹਨ: 'ਇਕਿ ਭਰਮਿ ਭੁਲਾਏ ਇਕਿ ਭਗਤੀ ਰਾਤੇ ਤੇਰਾ ਖੇਲੁ ਅਪਾਰਾ ॥' (ਮ: 1, ਪੰ: 635)

ਧੁਰ ਧਰਮ

1. ਕਲਜੁਗਿ ਗੁਰੁ ਪੂਰਾ ਤਿਨ ਪਾਇਆ ਜਿਨ ਧੁਰਿ ਮਸਤਕਿ ਲਿਖੇ ਲਿਲਾਟ[1] ॥
ਜਨ ਨਾਨਕ ਰਸੁ ਅੰਮ੍ਰਿਤੁ ਪੀਆ ਸਭ ਲਾਥੀ ਭੂਖ ਤਿਖਾਟ[2] ॥ (ਮ: 4—986)
2. ਧੁਰਿ ਕਰਮਿ ਪਾਇਆ ਤੁਧੁ ਜਿਨ ਕਉ ਸਿ ਨਾਮਿ ਹਰਿ ਕੈ ਲਾਗੇ ॥
ਕਹੈ ਨਾਨਕੁ ਤਹ ਸੁਖੁ ਹੋਆ ਤਿਤੁ ਘਰਿ ਅਨਹਦ ਵਾਜੇ ॥ (ਮ: 3—917)
3. ਪ੍ਰਭਿ ਮਸਤਕੇ ਧੁਰਿ ਲੀਖਿਆ ਗੁਰਮਤੀ ਹਰਿ ਲਿਵ ਲਾਇਓ ॥
ਪੰਚ ਸਬਦ ਦਰਗਹ ਬਾਜਿਆ ਹਰਿ ਮਿਲਿਓ ਮੰਗਲੁ ਗਾਇਓ ॥
(ਮ: 5—985)
4. ਨਾਮ ਹੀਨ ਨਕਟੇ[3] ਫਿਰਹਿ ਬਿਨੁ ਨਾਵੈ ਬਹਿ ਰੋਇ ॥
ਨਾਨਕ ਜੋ ਧੁਰਿ ਕਰਤੈ ਲਿਖਿਆ ਸੁ ਮੇਟਿ ਨ ਸਕੈ ਕੋਇ ॥ (ਮ: 3—1414)
5. ਮਾਥੈ ਜੋ ਧੁਰਿ ਲਿਖਿਆ ਸੁ ਮੇਟਿ ਨ ਸਕੈ ਕੋਇ ॥
ਨਾਨਕ ਜੋ ਲਿਖਿਆ ਸੋ ਵਰਤਦਾ ਸੋ ਬੂਝੈ ਜਿਸ ਨੋ ਨਦਰਿ ਹੋਇ ॥
(ਮ: 3—1413)
6. ਜੋ ਧੁਰਿ ਮੇਲੇ ਸੇ ਮਿਲਿ ਰਹੇ ਸਤਿਗੁਰ ਸਿਉ ਚਿਤੁ ਲਾਇ ॥
ਆਪਿ ਵਿਛੋੜੇਨੁ ਸੇ ਵਿਛੁੜੇ ਦੂਜੈ ਭਾਇ ਖੁਆਇ ॥ (ਮ: 3—645)
7. ਖੋਇ ਖਹੜਾ ਭਰਮੁ ਮਨ ਕਾ ਸਤਿਗੁਰ ਸਰਣੀ ਜਾਇ ॥
ਕਰਮੁ ਜਿਸ ਕਉ ਧੁਰਹੁ ਲਿਖਿਆ ਸੋਈ ਕਾਰ ਕਮਾਇ ॥ (ਮ: 5—1002)
8. ਜੇ ਤੂ ਕਿਸੈ ਨ ਦੇਹੀ ਮੇਰੇ ਸਾਹਿਬਾ ਕਿਆ ਕੋ ਕਢੈ ਗਹਣਾ ॥
ਨਾਨਕੁ ਬਿਨਵੈ ਸੋ ਕਿਛੁ ਪਾਈਐ ਪੁਰਬਿ ਲਿਖੇ ਕਾ ਲਹਣਾ ॥ (ਮ: 1—660)
9. ਜੋਤੀ ਹੂ ਪ੍ਰਭੁ ਜਾਪਦਾ ਬਿਨੁ ਸਤਗੁਰ ਬੂਝ ਨ ਪਾਇ ॥
ਜਿਨ ਕਉ ਪੂਰਬਿ ਲਿਖਿਆ ਸਤਗੁਰੁ ਭੇਟਿਆ ਤਿਨ ਆਇ ॥ (ਮ: 3—35)
10. ਜਿਨ ਕਉ ਪੂਰਬਿ ਲਿਖਿਆ ਤਿਨਾ ਭੇਟਿਆ ਗੁਰ ਗੋਵਿੰਦੁ ॥
ਨਾਨਕ ਸਹਜੇ ਮਿਲਿ ਰਹੇ ਹਰਿ ਪਾਇਆ ਪਰਮਾਨੰਦੁ ॥ (ਮ: 3—1415)

---

1. ਮਸਤਕ, ਮੱਥਾ 2. ਤੇਹ, ਪਿਆਸ 3. ਕੱਟੇ ਹੋਏ ਨੱਕਾਂ ਵਾਲੇ ।

ਨਿਮਰਤਾ

ਪਰਮੇਸ਼ਰ ਨੂੰ ਗਰੀਬ-ਨਿਵਾਜ ਕਿਹਾ ਗਿਆ ਹੈ। ਉਹ ਮਾਲਿਕ ਦੀਨਤਾ ਉੱਤੇ ਦਇਆਲ ਹੁੰਦਾ ਹੈ। ਪਾਣੀ ਨੀਵੀ ਜਗ੍ਹਾ ਵੱਲ ਵਗਦਾ ਹੈ, ਟਿੱਬਿਆਂ ਉੱਤੇ ਨਹੀਂ ਰੁਕਦਾ। ਜਿਸ ਵਿਅਕਤੀ ਦਾ ਹਿਰਦਾ ਅਭਿਮਾਨ ਨਾਲ ਭਰਿਆ ਹੋਵੇ, ਉਸ ਨੇ ਮਾਲਿਕ ਅਤੇ ਉਸ ਦੇ ਭਗਤਾਂ ਪਿਆਰਿਆਂ ਤੋਂ ਕੀ ਪ੍ਰਾਪਤ ਕਰਨਾ ਹੈ ? ਇਸ ਲਈ ਮਾਲਕ ਅਤੇ ਉਸ ਦੇ ਪਿਆਰਿਆਂ ਦੀ ਦਇਆ-ਮਿਹਰ ਹਾਸਲ ਕਰਨ ਲਈ ਮਨ ਵਿੱਚ ਸੱਚੀ ਨਿਮਰਤਾ, ਹਲੀਮੀ, ਆਜਜ਼ੀ ਧਾਰਨ ਕਰਨੀ ਚਾਹੀਦੀ ਹੈ।

ਉਹ ਅਕਾਲ-ਪੁਰਖ ਸਰਵ-ਸ਼ਕਤੀਮਾਨ ਹੈ, ਸਰਵ-ਵਿਆਪਕ ਹੈ, ਸਰਵ-ਗਿਆਤਾ ਹੈ। ਅਸੀਂ ਬਲ, ਚਤੁਰਾਈ ਨਾਲ ਨਹੀਂ, ਸਗੋਂ ਆਪਾ-ਭਾਵ ਤਿਆਗ ਕੇ ਅਤੇ ਨੀਵੇਂ ਬਣ ਕੇ ਉਸ ਨੂੰ ਪਾ ਸਕਦੇ ਹਾਂ। ਸਾਹਿਬ ਅਰਦਾਸ ਨਾਲ ਪਤੀਜਦਾ ਹੈ, ਜ਼ੋਰ ਨਾਲ ਨਹੀਂ।

ਸੰਸਾਰਿਕ ਪ੍ਰਾਪਤੀਆਂ ਦਾ ਮਾਨ ਝੂਠਾ ਹੈ। ਦਾਤਾਂ ਦਾਤੇ ਦੀਆਂ ਦਿੱਤੀਆਂ ਹੋਈਆਂ ਹਨ, ਇਨ੍ਹਾਂ ਨੂੰ ਦੇਖ ਕੇ ਦਾਤੇ ਦਾ ਖ਼ਿਆਲ ਆਉਣਾ ਚਾਹੀਦਾ ਹੈ, ਦਾਤਾਂ ਉੱਤੇ ਮਾਨ ਨਹੀਂ ਕਰਨਾ ਚਾਹੀਦਾ।

ਸੱਚੀ ਨਿਮਰਤਾ ਹਿਰਦੇ ਵਿੱਚ ਮਿਠਾਸ ਭਰਦੀ ਹੈ, ਆਪਾ-ਭਾਵ ਦੂਰ ਕਰਦੀ ਹੈ, ਅਤੇ ਸਭ ਗੁਣ ਚੰਗਿਆਈਆਂ ਦਾ ਤੱਤ ਹੈ। ਪਰਮੇਸ਼ਰ ਨਿਮਰ ਵਿਅਕਤੀਆਂ ਨੂੰ ਪਰਮਾਰਥੀ ਦਾਤਾਂ ਨਾਲ ਮਾਲਾ-ਮਾਲ ਕਰਦਾ ਹੈ।

ਸੱਚੀ ਨਿਮਰਤਾ ਮਾਲਕ ਦੇ ਭਗਤ ਦੀ ਸਭ ਤੋਂ ਵੱਡੀ ਨਿਸ਼ਾਨੀ ਹੈ। ਨਿਮਰਤਾ ਸੰਤਾਂ-ਮਹਾਤਮਾਂ ਦਾ ਸ਼ਿੰਗਾਰ ਹੈ। ਗੁਰੂ ਸਾਹਿਬਾਨ ਅਤੇ ਮਾਲਿਕ ਦੇ ਦੂਸਰੇ ਭਗਤਾਂ ਨੇ ਕਿਸ ਉੱਚ ਹਸਤੀ, ਸ਼ਕਤੀ ਦੇ ਮਾਲਿਕ ਹੋਣ ਦੇ ਬਾਵਜੂਦ ਆਪਣੇ ਲਈ ਕੈਸੇ ਨਿਮਰਤਾ ਵਾਲੇ ਸ਼ਬਦ ਵਰਤੇ ਹਨ ! ਜੋ ਹਰ ਘਟ ਵਿੱਚ ਪਰਮੇਸ਼ਰ ਦੇ ਦਰਸ਼ਨ ਕਰਦਾ ਹੈ, ਉਹ ਬਾਕੀ ਸਭ ਨੂੰ ਆਪਣੇ ਤੋਂ ਵੱਡਾ ਸਮਝਦਾ ਹੈ, ਜਿਸ ਕਾਰਨ ਉਸ ਦੇ ਹਿਰਦੇ ਵਿੱਚ ਨਿਮਰਤਾ ਪੈਦਾ ਹੁੰਦੀ ਹੈ। ਨਿਮਰਤਾ ਪਰਮੇਸ਼ਰ ਦਾ ਪਿਆਰ ਪੈਦਾ ਕਰਦੀ ਹੈ ਅਤੇ ਪਰਮੇਸ਼ਰ ਦਾ ਪਿਆਰ ਸੱਚੀ ਨਿਮਰਤਾ ਪੈਦਾ ਕਰਦਾ ਹੈ।

1. **ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ ॥**
   ਜਿਨਿ ਐਸਾ ਕਰਿ ਬੂਝਿਆ ਮੀਤੁ ਹਮਾਰਾ ਸੋਇ ॥ (ਕਬੀਰ, 1364)

2. ਫਰੀਦਾ ਕਾਲੇ ਮੈਡੇ ਕਪੜੇ ਕਾਲਾ ਮੈਡਾ ਵੇਸੁ ॥
[1]ਗੁਨਹੀ ਭਰਿਆ ਮੈ ਫਿਰਾ ਲੋਕੁ ਕਹੈ ਦਰਵੇਸੁ ॥ (ਫਰੀਦ, 1381)

3. ਜੇਤੀ ਸ੍ਰਿਸਟਿ ਕਰੀ ਜਗਦੀਸਰਿ ਤੇ ਸਭਿ ਊਚ ਹਮ ਨੀਚ ਬਿਖਿਆਸ[2] ॥
ਹਮਰੇ ਅਵਗੁਨ ਸੰਗਿ ਗੁਰ ਮੇਟੇ ਜਨ ਨਾਨਕ ਮੇਲਿ ਲੀਏ ਪ੍ਰਭ ਪਾਸ ॥(1295)

4. ਹਮ ਨਾਨੇ[3] ਨੀਚ ਤੁਮੇ ਬਡ ਸਾਹਿਬ ਕੁਦਰਤਿ ਕਉਣ ਬੀਚਾਰਾ ॥
ਮਨੁ ਤਨੁ ਸੀਤਲੁ ਗੁਰ ਦਰਸ ਦੇਖੇ ਨਾਨਕ ਨਾਮੁ ਅਧਾਰਾ ॥(ਮ: 5—1235)

5. ਕਿਆ ਹਮ ਕਿਰਮ[4] ਕਿਆ ਕਰਮ ਕਮਾਵਹਿ ਮੂਰਖ ਮੁਗਧ ਰਖੇ [5]ਪ੍ਰਭ ਤਾਸ ॥
ਅਵਗਨੀਆਰੇ ਪਾਥਰ ਭਾਰੇ ਸਤਸੰਗਤਿ ਮਿਲਿ ਤਰੇ ਤਰਾਸ ॥(ਮ: 4, 1295)

6. [6]ਤਉ ਭਾਵਨਿ ਤਉ ਜੇਹੀਆ ਮੂ ਜੇਹੀਆ ਕਿਤੀਆਹ ॥
ਨਾਨਕ ਨਾਹੁ ਨ ਵੀਛੁੜੇ ਤਿਨ ਸਚੇ ਰਤੜੀਆਹ ॥ (ਮ: 1—1015)

7. ਜੋ ਹਮਰੀ ਬਿਧਿ ਹੋਤੀ ਮੇਰੇ ਸਤਿਗੁਰਾ ਸਾ ਬਿਧਿ ਤੁਮ ਹਰਿ ਜਾਣਹੁ ਆਪੇ ॥
ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ
[7]ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ ॥ (ਮ: 4—167)

8. ਹਮਰਾ ਚਿਤੁ ਲੁਭਤ ਮੋਹਿ ਬਿਖਿਆ ਬਹੁ ਦੁਰਮਤਿ ਮੈਲੁ ਭਰਾ ॥
ਤੁਮ੍ਰੀ ਸੇਵਾ ਕਰਿ ਨ ਸਕਹ ਪ੍ਰਭ ਹਮ ਕਿਉਕਰਿ ਮੁਗਧ ਤਰਾ ॥(ਮ: 4,799)

9. ਜਪ ਤਪੁ ਸੰਜਮੁ ਧਰਮੁ ਨ ਕਮਾਇਆ ॥
ਸੇਵਾ ਸਾਧ ਨ ਜਾਨਿਆ ਹਰਿ ਰਾਇਆ ॥
ਕਹੁ ਨਾਨਕ ਹਮ ਨੀਚ ਕਰੰਮਾ ॥ ਸਰਣਿ ਪਰੇ ਕੀ ਰਾਖਹੁ ਸਰਮਾ ॥ (ਮ:5,12)

10. ਸਭੁ ਕੋ ਊਚਾ ਆਖੀਐ ਨੀਚੁ ਨ ਦੀਸੈ ਕੋਇ ॥
ਇਕਨੈ ਭਾਂਡੇ ਸਾਜਿਐ ਇਕੁ ਚਾਨਣੁ ਤਿਹੁ ਲੋਇ ॥ (ਮ: 1—62)

11. ਲੂਣ ਹਰਾਮੀ ਨਾਨਕੁ ਲਾਲਾ ਬਖਸਿਹਿ ਤੁਧੁ ਵਡਿਆਈ ॥
ਆਦਿ ਜੁਗਾਦਿ ਦਇਆ ਪਤਿ ਦਾਤਾ ਤੁਧੁ ਵਿਣੁ ਮੁਕਤਿ ਨ ਪਾਈ ॥ (991)

12. ਮੁਲ ਖਰੀਦੀ ਲਾਲਾ ਗੋਲਾ ਮੇਰਾ ਨਾਉ ਸਭਾਗਾ ॥
ਗੁਰ ਕੀ ਬਚਨੀ ਹਾਟਿ ਬਿਕਾਨਾ ਜਿਤੁ ਲਾਇਆ ਤਿਤੁ ਲਾਗਾ ॥ (ਮ: 1,991)

---

1. ਮੈਂ ਗੁਨਾਹਾਂ ਨਾਲ ਭਰਿਆ ਹੋਇਆ ਹਾਂ, ਪਰ ਲੋਕ ਮੈਨੂੰ ਫ਼ਕੀਰ ਕਹਿੰਦੇ ਹਨ 2. ਵਿਸ਼ਿਆਂ ਨਾਲ ਭਰੇ ਹੋਏ 3. ਨਿੱਕੇ, ਤੁੱਛ 4. ਕੀੜੇ 5. ਉਸ ਪ੍ਰਭੂ ਨੇ 6. ਜਿਹੜੀਆਂ ਤੇਰੇ ਵਰਗੀਆਂ ਹਨ ਤੈਨੂੰ ਭਾਉਂਦੀਆਂ ਹਨ, ਮੇਰੇ ਵਰਗੀਆਂ (ਨਾਕਾਰਾ, ਨੀਚ) ਤਾਂ ਕਈ ਹਨ 7. ਅਸੀਂ ਕੀੜੇ ਸੀ ਪਰ ਸਤਿਗੁਰੂ ਦੀ ਸੰਗਤ ਵਿੱਚ ਆ ਕੇ ਥਾਪੇ ਗਏ, ਭਾਵ ਵੱਡੇ ਹੋ ਗਏ ।

13. ਲੂਣ ਹਰਾਮੀ ਗੁਨਹਗਾਰ ਬੇਗਾਨਾ ਅਲਪ ਮਤਿ ॥
ਜੀਉ ਪਿੰਡੁ ਜਿਨਿ ਸੁਖ ਦੀਏ ਤਾਹਿ ਨ ਜਾਨਤ ਤਤ ॥ (ਮ: 5—261)
14. ਆਪਿ ਤਰੈ ਜਨੁ ਪਿਤਰਾ ਤਾਰੇ ॥ ਸੰਗਤਿ ਮੁਕਤਿ ਸੁ ਪਾਰਿ ਉਤਾਰੇ ॥
ਨਾਨਕੁ ਤਿਸਕਾ ਲਾਲਾ ਗੋਲਾ ਜਿਨਿ ਗੁਰਮੁਖਿ ਹਰਿ ਲਿਵਲਾਈ ਹੇ ॥
(ਮ: 1—1026)

ਹੁਕਮ

ਗੁਰਬਾਣੀ ਵਿੱਚ ਹੁਕਮ ਅਕਾਲਪੁਰਖ ਦੀ ਰਜ਼ਾ ਜਾਂ ਭਾਣਾ ਪ੍ਰਗਟ ਕਰਦਾ ਹੈ। ਜੋ ਉਸ ਪਰਮੇਸ਼ਰ ਦੀ ਮੌਜ ਹੈ, ਜੋ ਉਸ ਨੂੰ ਭਾਉਂਦਾ ਹੈ, ਉਹ ਕਰਦਾ ਹੈ ਅਤੇ ਜੋ ਵੀ ਉਹ ਕਰਦਾ ਹੈ ਸੋ ਭਲਾ ਹੈ। ਇਹ ਰਚਨਾ ਉਸ ਰਚਨਹਾਰ, ਕਰਤਾਰ, ਕਰਤਾਪੁਰਖ ਦੀ ਖੇਡ ਹੈ। ਉਹ ਆਪਣੇ ਹੁਕਮ ਜਾਂ ਨਾਮ ਦੁਆਰਾ ਇਸ ਸ੍ਰਿਸ਼ਟੀ ਦੀ ਰਚਨਾ ਕਰਦਾ ਹੈ ਅਤੇ ਹੁਕਮ ਦੁਆਰਾ ਹੀ ਇਸ ਦਾ ਪ੍ਰਬੰਧ ਚਲਾ ਰਿਹਾ ਹੈ। ਜਗਤ ਦੀ ਉਤਪਤੀ, ਜੀਵਾਂ ਦੀ ਉਤਪਤੀ, ਆਕਾਰਾਂ ਦਾ ਘੜਿਆ ਜਾਣਾ, ਆਵਾਗੌਣ ਦਾ ਚੱਕਰ ਅਤੇ ਮੁਕਤੀ ਦੀ ਪ੍ਰਾਪਤੀ ਸਭ ਕੁਝ ਪਰਮੇਸ਼ਰ ਦੇ ਹੁਕਮ ਵਿੱਚ ਹੁੰਦਾ ਹੈ। ਜੋ ਕੁਝ ਹੋ ਰਿਹਾ ਹੈ, ਵਿਧੀ ਅਤੇ ਨਿਆਇ-ਪੂਰਵਕ ਹੈ।

ਜੀਵ ਲਈ ਉਚਿੱਤ ਹੈ ਕਿ ਮਨ-ਮਤ ਉੱਤੇ ਚੱਲਣ ਅਤੇ ਹਉਮੈ ਭਰੇ ਕਰਮ ਕਰਨ ਦੀ ਥਾਂ ਅਕਾਲਪੁਰਖ ਦੇ ਹੁਕਮ ਵਿੱਚ ਆਵੇ ਅਤੇ ਹੁਕਮ ਰਜਾਈ ਕਰਮ ਕਰੇ। ਹੁਕਮ ਰਜਾਈ ਚੱਲਣ ਵਾਲਾ ਜੀਵ ਪਰਮੇਸ਼ਰ ਦੇ ਕੀਤੇ ਕਾਰਜਾਂ ਵਿੱਚ ਨੁਕਸ ਕੱਢਣ ਦੀ ਥਾਂ, ਆਪਣੇ ਆਪ ਨੂੰ ਉਸ ਦੇ ਹੁਕਮ ਜਾਂ ਭਾਣੇ ਵਿੱਚ ਲਿਆਉਂਦਾ ਹੈ : ਉਹ ਪ੍ਰਾਲਬਧ ਨੂੰ ਵੀ ਧੀਰਜ, ਸੰਤੋਖ ਅਤੇ ਖ਼ੁਸ਼ੀ-ਖ਼ੁਸ਼ੀ ਭੋਗ ਲੈਂਦਾ ਹੈ ਅਤੇ ਸੰਸਾਰ ਵਿੱਚ ਆਉਣ ਦੇ ਆਪਣੇ ਅਸਲ ਮੰਤਵ ਨੂੰ ਵੀ ਪੂਰਾ ਕਰ ਲੈਂਦਾ ਹੈ।

ਜੀਵ ਦਾ ਮਨੁਖੀ ਚੋਲਾ ਧਾਰਨ ਦਾ ਅਸਲ ਮੰਤਵ ਇਹ ਹੈ ਕਿ ਉਹ ਨਾਮ ਦੀ ਕਮਾਈ ਕਰ ਕੇ ਦੁਬਾਰਾ ਆਪਣੇ ਸਰੋਤ ਨਾਲ ਸੰਬੰਧ ਜੋੜੇ। ਨਾਮ ਦੀ ਕਮਾਈ ਕਰਨਾ ਹੀ ਪਰਮੇਸ਼ਰ ਦੇ ਹੁਕਮ ਨੂੰ ਮੰਨਣਾ ਹੈ : 'ਏਕੋ ਨਾਮੁ ਹੁਕਮੁ ਹੈ ਨਾਨਕ ਸਤਿਗੁਰਿ ਦੀਆ ਬੁਝਾਇ ਜੀਉ' (ਮ: 1, ਪੰ. 72)। ਉਹ ਅਕਾਲਪੁਰਖ ਆਪਣਾ ਹੁਕਮ ਮਨਾਉਣ ਦੀ ਦਇਆ-ਮਿਹਰ ਆਪ ਕਰਦਾ ਹੈ। ਜਿਨ੍ਹਾਂ ਨੂੰ ਉਹ ਹੁਕਮ ਮਨਾਉਂਦਾ ਹੈ, ਖ਼ੁਦ ਹੀ ਉਨ੍ਹਾਂ ਦੇ ਅੰਦਰ ਗੁਰੂ ਦਾ ਸ਼ਬਦ ਵਸਾ ਦੇਂਦਾ ਹੈ : 'ਹੁਕਮ ਜਿਨਾ ਨੋ ਮਨਾਇਆ ॥ ਤਿਨ ਅੰਤਰਿ ਸਬਦੁ ਵਸਾਇਆ ॥' (ਮ : 1, ਪੰ. 72)

*ਹੁਕਮ

1. ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ ॥
ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ ॥
ਹੁਕਮੀ ਉਤਮੁ ਨੀਚੁ ਹੁਕਮਿ ਲਿਖਿ ਦੁਖ ਸੁਖ ਪਾਈਅਹਿ ॥
ਇਕਨਾ ਹੁਕਮੀ ਬਖਸੀਸ ਇਕਿ ਹੁਕਮੀ ਸਦਾ ਭਵਾਈਅਹਿ ॥
ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥
ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥ (ਜਪ, 1)

2. ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ ॥
ਇਕਨ੍ਹਾ ਹੁਕਮਿ ਸਮਾਇ ਲਏ ਇਕਨ੍ਹਾ ਹੁਕਮੇ ਕਰੇ ਵਿਣਾਸੁ ॥ (ਮ: 2—463)

3. ਜਬ ਲਗੁ ਹੁਕਮੁ ਨ ਬੂਝਤਾ ਤਬ ਹੀ ਲਉ ਦੁਖੀਆ ॥
ਗੁਰ ਮਿਲਿ ਹੁਕਮੁ ਪਛਾਣਿਆ ਤਬ ਹੀ ਤੇ ਸੁਖੀਆ ॥ (ਮ: 5—400)

4. ਹੁਕਮੀ ਕਾਲੈ ਵਸਿ ਹੈ ਹੁਕਮੀ ਸਾਚਿ ਸਮਾਹਿ ॥
ਨਾਨਕ ਜੋ ਤਿਸੁ ਭਾਵੈ ਸੋ ਥੀਐ ਇਨਾ ਜੰਤਾ ਵਸਿ ਕਿਛੁ ਨਾਹਿ ॥(ਮ:1, 55)

5. ਗੁਣ ਅਵਗੁਣ ਸਮਾਨਿ ਹਹਿ ਜਿ ਆਪਿ ਕੀਤੇ ਕਰਤਾਰਿ ॥
ਨਾਨਕ ਹੁਕਮਿ ਮੰਨਿਐ ਸੁਖੁ ਪਾਈਐ ਗੁਰ ਸਬਦੀ ਵੀਚਾਰਿ ॥(ਮ: 3—1092)

6. ਸਭੁ ਕਿਛੁ ਹੁਕਮੇ ਆਵਦਾ ਸਭੁ ਕਿਛੁ ਹੁਕਮੇ ਜਾਇ ॥
ਜੇ ਕੋ ਮੂਰਖੁ ਆਪਹੁ ਜਾਣੈ ਅੰਧਾ ਅੰਧੁ ਕਮਾਇ ॥ (ਮ: 3—556)

7. ਸਭਨਾ ਕਾ ਸਹੁ ਏਕੁ ਹੈ ਸਦ ਹੀ ਰਹੈ ਹਜੂਰਿ ॥
ਨਾਨਕ ਹੁਕਮੁ ਨ ਮੰਨਈ ਤਾ ਘਰ ਹੀ ਅੰਦਰਿ ਦੂਰਿ ॥ (ਮ: 3–510)

8. ਹੁਕਮੀ ਆਇਆ ਹੁਕਮੁ ਨ ਬੂਝੈ ਹੁਕਮਿ ਸਵਾਰਣਹਾਰਾ ॥
ਨਾਨਕ ਸਾਹਿਬੁ ਸਬਦਿ ਸਿਞਾਪੈ ਸਾਚਾ ਸਿਰਜਣਹਾਰਾ ॥ (ਮ: 1—688)

9. ਬੁਰਾ ਭਲਾ ਕਿਛੁ ਆਪਸ ਤੇ ਜਾਨਿਆ ਏਈ ਸਗਲ ਵਿਕਾਰਾ ॥
ਇਹੁ ਫੁਰਮਾਇਆ ਖਸਮ ਕਾ ਹੋਆ ਵਰਤੈ ਇਹੁ ਸੰਸਾਰਾ ॥
ਇੰਦ੍ਰੀ ਧਾਤੁ ਸਬਲ ਕਹੀਅਤ ਹੈ ਇੰਦ੍ਰੀ ਕਿਸ ਤੇ ਹੋਈ ॥
ਆਪੇ ਖੇਲ ਕਰੈ ਸਭਿ ਕਰਤਾ ਐਸਾ ਬੂਝੈ ਕੋਈ ॥
ਗੁਰ ਪਰਸਾਦੀ ਏਕ ਲਿਵ ਲਾਗੀ ਦੁਬਿਧਾ ਤਦੇ ਬਿਨਾਸੀ ॥
ਜੋ ਤਿਸੁ ਭਾਣਾ ਸੋ ਸਤਿ ਕਰਿ ਮਾਨਿਆ ਕਾਟੀ ਜਮ ਕੀ ਫਾਸੀ ॥(ਮ: 3—993)

---

*'ਹੁਕਮ' ਸੰਬੰਧੀ ਵਧੇਰੇ ਜਾਣਕਾਰੀ ਲਈ ਦੇਖੋ ਹਜ਼ੂਰ ਮਹਾਰਾਜ ਸਾਵਣ ਸਿੰਘ ਜੀ ਰਚਿਤ 'ਗੁਰਮਤਿ ਸਿੱਧਾਂਤ' ਭਾਗ ਪਹਿਲਾ, ਪ੍ਰਕਰਣ ਪਹਿਲਾ ਵਿੱਚ ਪ੍ਰਸੰਗ : ਹੁਕਮ, ਭਾਣਾ।

10. ਨਾਨਕ ਨਾਮੁ ਧਿਆਈਐ ਗੁਰੁ ਪੂਰਾ ਮਤਿ ਦੇਇ ॥
ਭਾਣੈ ਜਪ ਤਪ ਸੰਜਮੋ ਭਾਣੈ ਹੀ ਕਢਿ ਲੇਇ ॥
ਭਾਣੈ ਜੋਨਿ ਭਵਾਈਐ ਭਾਣੈ ਬਖਸ ਕਰੇਇ ॥
ਭਾਣੈ ਦੁਖੁ ਸੁਖੁ ਭੋਗੀਐ ਭਾਣੈ ਕਰਮ ਕਰੇਇ ॥
ਭਾਣੈ ਮਿਟੀ ਸਾਜਿ ਕੈ ਭਾਣੈ ਜੋਤਿ ਧਰੇਇ ॥
ਭਾਣੈ ਭੋਗ ਭੋਗਾਇਦਾ ਭਾਣੈ ਮਨਹਿ ਕਰੇਇ ॥
ਭਾਣੈ ਨਰਕਿ ਸੁਰਗਿ ਅਉਤਾਰੇ ਭਾਣੈ ਧਰਣਿ ਪਰੇਇ ॥
ਭਾਣੈ ਹੀ ਜਿਸੁ ਭਗਤੀ ਲਾਏ ਨਾਨਕ ਵਿਰਲੇ ਹੇ ॥ (ਮ: 5—963)

*ਭਾਣਾ

ਗੁਰਬਾਣੀ ਵਿੱਚ ਭਾਣੇ ਦਾ ਸੰਬੰਧ ਕੁਲ ਮਾਲਕ ਦੀ ਰਜ਼ਾ, ਮਰਜ਼ੀ, ਇੱਛਾ ਜਾਂ ਪ੍ਰਸੰਨਤਾ ਨਾਲ ਹੈ, ਅਰਥਾਤ ਜੋ ਉਸ ਨੂੰ ਭਾਉਂਦਾ ਹੈ ਉਹੀ ਹੁੰਦਾ ਹੈ, ਉਹੀ ਹੋਣਾ ਹੈ ਅਤੇ ਉਹੀ ਭਲਾ ਹੈ। ਸੰਸਾਰ ਆਪਣੇ ਆਪ ਨਹੀਂ ਹੋਇਆ। ਇਹ ਕੁਲ ਮਾਲਕ ਦੀ ਰਜ਼ਾ ਦੀ ਖੇਡ ਜਾਂ ਲੀਲਾ ਹੈ ਅਤੇ ਉਸ ਦੀ ਰਜ਼ਾ ਜਾਂ ਭਾਣੇ ਅਨੁਸਾਰ ਹੀ ਸੰਸਾਰ ਚੱਲ ਰਿਹਾ ਹੈ।

ਜੀਵ ਲਈ ਭਾਣੇ ਦਾ ਇਹ ਅਰਥ ਹੈ ਕਿ ਉਹ ਮਾਲਿਕ ਦੇ ਹੁਕਮ, ਉਸ ਦੇ ਭਾਣੇ ਨੂੰ ਖਿੜੇ ਮੱਥੇ ਪਰਵਾਨ ਕਰੇ। ਅਸੀਂ ਲੋਕ ਨਾ ਦੁੱਖ ਜਰ ਸਕਦੇ ਹਾਂ ਨਾ ਸੁੱਖ। ਦੁੱਖ, ਸੁੱਖ, ਦੋਹਾਂ ਵਿੱਚ ਅਡੋਲ ਰਹਿੰਦੇ ਹੋਏ ਮਾਲਿਕ ਦੀ ਭਗਤੀ ਵਿੱਚ ਲੱਗੇ ਰਹਿਣਾ, ਉਸ ਦੇ ਭਾਣੇ ਵਿੱਚ ਆਉਣਾ ਹੈ। ਜੋ ਗਲ ਮਨ-ਬੁੱਧੀ ਨਾਲ ਠੀਕ ਨਾ ਸਿੱਧ ਹੋ ਸਕਦੀ ਹੋਵੇ, ਉਸ ਨੂੰ ਵੀ ਮਾਲਿਕ ਦੀ ਮੌਜ ਸਮਝ ਕੇ ਖਿੜੇ ਮੱਥੇ ਸਵੀਕਾਰ ਕਰ ਲੈਣਾ, ਭਾਣਾ ਮੰਨਣਾ ਹੈ। ਜਦ ਕੁਲ ਮਾਲਿਕ ਸਰਵ-ਸ਼ਕਤੀਮਾਨ, ਸਰਵ-ਵਿਆਪਕ ਅਤੇ ਸਰਵ-ਗਿਆਤਾ ਹੈ, ਤਾਂ ਉਸ ਤੋਂ ਗ਼ਲਤੀ ਕਿਵੇਂ ਹੋ ਸਕਦੀ ਹੈ? ਇਸ ਲਈ ਜੇ ਮਾਲਕ ਦੀ ਮੌਜ ਮਨ ਦੀ ਚਾਹ ਤੋਂ ਉਲਟ ਹੋਵੇ, ਤਾਂ ਵੀ ਇਸ ਨੂੰ ਪ੍ਰੀਤਮ ਦੀ ਦਾਤ ਸਮਝਣਾ ਚਾਹੀਦਾ ਹੈ। ਇਸ ਤਰ੍ਹਾਂ ਕਰਨ ਨਾਲ ਭਾਰੇ ਤੋਂ ਭਾਰੇ ਸੰਕਟ ਨੂੰ ਵੀ ਖ਼ੁਸ਼ੀ ਨਾਲ ਜਰਿਆ ਜਾ ਸਕਦਾ ਹੈ: 'ਓਹੋ ਸੁਖੁ ਓਹਾ ਵਡਿਆਈ ਜੋ ਪ੍ਰਭ ਜੀ ਮਨਿ ਭਾਣੀ ॥' (ਮ: 5, ਪੰ. 383)

*'ਭਾਣੇ' ਸੰਬੰਧੀ ਵਧੇਰੇ ਜਾਣਕਾਰੀ ਲਈ ਦੇਖੋ ਹਜ਼ੂਰ ਮਹਾਰਾਜ ਸਾਵਣ ਸਿੰਘ ਰਚਿਤ ਗੁਰਮਤਿ ਸਿੱਧਾਂਤ ਭਾਗ ਪਹਿਲਾ, ਪ੍ਰਕਰਣ ਪਹਿਲਾ ਵਿੱਚ ਪ੍ਰਸੰਗ: ਹੁਕਮ, ਭਾਣਾ।

ਤਨ, ਮਨ, ਧਨ ਦੀ ਸੇਵਾ ਕਰ ਲੈਣਾ ਆਸਾਨ ਹੈ। ਕਿਸੇ ਹੱਦ ਤਕ ਨਾਮ ਦੀ ਕਮਾਈ ਕਰ ਲੈਣਾ ਵੀ ਆਸਾਨ ਹੈ, ਪਰ ਮਾਲਿਕ ਜਾਂ ਸਤਿਗੁਰੂ ਦੇ ਭਾਣੇ ਵਿੱਚ ਆਉਣਾ ਬਹੁਤ ਕਠਿਨ ਹੈ। ਇਹ ਅਵਸਥਾ ਪੂਰਨ ਗੁਰਮੁਖਾਂ ਨੂੰ ਹੀ ਪ੍ਰਾਪਤ ਹੁੰਦੀ ਹੈ। ਗੁਰੂ ਸਾਹਿਬਾਨ ਨੇ, ਸੂਫ਼ੀ ਫ਼ਕੀਰਾਂ ਨੇ, ਮਾਲਿਕ ਦੇ ਭਗਤਾਂ-ਪਿਆਰਿਆਂ ਨੇ ਮਾਲਿਕ ਦੇ ਪਿਆਰ ਵਿੱਚ ਭਾਣੇ ਦੀ ਪਰਵਾਨਗੀ ਦੀਆਂ ਜ਼ਿੰਦਾ ਮਿਸਾਲਾਂ ਬਣ ਕੇ ਦਿਖਾਇਆ। ਭਾਣਾ ਮੰਨਣਾ ਨਿਰਬਲ ਹਿਰਦੇ ਦੀ ਖੇਡ ਨਹੀਂ। ਕੇਵਲ ਸੱਚੇ ਸੂਰਬੀਰ, ਸੱਚੇ ਭਗਤ, ਸੱਚੇ ਪ੍ਰੇਮੀ ਹੀ ਪਰਮੇਸ਼ਰ ਦੇ ਭਾਣੇ ਵਿੱਚ ਆਉਂਦੇ ਹਨ। ਜੀਵ ਅਦ੍ਰਿਸ਼ਟ ਵਾਹਿਗੁਰੂ ਦੇ ਭਾਣੇ ਤੋਂ ਨਾਵਾਕਫ਼ ਹੈ। ਭਾਣੇ ਵਿੱਚ ਰਹਿਣ ਦੀ ਜੁਗਤੀ ਅਤੇ ਸਮਰੱਥਾ ਜੀਵ ਨੂੰ ਕਿਸੇ ਪੂਰਨ ਪਰਮ-ਮਨੁੱਖ ਦੀ ਸ਼ਰਨ ਵਿੱਚ ਜਾ ਕੇ ਪ੍ਰਾਪਤ ਹੁੰਦੀ ਹੈ, ਸਤਿਗੁਰੂ ਦੇ ਭਾਣੇ ਵਿੱਚ ਆਉਣਾ ਹੀ ਅਕਾਲਪੁਰਖ ਦੇ ਭਾਣੇ ਵਿੱਚ ਆਉਣਾ ਹੈ।

1. ਸਤਿਗੁਰ ਕੇ ਭਾਣੈ ਜੋ ਚਲੈ ਤਿਸੁ ਵਡਿਆਈ ਵਡੀ ਹੋਇ ॥
   ਹਰਿ ਕਾ ਨਾਮੁ ਉਤਮੁ ਮਨਿ ਵਸੈ ਮੇਟਿ ਨ ਸਕੈ ਕੋਇ ॥ (ਮ: 3—90)
2. ਸਤਿਗੁਰ ਕੈ ਭਾਣੈ ਭੀ ਚਲਹਿ ਤਾ ਦਰਗਹ ਪਾਵਹਿ ਮਾਣੁ ॥
   ਨਾਨਕ ਜਿ ਨਾਮੁ ਨ ਚੇਤਨੀ ਤਿਨ ਧਿਗੁ ਪੈਨਣੁ ਧਿਗੁ ਖਾਣੁ ॥ (ਮ: 3—646)
3. ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ ॥
   ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ ॥ (ਮ: 3—601)
4. ਸਤਿਗੁਰ ਕੇ ਭਾਣੈ ਜੋ ਚਲੈ ਤਿਪਤਾਸੈ ਹਰਿ ਗੁਣ ਗਾਇ ॥
   ਧਨੁ ਧਨੁ ਕਲਜੁਗਿ ਨਾਨਕਾ ਜਿ ਚਲੇ ਸਤਿਗੁਰ ਭਾਇ ॥ (ਮ: 3—1414)
5. ਸਤਿਗੁਰ ਕੇ ਭਾਣੈ ਜੋ ਚਲੈ ਤਿਨ ਦਾਲਦੁ[1] ਦੁਖ ਲਹਿ ਜਾਇ ॥
   ਆਪਣੈ ਭਾਣੈ ਕਿਨੈ ਨ ਪਾਇਓ ਜਨ [2]ਵੇਖਹੁ ਮਨਿ ਪਤੀਆਇ ॥ (1313)
6. ਸਤਿਗੁਰੁ [3]ਬੋਹਿਥੁ ਹਰਿਨਾਵ ਹੈ ਕਿਤੁ ਬਿਧਿ ਚੜਿਆ ਜਾਇ ॥
   ਸਤਿਗੁਰ ਕੈ ਭਾਣੈ ਜੋ ਚਲੈ ਵਿਚਿ ਬੋਹਿਥ ਬੈਠਾ ਆਇ ॥ (ਮ: 4—40)
7. ਇਹੁ ਜਗਤੁ ਮਮਤਾ ਮੁਆ ਜੀਵਣ ਕੀ ਬਿਧਿ ਨਾਹਿ ॥
   ਗੁਰ ਕੈ ਭਾਣੈ ਜੋ ਚਲੈ ਤਾਂ ਜੀਵਣ ਪਦਵੀ ਪਾਹਿ ॥ (ਮ: 3—508)
8. ਜਿਨ ਸਤਿਗੁਰ ਕਾ ਭਾਣਾ ਮੰਨਿਆ [4]ਤਿਨ ਚੜੀ ਚਵਗਣਿ ਵੰਨੇ ॥
   ਇਹ ਚਾਲ ਨਿਰਾਲੀ ਗੁਰਮੁਖੀ ਗੁਰਦੀਖਿਆ ਸੁਣਿ ਮਨੁ ਭਿੰਨੇ ॥ (ਮ:4,314)
9. ਸਦਾ ਸੁਹਾਗਣਿ ਜਿ ਹੁਕਮੈ ਬੁਝੈ ਸਤਿਗੁਰੁ ਸੇਵੈ ਲਿਵ ਲਾਏ ॥
   ਨਾਨਕ ਕ੍ਰਿਪਾ ਕਰੇ ਜਿਨ ਊਪਰਿ ਤਿਨਾ ਹੁਕਮੈ ਲਏ ਮਿਲਾਏ ॥ (ਮ:4,1423)

1. ਦਲਿੱਦਰ 2. ਮਨ ਨੂੰ ਸਮਝਾ ਕੇ ਦੇਖ ਲਵੋ 3. ਜਹਾਜ਼ 4. ਉਨ੍ਹਾਂ ਨੂੰ ਚੌਗੁਣਾ ਰੰਗ ਚੜ੍ਹ ਗਿਆ।

ਆਸਣ

ਆਸਣ ਦਾ ਭਾਵ ਸਰੀਰ ਨੂੰ ਖ਼ਾਸ ਸਮੇਂ ਲਈ ਖ਼ਾਸ ਹਾਲਤ ਵਿੱਚ ਰੱਖਣ ਦਾ ਹੈ। ਹਠ-ਯੋਗ ਦੇ ਅਨੇਕ ਆਸਣਾਂ ਵਿਚੋਂ 84 (ਚੌਰਾਸੀ) ਆਸਣ ਪ੍ਰਸਿੱਧ ਹਨ। ਇਹ ਆਸਣ ਲਾਉਣ ਦੇ ਕਈ ਲਾਭ ਹਨ : ਫੁਰਤੀ, ਤੰਦਰੁਸਤੀ ਪ੍ਰਾਪਤ ਹੁੰਦੀ ਹੈ, ਕਮਜ਼ੋਰੀਆਂ ਅਤੇ ਬੀਮਾਰੀਆਂ ਦੂਰ ਹੁੰਦੀਆਂ ਹਨ, ਸਰੀਰ ਸੰਜਮ ਵਿੱਚ ਰਹਿੰਦਾ ਹੈ, ਸਰੀਰ ਅਤੇ ਦਿਮਾਗ਼ ਦੀ ਸਫ਼ਾਈ ਹੁੰਦੀ ਹੈ ਅਤੇ ਸੋਚ-ਸ਼ਕਤੀ ਬਲਵਾਨ ਹੁੰਦੀ ਹੈ। ਪਰੰਤੂ ਬਿਨਾਂ ਕਿਸੇ ਨਿਪੁੰਨ ਸਿਖਲਾਈ ਦੇਣ ਵਾਲੇ ਦੇ ਇਹ ਆਸਣ ਅਨੇਕ ਪ੍ਰਕਾਰ ਦੇ ਸਰੀਰਕ ਅਤੇ ਮਾਨਸਿਕ ਰੋਗਾਂ ਦਾ ਕਾਰਨ ਵੀ ਬਣ ਸਕਦੇ ਹਨ।

ਯੋਗ ਅਭਿਆਸ ਦੇ ਪ੍ਰਚੱਲਿਤ ਅੱਠ ਸਾਧਨਾਂ ਵਿੱਚੋਂ ਤੀਸਰਾ ਸਾਧਨ ਆਸਣ ਹੈ। ਥਿਰ, ਅਡੋਲ ਆਸਣ ਵਿੱਚ ਬੈਠ ਕੇ ਅਭਿਆਸ ਕਰਨ ਨਾਲ ਇਕਾਗਰਤਾ ਪ੍ਰਾਪਤੀ ਵਿੱਚ ਭਾਰੀ ਸਹਾਇਤਾ ਮਿਲਦੀ ਹੈ। ਪਰੰਤੂ ਸਿਰਫ਼ ਆਸਣ ਹੀ ਸਭ ਕੁਝ ਨਹੀਂ ਹੈ। ਹਠ-ਯੋਗ ਦੇ ਆਸਣਾਂ ਨਾਲ ਨਾ ਵਿਕਾਰਾਂ ਦਾ ਨਾਸ ਹੁੰਦਾ ਹੈ, ਨਾ ਹੀ ਮਨ ਦੀਆਂ ਮੈਲਾਂ ਉਤਰਦੀਆਂ ਹਨ। ਇਹ ਕੇਵਲ ਬਾਹਰਲੇ ਸਰੀਰਕ ਸਾਧਨ ਹਨ, ਜਿਨ੍ਹਾਂ ਨਾਲ ਸੰਸਾਰ ਸਾਗਰ ਨੂੰ ਪਾਰ ਕਰਨਾ ਅਸੰਭਵ ਹੈ।

ਸੁਰਤਿ-ਸ਼ਬਦ-ਯੋਗ ਦੇ ਅਭਿਆਸੀ ਸਿਮਰਨ, ਧਿਆਨ ਅਤੇ ਸ਼ਬਦ ਧੁਨ ਰਾਹੀਂ ਪ੍ਰਭੂ ਪ੍ਰਾਪਤੀ ਦੀ ਸਾਧਨਾ ਕਰਦੇ ਹਨ। ਇਸ ਅਭਿਆਸ ਵਿੱਚ ਸਫਲਤਾ ਵਾਸਤੇ ਉਹ ਬਹੁਤ ਸਰਲ, ਸਹਿਲ ਅਤੇ ਸੁਭਾਵਿਕ ਆਸਣ ਅਪਣਾਉਂਦੇ ਹਨ। ਆਸਣ ਵਿੱਚ ਕਮਰ ਸਿੱਧੀ ਰਹਿਣੀ ਚਾਹੀਦੀ ਹੈ ਕਿਉਂਕਿ ਰੀੜ੍ਹ ਦੀ ਹੱਡੀ ਸਿੱਧੀ ਰਹਿਣ ਨਾਲ ਇਕਾਗਰਤਾ ਪ੍ਰਾਪਤੀ ਵਿੱਚ ਸਹਾਇਤਾ ਮਿਲਦੀ ਹੈ। ਅੱਖਾਂ ਬੰਦ ਕਰ ਕੇ ਧਿਆਨ ਅੱਖਾਂ ਤੋਂ ਉਪਰ ਤੀਸਰੇ ਤਿਲ ਵਿੱਚ ਰੱਖਣਾ ਚਾਹੀਦਾ ਹੈ। ਸਰੀਰ ਦੇ ਕਿਸੇ ਭਾਗ ਉੱਤੇ ਦਬਾਅ-ਖਿਚਾਅ ਨਹੀਂ ਪੈਣਾ ਚਾਹੀਦਾ। ਸਰੀਰ ਨਾ ਆਕੜਿਆ ਹੋਣਾ ਚਾਹੀਦਾ ਹੈ, ਤੇ ਨਾ ਹੀ ਢਿੱਲਾ। ਅੱਖਾਂ ਜਾਂ ਮੱਥੇ ਉੱਤੇ ਕੋਈ ਦਬਾਅ ਨਹੀਂ ਪਾਉਣਾ ਚਾਹੀਦਾ, ਕਿਉਂਕਿ ਅੰਦਰ ਦੇਖਣ ਦਾ ਕੰਮ ਆਤਮਾ ਦੀ ਸ਼ਕਤੀ ਨਿਰਤ ਨੇ ਕਰਨਾ ਹੈ, ਬਾਹਰਲੀਆਂ ਅੱਖਾਂ ਨੇ ਨਹੀਂ।

ਆਸਣ ਦ੍ਰਿੜ੍ਹ ਤੇ ਅਡੋਲ ਹੋਣਾ ਚਾਹੀਦਾ ਹੈ, ਕਿਉਂਕਿ ਬਾਰ-ਬਾਰ ਹਿੱਲਦੇ-ਜੁੱਲਦੇ ਰਹਿਣ ਨਾਲ ਇਕਾਗਰਤਾ ਭੰਗ ਹੁੰਦੀ ਹੈ। ਆਸਣ ਵਿੱਚ ਬੈਠੇ ਵਿਅਕਤੀ ਨੂੰ ਸਾਵਧਾਨ ਰਹਿਣਾ ਚਾਹੀਦਾ ਹੈ ਅਤੇ ਆਸਣ ਐਸਾ ਨਹੀਂ ਹੋਣਾ ਚਾਹੀਦਾ ਜਿਸ ਵਿੱਚ ਨੀਂਦ ਆਉਣ ਦੀ ਸੰਭਾਵਨਾ ਹੋਵੇ। ਅਡੋਲ ਆਸਣ ਵਿੱਚ ਇਕ-

ਮਨ, ਇੱਕ-ਚਿੱਤ ਹੋ ਕੇ ਸਤਿਗੁਰੂ ਦੁਆਰਾ ਦੱਸੀ ਜੁਗਤੀ ਅਨੁਸਾਰ ਸਿਮਰਨ ਜਾਂ ਧਿਆਨ ਕਰਨਾ ਚਾਹੀਦਾ ਹੈ ਅਤੇ ਸ਼ਬਦ ਧੁਨ ਨੂੰ ਸੁਣਨਾ ਚਾਹੀਦਾ ਹੈ। ਹਰ ਅਭਿਆਸੀ ਆਪਣੀ ਸਿਹਤ, ਸ਼ਕਤੀ, ਸਹੂਲਤ, ਰੁਚੀ, ਵਾਤਾਵਰਣ ਮੁਤਾਬਿਕ ਕੋਈ ਸੁਖੈਣ, ਆਰਾਮ-ਦੇਹ ਆਸਣ ਚੁਣ ਸਕਦਾ ਹੈ, ਪਰ ਚੁਣੇ ਹੋਏ ਆਸਣ ਵਿੱਚ ਥਿਰ, ਅਡੋਲ ਰਹਿ ਕੇ ਭਜਨ-ਸਿਮਰਨ ਕਰਨਾ ਚਾਹੀਦਾ ਹੈ।

ਗੁਰਬਾਣੀ ਵਿੱਚ ਅਕਾਲ-ਪੁਰਖ ਦੇ ਨਿਹਚਲ, ਅਡੋਲ, ਸਹਿਜ ਆਸਣ ਦਾ ਜ਼ਿਕਰ ਵੀ ਆਇਆ ਹੈ। ਉਹ ਸਹਿਜ ਆਸਣ ਹੀ ਸੱਚਾ ਅਬਿਨਾਸ਼ੀ ਆਸਣ ਹੈ। ਪੂਰੇ ਸਤਿਗੁਰੂ ਦੀ ਦੱਸੀ ਹੋਈ ਜੁਗਤੀ ਅਨੁਸਾਰ ਅਭਿਆਸ ਕਰ ਕੇ ਅਕਾਲਪੁਰਖ ਵਿੱਚ ਅਭੇਦ ਹੋ ਕੇ ਉਹ ਅਡੋਲ ਅਵੱਸਥਾ ਪ੍ਰਾਪਤ ਕਰਨਾ ਹਰ ਅਭਿਆਸੀ ਦਾ ਆਦਰਸ਼ ਹੈ।

1. ਜੋਗੀ ਤ ਆਸਣੁ ਕਰਿ ਬਹੈ ਮੁਲਾ ਬਹੈ ਮੁਕਾਮਿ[1] ॥
ਪੰਡਿਤ ਵਖਾਣਹਿ ਪੋਥੀਆ ਸਿਧ ਬਹਹਿ [2]ਦੇਵਸਥਾਨਿ ॥ (ਮ: 1—64)

2. ਸਿਧਾ ਕੇ ਆਸਣ ਜੇ ਸਿਖੈ ਇੰਦ੍ਰੀ ਵਸਿ ਕਰਿ ਕਮਾਇ ॥
ਮਨ ਕੀ ਮੈਲੁ ਨ ਉਤਰੈ ਹਉਮੈ ਮੈਲੁ ਨ ਜਾਇ ॥ (ਮ: 3—558)

3. ਆਸਣ ਸਿਧ ਸਿਖਹਿ ਬਹੁਤੇਰੇ ਮਨਿ ਮਾਗਹਿ ਰਿਧਿ ਸਿਧਿ ਚੇਟਕ ਚੇਟਕਈਆ ॥
ਤ੍ਰਿਪਤਿ ਸੰਤੋਖੁ ਮਨਿ ਸਾਂਤਿ ਨ ਆਵੈ
ਮਿਲਿ ਸਾਧੂ ਤ੍ਰਿਪਤਿ ਹਰਿਨਾਮਿ ਸਿਧਿ ਪਈਆ ॥ (ਮ: 4—835)

4. [3]ਧਿਆਨ ਕਾ ਕਰਿ ਡੰਡਾ ਜੋਗੀ ਸਿੰਙੀ ਸੁਰਤਿ ਵਜਾਈ ॥
ਮਨੁ ਦ੍ਰਿੜੁ ਕਰਿ ਆਸਣਿ ਬੈਸੁ ਜੋਗੀ ਤਾ ਤੇਰੀ ਕਲਪਣਾ ਜਾਈ ॥ (ਮ:3,908)

5. [4]ਜਹ ਭਉ ਨਾਹੀ ਤਹਾ ਆਸਨੁ ਬਾਧਿਓ ਸਿੰਗੀ ਅਨਹਤ ਬਾਨੀ ॥
ਤਤੁ ਬੀਚਾਰੁ ਡੰਡਾ ਕਰਿ ਰਾਖਿਓ ਜੁਗਤਿ ਨਾਮੁ ਮਨਿ ਭਾਨੀ ॥ (ਮ: 5—208)

6. [5]ਸਿਵ ਨਗਰੀ ਮਹਿਆ ਸਣਿ ਬੈਸਉ ਕਲਪ ਤਿਆਗੀ ਬਾਦੰ ॥

---

1. ਬੰਦਗੀ ਕਰਨ ਵਾਲੀ ਜਗ੍ਹਾ 2. ਦੇਵਤਿਆਂ ਦੇ ਮੰਦਿਰ 3. ਧਿਆਨ ਦਾ ਡੰਡਾ ਹੋਵੇ; ਭਾਵ ਮਨ ਨੂੰ ਬਾਹਰ ਜਾਣ ਤੋਂ ਰੋਕਣ ਲਈ ਧਿਆਨ ਨੂੰ ਡੰਡੇ ਦੇ ਤੌਰ ਤੇ ਵਰਤਿਆ ਜਾਵੇ; ਬਾਹਰਲੀ ਸਿੰਙੀ ਦੀ ਥਾਂ ਸੁਰਤਿ ਨੂੰ ਅੰਦਰ ਅਨਹਦ ਸ਼ਬਦ ਦੀ ਸਿੰਙੀ ਸੁਣਨ ਵਿੱਚ ਲਾਇਆ ਜਾਵੇ ਅਤੇ ਮਨ ਨੂੰ ਨਿਹਚਲ ਕਰਨ ਦਾ ਦ੍ਰਿੜ ਆਸਣ ਅਪਣਾਇਆ ਜਾਵੇ, ਤਾਂ ਸੰਕਲਪ-ਵਿਕਲਪ ਦੂਰ ਹੋ ਸਕਦੇ ਹਨ ਅਤੇ ਰੂਹਾਨੀ ਤਰੱਕੀ ਹੋ ਸਕਦੀ ਹੈ 4. ਕਹਿ ਰਹੇ ਹਨ ਕਿ ਸੁਰਤਿ ਨੂੰ ਉੱਚੇ ਅਧਿਆਤਮਿਕ ਮੰਡਲ, ਜਿੱਥੇ ਕੋਈ ਸੰਸਾ-ਭਉ ਨਹੀਂ ਹੈ, ਉੱਤੇ ਲਿਜਾ ਕੇ ਅਨਹਦ ਬਾਣੀ ਦੀ ਸਿੰਙੀ ਸੁਣੋ 5. ਉੱਚੇ ਅਧਿਆਤਮਿਕ ਮੰਡਲ ਵਿੱਚ ਧਿਆਨ ਲਾਉਂਦਾ ਹਾਂ, ਜਿੱਥੇ ਸੰਕਲਪ-ਵਿਕਲਪ, ਵਾਦ-ਵਿਵਾਦ ਦਾ ਦਖ਼ਲ ਨਹੀਂ; ਭਾਵ ਨਿਰਵਿਕਲਪ ਸਮਾਧੀ ਲਾਉਂਦਾ ਹਾਂ।

[6]ਸਿੰਙੀ ਸਬਦੁ ਸਦਾ ਧੁਨਿ ਸੋਹੈ ਅਹਿਨਿਸਿ ਪੂਰੈ ਨਾਦੇ ॥ (ਮ: 1—360)

7. ਸਿਵ ਨਗਰੀ ਮਹਿ ਆਸਣੁ ਅਉਧੂ[7] ਅਲਖੁ ਅਗੰਮੁ ਅਪਾਰੀ ॥
ਕਾਇਆ ਨਗਰੀ ਇਹੁ ਮਨੁ ਰਾਜਾ ਪੰਚ ਵਸਹਿ ਵੀਚਾਰੀ ॥
ਸਬਦਿ ਰਵੈ ਆਸਣਿ ਘਰਿ ਰਾਜਾ ਅਦਲੁ[8] ਕਰੇ ਗੁਣਕਾਰੀ ॥
ਕਾਲੁ ਬਿਕਾਲੁ ਕਹੇ ਕਹਿ ਬਪੁਰੇ[9] ਜੀਵਤ ਮੂਆ ਮਨੁ ਮਾਰੀ ॥ (ਮ: 1—907)

8. ਸਿਵ ਨਗਰੀ ਮਹਿ ਆਸਣਿ ਬੈਸੈ ਗੁਰ ਸਬਦੀ ਜੋਗੁ ਪਾਈ ॥
[10]ਧਾਤੁਰਬਾਜੀ ਸਬਦਿ ਨਿਵਾਰੇ ਨਾਮੁ ਵਸੈ ਮਨਿ ਆਈ ॥ (ਮ: 1—909)

9. ਹਰਿ ਦਰੁ ਸੇਵੇ ਅਲਖ[11] ਅਭੇਵੈ[12] ਨਿਹਚਲੁ ਆਸਣੁ ਪਾਇਆ ॥
ਤਹ ਜਨਮ ਨ ਮਰਣੁ ਨ ਆਵਣ ਜਾਣਾ ਸੰਸਾ ਦੂਖੁ ਮਿਟਾਇਆ ॥(ਮ: 5—79)

10. ਬੂਝੀ ਤ੍ਰਿਸਨਾ ਸਹਜਿ ਸੁਹੇਲਾ ਕਾਮੁ ਕ੍ਰੋਧੁ ਬਿਖੁ[13] ਜਾਰੋ ॥
ਆਇ ਨ ਜਾਇ ਬਸੈ ਇਹ ਠਾਹਰ[14] ਜਹ ਆਸਨ ਨਿਰੰਕਾਰੋ ॥(ਮ: 5—1215)

11. ਗੁਰ ਬਚਨਾਤਿ ਕਮਾਤ ਕ੍ਰਿਪਾ ਤੇ ਬਹੁਰਿ ਨ ਕਤਹੂ ਧਾਇਓ ॥
ਰਹਤ ਉਪਾਧਿ[15] ਸਮਾਧਿ ਸੁਖ ਆਸਨ ਭਗਤਿ ਵਛਲੁ ਗ੍ਰਿਹਿ ਪਾਇਓ ॥1214

12. ਆਸਣਿ ਬੈਸਣਿ ਥਿਰੁ ਨਾਰਾਇਣੁ ਐਸੀ ਗੁਰਮਤਿ ਪਾਏ ॥
ਗੁਰਮੁਖਿ ਬੂਝੈ ਆਪੁ ਪਛਾਣੈ ਸਚੇ ਸਚਿ ਸਮਾਏ ॥ (ਮ: 1–938)

13. ਆਸਣਿ ਬੈਸਣਿ ਥਿਰੁ ਨਾਰਾਇਣੁ ਤਿਤੁ ਮਨੁ ਰਾਤਾ ਵੀਚਾਰੇ ॥
ਨਾਨਕ ਨਾਮਿ ਰਤੇ ਬੈਰਾਗੀ ਅਨਹਦ ਰੁਣਝੁਣਕਾਰੇ ॥ (ਮ: 1—436)

14. ਮਿਲਿਆ ਹੋਇ ਨ ਵਿਛੁੜੈ ਜਿਸੁ ਅੰਤਰਿ ਜੋਤਿ ਅਪਾਰ ॥
ਸਚੇ ਆਸਣਿ ਸਚਿ ਰਹੈ ਸਚੈ ਪ੍ਰੇਮ ਪਿਆਰ ॥ (ਮ: 5—56)

15. ਹਉਮੈ ਮਮਤਾ ਲੋਭ ਬਿਨਾਸਨੁ ॥ [16]ਨਉ ਦਰ ਮੁਕਤੇ ਦਸਵੈ ਆਸਨੁ ॥
ਊਪਰਿ ਪਰੈ ਪਰੈ ਅਪਰੰਪਰੁ ਜਿਨਿ ਆਪੇ ਆਪੁ ਉਪਾਇਆ ॥(ਮ: 1—1040)

16. ਅਨਹਦੁ ਵਾਜ ਸਹਜਿ ਸੁਹੇਲਾ ਸਬਦਿ ਅਨੰਦ ਕਰੇ ਸਦ [17]ਕੇਲਾ ॥
ਸਹਜ ਗੁਫਾ ਮਹਿ ਤਾੜੀ[18] ਲਾਈ ਆਸਣੁ ਊਚ ਸਵਾਰਿਆ ਜੀਉ ॥ (97)

17. ਸਹਜ ਗੁਫਾ ਮਹਿ ਆਸਣੁ ਬਾਧਿਆ ॥
ਜੋਤਿ ਸਰੂਪ ਅਨਾਹਦੁ ਵਾਜਿਆ ॥ (ਮ: 5—370)

---

6. ਅਹਿਨਿਸ=ਦਿਨ ਰਾਤ; ਉਥੇ ਦਿਨ-ਰਾਤ, ਹਮੇਸ਼ਾ ਸ਼ਬਦ ਦੀ ਸਿੰਙੀ ਵੱਜ ਰਹੀ ਹੈ, ਸ਼ਬਦ ਦਾ ਨਾਦ ਪੂਰਿਆ ਜਾ ਰਿਹਾ ਹੈ 7. ਜੋਗੀਆਂ ਨੂੰ ਸੰਬੋਧਨ ਕਰ ਰਹੇ ਹਨ 8. ਇਨਸਾਫ਼ 9. ਵਿਚਾਰੇ 10. ਮਾਇਆ ਦੀ ਖੇਡ ਦਾ ਪ੍ਰਭਾਵ ਸ਼ਬਦ ਨਾਲ ਦੂਰ ਹੁੰਦਾ ਹੈ 11. ਜੋ ਲਖਿਆ ਨਹੀਂ ਜਾ ਸਕਦਾ 12. ਜਿਸ ਦਾ ਭੇਦ ਨਹੀਂ ਪਾਇਆ ਜਾ ਸਕਦਾ 13. ਜ਼ਹਿਰ 14. ਸਥਾਨ 15. ਸੰਸੇ ਦੇ ਦੁੱਖ 16. ਨੌਂ ਦਰ ਬੰਦ ਕਰ ਕੇ ਸੁਰਤਿ ਨੂੰ ਦਸਵੇਂ ਦਰ ਵਿੱਚ ਲਿਆ ਕੇ ਥਿਰ ਕਰੇ 17. ਖ਼ੁਸ਼ੀ, ਅਨੰਦ 18. ਸਮਾਧੀ ।

18. [19]ਆਸਨੁ ਪਵਨ ਦੂਰਿ ਕਰਿ ਬਵਰੇ ॥
ਛੋਡਿ ਕਪਟੁ ਨਿਤ ਹਰਿ ਭਜੁ ਬਵਰੇ ॥ (ਕਬੀਰ, 856)

19. ਚਲਚਿਤ ਜੋਗੀ ਆਸਣੁ ਤੇਰਾ ॥ ਸਿੰਙੀ ਵਾਜੈ ਨਿਤ ਉਦਾਸੇਰਾ ॥
ਗੁਰ ਗੋਰਖ ਕੀ ਤੈ ਬੂਝ ਨ ਪਾਈ ॥ ਫਿਰਿ ਫਿਰਿ ਜੋਗੀ ਆਵੈ ਜਾਈ ॥ (886)

20. [20]ਮਨੁ ਦ੍ਰਿੜੁ ਕਰਿ ਆਸਣਿ ਬੈਸੁ ਜੋਗੀ ਤਾ ਤੇਰੀ ਕਲਪਣਾ ਜਾਈ ॥
[21]ਕਾਇਆ ਨਗਰੀ ਮਹਿ ਮੰਗਣਿ ਚੜਹਿ ਜੋਗੀ ਤਾ ਨਾਮੁ ਪਲੈ ਪਾਈ ॥(908)

ਸਿਮਰਨ

'ਸਿਮਰਨ' 'ਸੁਮਰਨ' ਤੋਂ ਬਣਿਆ ਹੈ, ਜਿਸ ਦਾ ਅਰਥ ਹੈ 'ਯਾਦ ਕਰਨਾ'। ਕਿਸੇ ਨੂੰ ਬਾਰ-ਬਾਰ ਯਾਦ ਕਰਨਾ, ਉਸ ਬਾਰੇ ਬਾਰ-ਬਾਰ ਸੋਚਣਾ ਉਸ ਦਾ ਸਿਮਰਨ ਕਰਨਾ ਹੈ। ਆਮ ਪਰਮਾਰਥੀ ਭਾਸ਼ਾ ਵਿੱਚ ਕਿਸੇ ਮੰਤਰ ਜਾਂ ਨਾਮ ਦਾ ਬਾਰ-ਬਾਰ ਜਪਣਾ ਸਿਮਰਨ ਕਹਾਉਂਦਾ ਹੈ।

ਸਿਮਰਨ ਮਨ ਦਾ ਸੁਭਾਵਿਕ ਖਾਸਾ ਹੈ, ਅਸੀਂ ਪਲ-ਪਲ ਕਿਸੇ ਨਾ ਕਿਸੇ ਚੀਜ਼ ਦਾ ਸਿਮਰਨ ਕਰਦੇ ਰਹਿੰਦੇ ਹਾਂ। ਜਿਸ ਚੀਜ਼ ਦਾ ਸਿਮਰਨ ਕਰਦੇ ਹਾਂ, ਉਸ ਨਾਲ ਸਾਡਾ ਪਿਆਰ ਹੋ ਜਾਂਦਾ ਹੈ ਅਤੇ ਉਸ ਦਾ ਸਿਮਰਨ ਕਰਦੇ-ਕਰਦੇ ਉਸੇ ਦਾ ਹੀ ਰੂਪ ਹੋ ਜਾਂਦੇ ਹਾਂ: 'ਜੈਸਾ ਸੇਵੈ ਤੈਸੋ ਹੋਵੈ' (ਮ: 1, ਪੰ. 224)। ਦੁਨੀਆਂ ਦੇ ਸ਼ਕਲਾਂ-ਪਦਾਰਥਾਂ ਦਾ ਸਿਮਰਨ ਇਨ੍ਹਾਂ ਨਾਲ ਬੰਨ੍ਹਦਾ ਹੈ, ਪਰਮੇਸ਼ਰ ਦੇ ਨਾਮ ਦਾ ਸਿਮਰਨ, ਪਰਮੇਸ਼ਰ ਨਾਲ ਮਿਲਾਪ ਕਰਨ ਵਿੱਚ ਸਹਾਇਤਾ ਦਿੰਦਾ ਹੈ। ਜਦ ਕਿਸੇ ਭੁੱਲੀ ਹੋਈ ਚੀਜ਼ ਨੂੰ ਬਾਰ-ਬਾਰ ਯਾਦ ਕਰਦੇ ਹਾਂ, ਤਾਂ ਉਹ ਯਾਦ ਆ ਜਾਂਦੀ ਹੈ। ਅਸੀਂ ਕੁਲ-ਮਾਲਕ ਨੂੰ ਅਤੇ ਆਪਣੇ ਨਿਜ-ਘਰ (ਸੱਚ-ਖੰਡ) ਨੂੰ ਭੁੱਲ ਚੁੱਕੇ ਹਾਂ। ਜਦ ਬਾਰ-ਬਾਰ ਇਨ੍ਹਾਂ ਦਾ ਸਿਮਰਨ ਕਰਦੇ ਹਾਂ ਤਾਂ ਇਨ੍ਹਾਂ ਦੀ ਯਾਦ ਆਉਂਦੀ ਹੈ। ਮਨ-ਆਤਮਾ ਇਨ੍ਹਾਂ ਵਲ ਪਲਟਦੇ ਹਨ; ਧਿਆਨ ਜਗਤ ਦੀ ਥਾਂ ਜਗਦੀਸ਼ਵਰ ਵਲ ਜਾਂਦਾ ਹੈ ਅਤੇ ਅਸੀਂ ਬਾਹਰ-ਮੁਖੀ ਦੀ ਥਾਂ ਅੰਤਰ-ਮੁਖੀ ਹੋ ਜਾਂਦੇ ਹਾਂ।

---

19. ਪਵਨ (ਹਵਾ) ਚੜ੍ਹਾਉਣ ਵਾਲਾ ਆਸਣ; ਕਹਿ ਰਹੇ ਹਨ ਹੇ ਮੂਰਖ! ਪ੍ਰਾਣਾਯਾਮ ਦੀ ਸਹਾਇਤਾ ਨਾਲ ਸਮਾਧੀ ਨਾ ਲਾ। ਇਹ ਕਪਟ-ਭਰੀ ਭਗਤੀ ਛੱਡ ਕੇ (ਨਾਮ ਦੀ ਕਮਾਈ ਦੀ) ਸੱਚੀ ਭਗਤੀ ਪਕੜ 20. ਹੇ ਜੋਗੀ! ਤੂੰ ਆਪਣੇ ਚੰਚਲ ਮਨ ਨੂੰ ਪੂਰੀ ਤਰ੍ਹਾਂ ਇਕਾਗਰ ਅਤੇ ਨਿਹਚਲ ਕਰੇਂ, ਤਾਂ ਸੰਕਲਪ-ਵਿਕਲਪ ਦੂਰ ਹੋ ਸਕਦੇ ਹਨ 21. ਬਾਹਰੋਂ ਭਿੱਖਿਆ ਮੰਗਣ ਦੀ ਥਾਂ ਅੰਦਰ ਦੇਹੀ-ਰੂਪੀ ਨਗਰੀ ਵਿੱਚ ਭਿੱਖਿਆ ਮੰਗ, ਤਾਂ ਤੈਨੂੰ ਨਾਮ ਦੀ ਦਾਤ ਪ੍ਰਾਪਤ ਹੋਵੇਗੀ।

ਸਿਮਰਨ ਪਰਮਾਤਮਾ ਦੇ ਨਾਂ ਜਾਂ ਗੁਰਮੰਤਰ ਦਾ ਕੀਤਾ ਜਾਂਦਾ ਹੈ। ਲੋਕ ਪਰਮਾਤਮਾ ਦੇ ਸਿਫ਼ਾਤੀ ਗੁਣਾਤਮਿਕ ਨਾਵਾਂ ਦਾ ਸਿਮਰਨ ਕਰਦੇ ਹਨ, ਪਰੰਤੂ ਗੁਰਮਤਿ ਵਿੱਚ ਸੰਤ-ਸਤਿਗੁਰੂ ਦੁਆਰਾ ਦੱਸੇ ਗਏ ਜ਼ਾਤੀ ਨਾਵਾਂ ਦਾ ਗੁਰਮੰਤਰ ਸਿਮਰਨ ਲਈ ਦਿੱਤਾ ਜਾਂਦਾ ਹੈ। ਸ਼ੁਰੂ ਵਿੱਚ ਇਹ ਸਿਮਰਨ ਜੀਭ ਨਾਲ ਵੀ ਕੀਤਾ ਜਾ ਸਕਦਾ ਹੈ ਪਰੰਤੂ ਅਸਲ ਵਿਧੀ ਮਨ ਜਾਂ ਸੁਰਤ ਦੀ ਜੀਭ ਨਾਲ ਸਿਮਰਨ ਕਰਨ ਦੀ ਹੈ। ਸਿਮਰਨ ਸਮੇਂ ਧਿਆਨ ਤੀਸਰੇ ਤਿਲ (ਦੋਹਾਂ ਭਰਵੱਟਿਆਂ ਦੇ ਵਿਚਕਾਰ ਅਤੇ ਉੱਪਰ) ਰੱਖਿਆ ਜਾਂਦਾ ਹੈ। ਇਸ ਤਰ੍ਹਾਂ ਵਿਧੀ-ਪੂਰਵਕ ਸਿਮਰਨ ਕਰਨ ਨਾਲ ਜੀਵ ਅਨੇਕਤਾ 'ਚੋਂ ਏਕਤਾ ਵਿੱਚ ਆਉਂਦਾ ਹੈ। ਮਨ-ਆਤਮਾ ਬਾਹਰਲੇ ਜਗਤ ਵਿੱਚੋਂ ਨਿਕਲ ਕੇ ਤੇ ਸਰੀਰ ਦੇ ਰੋਮ-ਰੋਮ 'ਚੋਂ ਸਿਮਟ ਕੇ ਤੀਸਰੇ ਤਿਲ ਉੱਤੇ ਪਹੁੰਚ ਜਾਂਦੇ ਹਨ। ਏਥੇ ਤੀਸਰੇ ਤਿਲ ਵਿੱਚ ਪਹੁੰਚ ਕੇ ਆਤਮਾ ਅਨਹੱਦ ਸ਼ਬਦ ਨੂੰ ਸੁਣਨਾ ਸ਼ੁਰੂ ਕਰ ਦਿੰਦੀ ਹੈ। ਇਹ ਅਜਪਾ-ਜਾਪ ਹੈ, ਜਿਸ ਨੂੰ ਸੁਰਤ ਦੁਆਰਾ ਕੀਤਾ ਜਾਣ ਵਾਲਾ ਸ਼ਬਦ ਦਾ ਸਿਮਰਨ ਕਿਹਾ ਜਾ ਸਕਦਾ ਹੈ। ਨਾਵਾਂ ਦਾ ਸਿਮਰਨ ਸਾਧਨ ਹੈ ਅਤੇ ਧੁਨਾਤਮਕ ਨਾਮ ਦੀ ਪ੍ਰਾਪਤੀ, ਇਸ ਦਾ ਮੰਤਵ ਹੈ। ਗੁਰੂ ਸਾਹਿਬ ਨੇ ਸੁਰਤਿ ਦੁਆਰਾ ਸੱਚਾ ਸ਼ਬਦ ਸੁਣਨ ਨੂੰ ਹੀ ਸੱਚਾ ਸਿਮਰਨ ਜਾਂ ਗੋਬਿੰਦ ਭਜਨ ਮੰਨਿਆ ਹੈ : 'ਗੋਬਿਦੁ ਗੋਬਿਦੁ ਕਹੈ ਦਿਨ ਰਾਤੀ ਗੋਬਿਦ ਗੁਣ ਸਬਦਿ ਸੁਣਾਵਣਿਆ ॥' (ਮ: 3, ਪੰ. 121)

ਗੁਰੂ ਨਾਨਕ ਸਾਹਿਬ ਨੇ 'ਜਪੁਜੀ' ਦੀਆ 'ਸੁਣੀਐ, ਮੰਨੀਐ' ਦੀਆਂ ਪੌੜੀਆਂ ਵਿੱਚ ਅਤੇ ਗੁਰੂ ਅਰਜਨ ਸਾਹਿਬ ਨੇ 'ਸੁਖਮਨੀ' ਦੀਆਂ ਪਹਿਲੀਆਂ ਤਿੰਨ ਅਸ਼ਟਪਦੀਆਂ ਵਿੱਚ ਨਾਮ ਦੇ ਇਸ ਤਰ੍ਹਾਂ ਦੇ ਉੱਚੇ-ਸੁੱਚੇ ਰੂਹਾਨੀ ਸਿਮਰਨ ਦੀ ਭਾਰੀ ਉਪਮਾ ਕੀਤੀ ਹੈ। ਇਹ ਸਿਮਰਨ ਜੰਮਣ-ਮਰਨ ਤੋਂ ਮੁਕਤ ਕਰਨ ਵਾਲਾ, ਲੋਕ-ਪਰਲੋਕ ਨੂੰ ਸੁਹੇਲਾ ਬਣਾਉਣ ਵਾਲਾ ਅਤੇ ਜੀਵ ਨੂੰ ਪਰਮੇਸ਼ਰ ਦੀ ਦਰਗਾਹ ਵਿੱਚ ਪਹੁੰਚਣ ਦੇ ਸਮਰਥ ਬਣਾਉਣ ਵਾਲਾ ਐਸਾ ਸੁਖਾਲਾ, ਕੁਦਰਤੀ ਸਾਧਨ ਹੈ, ਜੋ ਹਰ ਕੌਮ, ਮਜ਼ਬ, ਮੁਲਕ ਦਾ ਵਿਅਕਤੀ ਬਿਨਾ ਰੰਗ, ਨਸਲ, ਉਮਰ, ਅਕਲ, ਪਦਵੀ ਦੇ ਵਿਤਕਰੇ ਦੇ ਅਸਾਨੀ ਨਾਲ ਅਪਣਾ ਸਕਦਾ ਹੈ। ਇਹ ਸਰਬ-ਸਾਂਝਾ ਅੰਤਰ-ਮੁੱਖ ਸਾਧਨ ਹੈ।

ਸਿਮਰਨ ਕਰਦੇ ਸਮੇਂ ਖ਼ਿਆਲ ਬਾਰ-ਬਾਰ ਬਾਹਰ ਜਾਂਦਾ ਹੈ—ਜਾਂ ਇਉਂ ਕਹੋ ਕਿ ਮਨ ਜੀਵ ਨੂੰ ਸਿਮਰਨ ਵਿੱਚ ਨਹੀਂ ਲੱਗਣ ਦਿੰਦਾ। ਇਸ ਲਈ ਸਿਮਰਨ ਸਮੇਂ ਮਨ ਦੀ ਪੂਰੀ ਚੌਕੀਦਾਰੀ ਕਰਨੀ ਜ਼ਰੂਰੀ ਹੈ। ਸਿਮਰਨ ਸਾਵਧਾਨ, ਇਕਾਗਰ-ਚਿੱਤ ਹੋ ਕੇ, ਧਿਆਨ ਨੂੰ ਦੋਹਾਂ ਅੱਖਾਂ ਵਿਚਕਾਰ ਰੱਖ ਕੇ ਕਰਨਾ ਚਾਹੀਦਾ ਹੈ। ਅੰਦਰ ਸਤਿਗੁਰੂ ਦੇ ਸਰੂਪ ਉੱਤੇ ਧਿਆਨ ਜਮਾ ਕੇ ਸਿਮਰਨ ਕਰਨ ਨਾਲ ਸਰੀਰ

ਦੇ ਨੌਂ ਦੁਆਰੇ ਖ਼ਾਲੀ ਕਰਨ ਅਤੇ ਤੀਸਰੇ ਤਿਲ ਵਿੱਚ ਪਹੁੰਚ ਕੇ ਅਨਹਦ ਸ਼ਬਦ ਨਾਲ ਜੁੜਨ ਵਿੱਚ ਭਾਰੀ ਸਹਾਇਤਾ ਮਿਲਦੀ ਹੈ।

ਗੁਰੂ ਸਾਹਿਬਾਨ ਨੇ ਸਿਮਰਨ ਨੂੰ ਰੂਹਾਨੀਅਤ ਦੀ ਪ੍ਰਾਪਤੀ ਲਈ ਸਭ ਤੋਂ ਜ਼ਰੂਰੀ ਅੰਗ ਮੰਨਿਆ ਹੈ। ਗੁਰਬਾਣੀ ਵਿੱਚ 'ਊਠਤ ਬੈਠਤ ਸੋਵਤ ਜਾਗਤ ਸਾਸਿ ਸਾਸਿ ਸਾਸਿ ਹਰਿ ਜਪਨੇ (ਮ: 5, ਪੰ. 1298) ਦਾ ਉਪਦੇਸ਼ ਹੈ। ਸਿਮਰਨ ਰੂਹਾਨੀਅਤ ਦੇ ਅਮਲੀ ਕੋਰਸ ਜਾਂ ਸਾਧਨਾ ਦੀ ਨੀਂਹ ਹੈ। ਸਿਮਰਨ ਵਿੱਚ ਸਫਲਤਾ ਹੀ ਪਰਮਾਰਥ ਵਿੱਚ ਸਫ਼ਲਤਾ ਹੈ, ਕਿਉਂਕਿ ਧਿਆਨ ਦਾ ਪੱਕਣਾ ਅਤੇ ਸ਼ਬਦ ਦਾ ਪ੍ਰਾਪਤ ਹੋਣਾ, ਸਿਮਰਨ ਦੀ ਸਫਲਤਾ ਉੱਤੇ ਹੀ ਨਿਰਭਰ ਹੈ।

ਸਿਮਰਨ ਪੂਰੇ ਸਤਿਗੁਰੂ ਦੀ ਦੱਸੀ ਜੁਗਤੀ ਅਨੁਸਾਰ ਕਰਨਾ ਚਾਹੀਦਾ ਹੈ। ਸੰਤਾਂ ਦਾ ਕਮਾਇਆ ਹੋਇਆ ਸਿਮਰਨ ਜਲਦੀ ਫਲੀਭੂਤ ਹੁੰਦਾ ਹੈ, ਇਸ ਵਿੱਚ ਉਨ੍ਹਾਂ ਦੀ ਸ਼ਕਤੀ ਸ਼ਾਮਲ ਹੁੰਦੀ ਹੈ ਅਤੇ ਇਸ ਵਿੱਚ ਕਾਲ ਦੀ ਹਰ ਪ੍ਰਕਾਰ ਦੀ ਸ਼ਕਤੀ ਤੋਂ ਰੱਖਿਆ ਕਰਨ ਦੀ ਸਮਰੱਥਾ ਹੁੰਦੀ ਹੈ। ਮਨ-ਮਰਜ਼ੀ ਨਾਲ ਕੀਤਾ ਹੋਇਆ ਸਿਮਰਨ ਪਰਮੇਸ਼ਰ ਪ੍ਰਾਪਤੀ ਦਾ ਵਸੀਲਾ ਨਹੀਂ ਬਣ ਸਕਦਾ।

1. [1]ਤਜਹੁ ਸਿਆਨਪ ਸੁਰਿਜਨਹੁ ਸਿਮਰਹੁ ਹਰਿ ਹਰਿ ਰਾਇ ॥
   ਏਕ ਆਸ ਹਰਿ ਮਨਿ ਰਖਹੁ ਨਾਨਕ ਦੂਖੁ ਭਰਮੁ ਭਉ ਜਾਇ ॥(ਮ: 5—281)
2. ਸਿਮਰਿ ਸਿਮਰਿ ਸੁਆਮੀ ਪ੍ਰਭੁ ਅਪੁਨਾ ਨਿਕਟਿ ਨ ਆਵੈ ਜਾਮ[2] ॥
   ਮੁਕਤਿ ਬੈਕੁੰਠ ਸਾਧ ਕੀ ਸੰਗਤਿ ਜਨ ਪਾਇਓ ਹਰਿ ਕਾ ਧਾਮ ॥ (682)
3. ਸਿਮਰਿ ਸਿਮਰਿ ਸੁਆਮੀ ਪ੍ਰਭੁ ਅਪਨਾ ਸੀਤਲ ਤਨੁ ਮਨੁ ਛਾਤੀ ॥
   ਰੂਪ ਰੰਗ ਸੂਖ ਧਨੁ ਜੀਅ ਕਾ ਪਾਰਬ੍ਰਹਮ ਮੋਰੈ ਜਾਤੀ ॥ (ਮ: 5—681)
4. ਲਾਖ ਕੋਟਿ [3]ਬਿਖਿਆ ਕੇ ਬਿੰਜਨ ਤਾ ਮਹਿ ਤ੍ਰਿਸਨ ਨ ਬੂਝੀ ॥
   [4]ਸਿਮਰਤ ਨਾਮੁ ਕੋਟਿ ਉਜੀਆਰਾ ਬਸਤੁ ਅਗੋਚਰ ਸੂਝੀ ॥ (ਮ: 5—497)
5. ਆਨ ਅਚਾਰ ਬਿਉਹਾਰ ਹੈ ਜੇਤੇ ਬਿਨੁ ਹਰਿ ਸਿਮਰਨ ਫੋਕ ॥
   ਨਾਨਕ ਜਨਮ ਮਰਣ ਭੈ ਕਾਟੇ ਮਿਲਿ ਸਾਧੂ [5]ਬਿਨਸੇ ਸੋਕ ॥ (ਮ: 5—682)
6. ਸਾਸਿ ਸਾਸਿ ਨ ਘੜੀ ਵਿਸਰੇ ਪਲੁ ਮੂਰਤੁ ਦਿਨੁ ਰਾਤੇ ॥'
   ਨਾਨਕ ਸਾਰਿੰਗ[6] ਜਿਉ ਪਿਆਸੇ ਕਿਉ ਮਿਲੀਐ ਪ੍ਰਭ ਦਾਤੇ ॥ (ਮ: 5—247)

1. ਹੇ ਸੱਜਣ ਪੁਰਸ਼ੋ, ਆਪਣੇ ਮਨ ਦੀਆਂ ਚਤੁਰਾਈਆਂ ਛੱਡ ਕੇ ਪਰਮੇਸ਼ਰ ਦੇ ਸਿਮਰਨ ਵਿੱਚ ਲੱਗੋ 2. ਜਮ 3. ਮਾਇਆ ਦੇ ਜ਼ਹਿਰ ਭਰੇ ਖਾਣੇ 4. ਨਾਮ ਦੇ ਸਿਮਰਨ ਨਾਲ ਅੰਦਰ ਕਰੋੜਾਂ ਸੂਰਜਾਂ ਦਾ ਪ੍ਰਕਾਸ਼ ਹੋ ਗਿਆ ਅਤੇ ਅਗੋਚਰ ਪ੍ਰਭੂ ਪ੍ਰਾਪਤ ਹੋ ਗਿਆ 5. ਨਾਸ਼ ਹੋ ਗਏ 6. ਪਪੀਹਾ।

7. [7]ਦੁਖਹਰਣ ਦੀਨਸਰਣ ਸ੍ਰੀਧਰ ਚਰਨਕਮਲ ਅਰਾਧੀਐ ॥
[8]ਜਮ ਪੰਥੁ ਬਿਖੜਾ ਅਗਨਿ ਸਾਗਰੁ ਨਿਮਖ ਸਿਮਰਤ ਸਾਧੀਐ ॥(ਮ: 5—248)

8. ਜਿਸੁ ਸਿਮਰਤ ਸੰਕਟ ਛੁਟਹਿ ਅਨਦ ਮੰਗਲ ਬਿਸ੍ਰਾਮ ॥
ਨਾਨਕ ਜਪੀਐ ਸਦਾ ਹਰਿ [9]ਨਿਮਖ ਨ ਬਿਸਰਉ ਨਾਮੁ ॥ (ਮ: 5—320)

9. ਅੰਮ੍ਰਿਤ ਨਾਮੁ ਪਰਮੇਸੁਰ ਤੇਰਾ ਜੋ ਸਿਮਰੈ ਸੋ ਜੀਵੈ ॥
ਜਿਸ ਨੋ [10]ਕਰਮਿ ਪਰਾਪਤਿ ਹੋਵੈ ਸੋ ਜਨੁ ਨਿਰਮਲੁ ਥੀਵੈ ॥ (ਮ: 5—616)

10. ਜਾ ਕੈ ਸਿਮਰਣਿ ਹੋਇ ਅਨੰਦਾ ਬਿਨਸੈ ਜਨਮ ਮਰਣ ਭੈ ਦੁਖੀ ॥
[11]ਚਾਰਿ ਪਦਾਰਥ [12]ਨਵਨਿਧਿ ਪਾਵਹਿ ਬਹੁਰਿ ਨ ਤ੍ਰਿਸਨਾ ਭੁਖੀ ॥ (ਮ:5,617)

11. ਜਾ ਕੈ ਸਿਮਰਣਿ ਸਭੁ ਕਛੁ ਪਾਈਐ ਬਿਰਥੀ ਘਾਲ ਨ ਜਾਈ ॥
ਤਿਸੁ ਪ੍ਰਭ ਤਿਆਗਿ ਅਵਰ ਕਤ ਰਾਚਹੁ ਜੋ ਸਭ ਮਹਿ ਰਹਿਆ ਸਮਾਈ॥(ਓਹੀ)

12. ਜਪਿ ਮਨ ਸਤਿਨਾਮੁ ਸਦਾ ਸਤਿਨਾਮੁ ॥
[13]ਹਲਤਿ ਪਲਤਿ ਮੁਖ ਊਜਲ ਹੋਈ ਹੈ
ਨਿਤ ਧਿਆਈਐ ਹਰਿ ਪੁਰਖੁ ਨਿਰੰਜਨਾ ॥ (ਮ: 4—670)

13. ਛੋਡਿ ਸਿਆਨਪ ਬਹੁ ਚਤੁਰਾਈ ਦੁਇ ਕਰ ਜੋੜਿ ਸਾਧ ਮਗਿ[14] ਚਾਲੁ ॥
ਸਿਮਰਿ ਸੁਆਮੀ ਅੰਤਰਜਾਮੀ ਮਾਨੁਖ ਦੇਹ ਕਾ ਇਹੁ ਊਤਮ ਫਲੁ ॥ (717)

14. ਕਟੀਐ ਜਮਫਾਸੀ ਸਿਮਰਿ ਅਬਿਨਾਸੀ ਸਗਲ ਮੰਗਲ ਸੁਗਿਆਨਾ ॥
ਹਰਿ ਹਰਿ ਜਪੁ ਜਪੀਐ ਦਿਨੁ ਰਾਤੀ ਲਾਗੈ ਸਹਜਿ ਧਿਆਨਾ ॥(ਮ: 5—781)

15. ਭਵਜਲੁ[15] ਤਰਿਆ ਹਰਿ ਹਰਿ ਸਿਮਰਿਆ ਸਗਲ ਮਨੋਰਥ ਪੂਰੇ ॥
ਮਹਾ ਬਿਕਾਰ ਗਏ ਸੁਖ ਉਪਜੇ ਬਾਜੇ ਅਨਹਦ ਤੂਰੇ ॥ (ਮ: 5—781)

16. ਹਰਿ ਹਰਿ ਨਾਮੁ ਜਪਹਿ ਆਰਾਧਹਿ ਸੇਵਕ ਭਾਇ ਖਰੇ ॥
[16]ਕਿਲਬਿਖ ਦੋਖ ਗਏ ਸਭ ਨੀਕਰਿ ਜਿਉ ਪਾਨੀ ਮੈਲੁ ਹਰੇ ॥ (ਮ: 4—975)

17. ਅੰਤਰਿ ਗੁਰੂ ਆਰਾਧਣਾ ਜਿਹਵਾ ਜਪਿ ਗੁਰ ਨਾਉ ॥
ਨੇਤ੍ਰੀ ਸਤਿਗੁਰੁ ਪੇਖਣਾ ਸ੍ਰਵਣੀ ਸੁਨਣਾ ਗੁਰ ਨਾਉ ॥ (ਮ: 5—517)

18. ਜਾਪ ਤਾਪ ਕੋਟਿ ਲਖ ਪੂਜਾ ਹਰਿ ਸਿਮਰਣ ਤੁਲਿ ਨ ਲਾਇਣ ॥
ਦੁਇ ਕਰ ਜੋੜਿ ਨਾਨਕੁ ਦਾਨੁ ਮਾਗੈ ਤੇਰੇ ਦਾਸਨਿ ਦਾਸ ਦਸਾਇਣੁ ॥ (979)

---

7. ਪ੍ਰਭੂ ਨੂੰ ਵੱਖ-ਵੱਖ ਨਾਵਾਂ ਨਾਲ ਪੁਕਾਰ ਰਹੇ ਹਨ 8. ਜਮ ਦਾ ਮਾਰਗ ਅਗਨੀ ਦੇ ਸਾਗਰ ਵਾਂਗ ਕਠਿਨ ਹੈ, ਪਰ ਪਲ ਭਰ ਦੇ ਸਿਮਰਨ ਨਾਲ ਉਸ ਤੋਂ ਛੁਟਕਾਰਾ ਹੋ ਜਾਂਦਾ ਹੈ 9. ਪਲ ਭਰ ਲਈ ਵੀ ਹਰੀ ਦਾ ਨਾਮ ਨਹੀਂ ਭੁਲਾਉਣਾ ਚਾਹੀਦਾ 10 ਕਿਰਪਾ 11. ਧਰਮ, ਅਰਥ, ਕਾਮ ਮੋਕਸ਼ 12. ਨੌਂ ਨਿੱਧਾਂ, ਨੌਂ ਖ਼ਜ਼ਾਨੇ 13. ਦੀਨ-ਦੁਨੀਆਂ, ਲੋਕ-ਪਰਲੋਕ 14. ਮਾਰਗ 15. ਭਵ-ਸਾਗਰ ਸੰਸਾਰ 16. ਸਭ ਪਾਪ ਦੂਰ ਹੋ ਗਏ, ਨਿਕਲ ਗਏ ।

19. [16]ਬਿਨੁ ਸਿਮਰਨ ਕੋਟਿ ਬਰਖ ਜੀਵੈ ਸਗਲੀ ਅਉਧ ਬ੍ਰਿਥਾਨਦ ॥
ਏਕ ਨਿਮਖ ਗੋਬਿੰਦ ਭਜਨੁ ਕਰਿ ਤਉ ਸਦਾ ਸਦਾ ਜੀਵਾਨਦ ॥ (ਮ:5,1204)

20. [17]ਬਿਨੁ ਸਿਮਰਨ ਜੈਸੇ ਸਰਪ ਆਰਜਾਰੀ ॥
ਤਿਉ ਜੀਵਹਿ ਸਾਕਤ ਨਾਮੁ ਬਿਸਾਰੀ ॥
ਏਕ ਨਿਮਖ ਜੋ ਸਿਮਰਨ ਮਹਿ ਜੀਆ ॥
ਕੋਟਿ ਦਿਨਸ ਲਾਖ ਸਦਾ ਥਿਰੁ ਥੀਆ ॥ (ਮ: 5—239)

21. ਤੈਡੇ ਸਿਮਰਣਿ [18]ਹਭੁ ਕਿਛੁ ਲਧਮੁ [19]ਬਿਖਮੁ ਨ ਡਿਠਮੁ ਕੋਈ ॥
ਜਿਸੁ ਪਤਿ ਰਖੈ ਸਚਾ ਸਾਹਿਬੁ ਨਾਨਕ ਮੇਟਿ ਨ ਸਕੈ ਕੋਈ ॥ (ਮ: 5—520)

22. ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ ਮਨ ਤਨ ਭਏ ਅਰੋਗਾ ॥
ਕੋਟਿ ਬਿਘਨ ਲਾਥੇ ਪ੍ਰਭ ਸਰਣਾ ਪ੍ਰਗਟੇ ਭਲੇ ਸੰਜੋਗਾ ॥ (ਮ: 5—611)

23. ਸਿਮਰਉ ਸਿਮਰਿ ਸਿਮਰਿ ਸੁਖ ਪਾਵਉ ਸਾਸਿ ਸਾਸਿ ਸਮਾਲੇ ॥
ਇਹ ਲੋਕਿ ਪਰਲੋਕਿ ਸੰਗਿ ਸਹਾਈ ਜਤ ਕਤ ਮੋਹਿ ਰਖਵਾਲੇ ॥(ਮ: 5—679)

24. ਪੁੰਨ ਦਾਨ ਨਾ ਤੁਲਿ ਕਿਰਿਆ ਹਰਿ [20]ਸਰਬ ਪਾਪਾ ਹੰਤ ਜੀਉ ॥
ਬਿਨਵੰਤਿ ਨਾਨਕ ਸਿਮਰਿ ਜੀਵਾ ਜਨਮ ਮਰਣ ਰਹੰਤ ਜੀਉ ॥ (ਮ: 5—927)

25. [17]ਬਿਨੁ ਸਿਮਰਨ ਜੋ ਜੀਵਨੁ ਬਲਨਾ ਸਰਪ ਜੈਸੇ ਅਰਜਾਰੀ ॥
ਨਵ ਖੰਡਨ ਕੋ ਰਾਜੁ ਕਮਾਵੈ ਅੰਤਿ [21]ਚਲੈਗੋ ਹਾਰੀ ॥ (ਮ: 5, 712)

26. ਕਬੀਰ ਹਰਿ ਕਾ ਸਿਮਰਨੁ ਜੋ ਕਰੈ ਸੋ ਸੁਖੀਆ ਸੰਸਾਰਿ ॥
ਇਤ ਉਤ ਕਤਹਿ ਨ ਡੋਲਈ ਜਿਸ ਰਾਖੈ ਸਿਰਜਨਹਾਰ ॥ (ਕਬੀਰ, 1375)

27. ਪ੍ਰਭ ਕੈ ਸਿਮਰਨਿ ਗਰਭਿ ਨ ਬਸੈ ॥ ਪ੍ਰਭ ਕੈ ਸਿਮਰਨਿ ਦੂਖੁ ਜਮੁ ਨਸੈ ॥
ਪ੍ਰਭ ਕੈ ਸਿਮਰਨਿ [22]ਕਾਲੁ ਪਰਹਰੈ ॥ ਪ੍ਰਭ ਕੈ ਸਿਮਰਨਿ ਦੁਸਮਨੁ ਟਰੈ ॥
ਪ੍ਰਭ ਸਿਮਰਤ ਕਛੁ ਬਿਘਨੁ ਨ ਲਾਗੈ ॥ ਪ੍ਰਭ ਕੈ ਸਿਮਰਨਿ ਅਨਦਿਨੁ[23] ਜਾਗੈ ॥
ਪ੍ਰਭ ਕੈ ਸਿਮਰਨਿ ਭਉ ਨ ਬਿਆਪੈ ॥ ਪ੍ਰਭ ਕੈ ਸਿਮਰਨਿ ਦੁਖੁ ਨ ਸੰਤਾਪੈ ॥
ਪ੍ਰਭ ਕਾ ਸਿਮਰਨੁ ਸਾਧ ਕੈ ਸੰਗਿ ॥ ਸਰਬ ਨਿਧਾਨ ਨਾਨਕ ਹਰਿ ਰੰਗਿ ॥
ਪ੍ਰਭ ਕੈ ਸਿਮਰਨਿ ਰਿਧਿ ਸਿਧਿ ਨਉਨਿਧਿ ॥

---

16. ਨਾਮ ਦੀ ਕਮਾਈ ਤੋਂ ਬਿਨਾਂ ਕਰੋੜਾਂ ਵਰ੍ਹਿਆਂ ਦੀ ਉਮਰ ਵਿਅਰਥ ਹੈ; ਇਸ ਤੋਂ ਉਲਟ ਜੇ ਇਕ ਪਲ ਲਈ ਪਰਮੇਸ਼ਰ ਦੇ ਸੱਚੇ ਨਾਮ ਦਾ ਸਿਮਰਨ ਕਰ ਲਵੇ ਤਾਂ ਅਮਰ ਜੀਵਨ ਪ੍ਰਾਪਤ ਹੋ ਜਾਵੇ 17. ਆਰਜਾਰੀ=ਆਰਜਾ, ਉਮਰ; ਸੱਪ ਦੀ ਉਮਰ ਬਹੁਤ ਲੰਮੀ ਹੁੰਦੀ ਹੈਂ, ਪਰ ਜੂਨੀ ਨਖਿੱਧ ਮੰਨੀ ਜਾਂਦੀ ਹੈ; ਕਹਿ ਰਹੇ ਹਨ ਸਿਮਰਨ ਤੋਂ ਬਿਨਾਂ ਲੰਮੀ ਆਯੂ ਸੱਪ ਦੀ ਉਮਰ ਸਮਾਨ ਹੈ 18. ਸਭ ਕੁਝ ਲੱਭ ਪਿਆ 19 ਕੋਈ ਗਲ ਔਖੀ ਨਾ ਰਹਿ ਗਈ 20. ਸਭ ਪਾਪਾਂ ਦਾ ਨਾਸ਼ ਕਰਨ ਵਾਲਾ 21. ਹਾਰ ਕੇ ਚੱਲੇਗਾ, ਹਾਰ ਕੇ ਜਾਵੇਗਾ 22. ਕਾਲ ਜਾਂ ਮੌਤ ਦਾ ਡਰ ਦੂਰ ਹੁੰਦਾ ਹੈ 23. ਸਦਾ।

ਪ੍ਰਭ ਕੈ ਸਿਮਰਨਿ ਗਿਆਨੁ ਧਿਆਨੁ ਤਤੁ ਬੁਧਿ ॥
ਪ੍ਰਭ ਕੈ ਸਿਮਰਨਿ ਜਪ ਤਪ ਪੂਜਾ ॥ ਪ੍ਰਭ ਕੈ ਸਿਮਰਨਿ ਬਿਨਸੈ ਦੂਜਾ ॥
ਪ੍ਰਭ ਕੈ ਸਿਮਰਨਿ ਤੀਰਥ ਇਸਨਾਨੀ ॥ ਪ੍ਰਭ ਕੈ ਸਿਮਰਨਿ [24]ਦਰਗਹ ਮਾਨੀ ॥
ਪ੍ਰਭ ਕੈ ਸਿਮਰਨਿ ਹੋਇ ਸੁ ਭਲਾ ॥ ਪ੍ਰਭ ਕੈ ਸਿਮਰਨਿ ਸੁਫਲ ਫਲਾ ॥
ਸੇ ਸਿਮਰਹਿ ਜਿਨ ਆਪਿ ਸਿਮਰਾਏ ॥ ਨਾਨਕ ਤਾ ਕੈ ਲਾਗਉ ਪਾਏ ॥
ਪ੍ਰਭ ਕਾ ਸਿਮਰਨੁ ਸਭ ਤੇ ਊਚਾ ॥ ਪ੍ਰਭ ਕੈ ਸਿਮਰਨਿ ਉਧਰੇ ਮੂਚਾ ॥
ਪ੍ਰਭ ਕੈ ਸਿਮਰਨਿ ਤ੍ਰਿਸਨਾ ਬੁਝੈ ॥ ਪ੍ਰਭ ਕੈ ਸਿਮਰਨਿ ਸਭੁ ਕਿਛੁ ਸੁਝੈ ॥
ਪ੍ਰਭ ਕੈ ਸਿਮਰਨਿ ਨਾਹੀ ਜਮਤ੍ਰਾਸਾ ॥ ਪ੍ਰਭ ਕੈ ਸਿਮਰਨਿ ਪੂਰਨ ਆਸਾ ॥
ਪ੍ਰਭ ਕੈ ਸਿਮਰਨਿ ਮਨ ਕੀ ਮਲੁ ਜਾਇ ॥ ਅੰਮ੍ਰਿਤ ਨਾਮੁ ਰਿਦ ਮਾਹਿ ਸਮਾਇ ॥
ਪ੍ਰਭ ਜੀ ਬਸਹਿ ਸਾਧ ਕੀ ਰਸਨਾ ॥ ਨਾਨਕ ਜਨ ਕਾ ਦਾਸਨਿ ਦਸਨਾ ॥
ਪ੍ਰਭ ਕਉ ਸਿਮਰਹਿ ਸੇ ਧਨਵੰਤੇ ॥ ਪ੍ਰਭ ਕਉ ਸਿਮਰਹਿ ਸੇ ਪਤਿਵੰਤੇ ॥
ਪ੍ਰਭ ਕਉ ਸਿਮਰਹਿ ਸੇ ਜਨ ਪਰਵਾਨ ॥ ਪ੍ਰਭ ਕਉ ਸਿਮਰਹਿ ਸੇ ਪੁਰਖ ਪ੍ਰਧਾਨ ॥
ਪ੍ਰਭ ਕਉ ਸਿਮਰਹਿ ਸਿ ਬੇਮੁਹਤਾਜੇ ॥ ਪ੍ਰਭ ਕਉ ਸਿਮਰਹਿ ਸਿ ਸਰਬ ਕੇ ਰਾਜੇ ॥
ਪ੍ਰਭ ਕਉ ਸਿਮਰਹਿ ਸੇ ਸੁਖ ਵਾਸੀ ॥ ਪ੍ਰਭ ਕਉ ਸਿਮਰਹਿ ਸਦਾ ਅਬਿਨਾਸੀ ॥
ਸਿਮਰਨ ਤੇ ਲਾਗੇ ਜਿਨ ਆਪਿ ਦਇਆਲਾ ॥ ਨਾਨਕ ਜਨ ਕੀ ਮੰਗੈ ਰਵਾਲਾ[25] ॥
ਪ੍ਰਭ ਕਉ ਸਿਮਰਹਿ ਸੇ ਪਰਉਪਕਾਰੀ ॥
ਪ੍ਰਭ ਕਉ ਸਿਮਰਹਿ ਤਿਨ ਸਦ ਬਲਿਹਾਰੀ ॥
ਪ੍ਰਭ ਕਉ ਸਿਮਰਹਿ ਸੇ ਮੁਖ ਸੁਹਾਵੇ ॥ ਪ੍ਰਭ ਕਉ ਸਿਮਰਹਿ ਤਿਨ ਸੂਖਿ ਬਿਹਾਵੈ ॥
ਪ੍ਰਭ ਕਉ ਸਿਮਰਹਿ ਤਿਨ ਆਤਮੁ ਜੀਤਾ ॥
ਪ੍ਰਭ ਕਉ ਸਿਮਰਹਿ ਤਿਨ ਨਿਰਮਲ ਰੀਤਾ[26] ॥
ਪ੍ਰਭ ਕਉ ਸਿਮਰਹਿ ਤਿਨ ਅਨਦ ਘਨੇਰੇ ॥
ਪ੍ਰਭ ਕਉ ਸਿਮਰਹਿ ਬਸਹਿ ਹਰਿ ਨੇਰੇ ॥
ਸੰਤ ਕ੍ਰਿਪਾ ਤੇ ਅਨਦਿਨੁ ਜਾਗਿ ॥ ਨਾਨਕ ਸਿਮਰਨੁ ਪੂਰੈ ਭਾਗਿ ॥
ਪ੍ਰਭ ਕੈ ਸਿਮਰਨਿ ਕਾਰਜ ਪੂਰੇ ॥ ਪ੍ਰਭ ਕੈ ਸਿਮਰਨਿ ਕਬਹੁ ਨ ਝੂਰੇ ॥
ਪ੍ਰਭ ਕੈ ਸਿਮਰਨਿ ਹਰਿਗੁਨ ਬਾਨੀ ॥ ਪ੍ਰਭ ਕੈ ਸਿਮਰਨਿ ਸਹਜਿ ਸਮਾਨੀ ॥
ਪ੍ਰਭ ਕੈ ਸਿਮਰਨਿ ਨਿਹਚਲ ਆਸਨੁ ॥
[27]ਪ੍ਰਭ ਕੈ ਸਿਮਰਨਿ ਕਮਲ ਬਿਗਾਸਨੁ ॥
[28]ਪ੍ਰਭ ਕੈ ਸਿਮਰਨਿ ਅਨਹਦ ਝੁਨਕਾਰ ॥

---

24. ਦਰਗਾਹ ਵਿੱਚ ਮਾਨ ਪ੍ਰਾਪਤ ਹੁੰਦਾ ਹੈ 25. ਧੂੜ 26. ਰੀਤੀ, ਰਹਿਣੀ 27. ਹਿਰਦੇ-ਕੰਵਲ ਖਿੜਦਾ ਹੈ 28. ਅਨਹਦ ਦੀ ਧੁਨੀ ਸੁਣਾਈ ਦਿੰਦੀ ਹੈ ।

ਸੁਖੁ ਪ੍ਰਭ ਸਿਮਰਨ ਕਾ ਅੰਤੁ ਨ ਪਾਰ ॥
ਸਿਮਰਹਿ ਸੇ ਜਨ [29]ਜਿਨ ਕਉ ਪ੍ਰਭ ਮਇਆ ॥
ਨਾਨਕ ਤਿਨ ਜਨ ਸਰਨੀ ਪਇਆ ॥
ਹਰਿ ਸਿਮਰਨੁ ਕਰਿ ਭਗਤ ਪ੍ਰਗਟਾਏ ॥
ਹਰਿ ਸਿਮਰਨਿ ਲਗਿ ਬੇਦ ਉਪਾਏ ॥
ਹਰਿ ਸਿਮਰਨਿ ਭਏ ਸਿਧ ਜਤੀ ਦਾਤੇ॥ ਹਰਿ ਸਿਮਰਨਿ ਨੀਚ ਚਹੁ ਕੁੰਟ ਜਾਤੇ ॥
ਹਰਿ ਸਿਮਰਨਿ ਧਾਰੀ ਸਭ ਧਰਨਾ ॥ ਸਿਮਰਿ ਸਿਮਰਿ ਹਰਿ ਕਾਰਨ ਕਰਨਾ ॥
ਹਰਿ ਸਿਮਰਨਿ ਕੀਓ ਸਗਲ ਅਕਾਰਾ ॥
ਹਰਿ ਸਿਮਰਨਿ ਮਹਿ ਆਪਿ ਨਿਰੰਕਾਰਾ ॥
ਕਰਿ ਕਿਰਪਾ ਜਿਸੁ ਆਪਿ ਬੁਝਾਇਆ ॥
ਨਾਨਕ ਗੁਰਮੁਖਿ ਹਰਿ ਸਿਮਰਨੁ ਤਿਨਿ ਪਾਇਆ ॥ (ਮ: 5—263)

28. [30]ਆਨੀਲੇ ਕਾਗਦੁ ਕਾਟੀਲੇ ਗੂਡੀ ਆਕਾਸ ਮਧੇ ਭਰਮੀਅਲੇ ॥
[31]ਪੰਚ ਜਨਾ ਸਿਉ ਬਾਤ ਬਤਊਆ ਚੀਤੁ ਸੁ ਡੋਰੀ ਰਾਖੀਅਲੇ ॥
[32]ਮਨੁ ਰਾਮਨਾਮਾ ਬੇਧੀਅਲੇ [33]ਜੈਸੇ ਕਨਿਕ ਕਲਾ ਚਿਤੁ ਮਾਂਡੀਅਲੇ ॥
[34]ਆਨੀਲੇ ਕੁੰਭੁ ਭਰਾਈ ਲੇ ਊਦਕ ਰਾਜ ਕੁਆਰਿ ਪੁਰੰਦਰੀਏ ॥
ਹਸਤ ਬਿਨੋਦ ਬੀਚਾਰ ਕਰਤੀ ਹੈ ਚੀਤੁ ਸੁ ਗਾਗਰਿ ਰਾਖੀਅਲੇ ॥
[35]ਮੰਦਰੁ ਏਕੁ ਦੁਆਰ ਦਸ ਜਾ ਕੇ ਗਊ ਚਰਾਵਨ ਛਾਡੀਅਲੇ ॥
ਪਾਂਚ ਕੋਸ ਪਰ ਗਊ ਚਰਾਵਤ ਚੀਤੁ ਸੁ ਬਛਰਾ ਰਾਖੀਅਲੇ ॥
[36]ਕਹਤ ਨਾਮਦੇਉ ਸੁਨਹੁ ਤਿਲੋਚਨ ਬਾਲਕੁ ਪਾਲਨ ਪਉਢੀਅਲੇ ॥
ਅੰਤਰਿ ਬਾਹਰਿ ਕਾਜ ਬਿਰੂਧੀ ਚੀਤੁ ਸੁ ਬਾਰਿਕ ਰਾਖੀਅਲੇ ॥(ਨਾਮਦੇਵ,972)

---

29. ਜਿਨ੍ਹਾਂ ਉੱਤੇ ਪ੍ਰਭੂ ਦੀ ਕਿਰਪਾ ਹੋਈ 30. ਕਾਗ਼ਜ਼ ਲਿਆ ਕੇ ਗੁੱਡੀ ਬਣਾਈ ਜੋ ਅਸਮਾਨਾਂ ਵਿੱਚ ਉੱਡਦੀ ਹੈ 31. ਜਿਵੇਂ ਗੁੱਡੀ ਉਡਾਉਣ ਵਾਲਾ ਯਾਰਾਂ-ਦੋਸਤਾਂ ਨਾਲ ਗੱਲ-ਬਾਤ ਕਰਦਾ ਹੈ ਪਰ ਧਿਆਨ ਗੁੱਡੀ ਵਿੱਚ ਰੱਖਦਾ ਹੈ, ਇਸੇ ਤਰ੍ਹਾਂ ਦੁਨੀਆਂ ਦਾ ਕੰਮ-ਕਾਜ ਕਰਦੇ ਹੋਏ ਧਿਆਨ ਪ੍ਰਭੂ ਦੇ ਸਿਮਰਨ ਵਿੱਚ ਰਹਿਣਾ ਚਾਹੀਦਾ ਹੈ 32. ਮਨ ਨੂੰ ਰਾਮ-ਨਾਮ ਵਿੱਚ ਪਰੋ ਲੈ 33. ਜਿਸ ਤਰ੍ਹਾਂ ਸੋਨੇ ਦੀ ਕਾਰਾਗਰੀ (ਕਨਿਕ-ਕਲਾ) ਸਮੇਂ ਸੁਨਿਆਰੇ ਦਾ ਧਿਆਨ ਮਾਂਡੀ ਵਿੱਚ ਹੁੰਦਾ ਹੈ 34. ਜਿਸ ਤਰ੍ਹਾਂ ਰਾਜਕੁਮਾਰੀਆਂ (ਭਾਵ ਜੁਆਨ ਕੁੜੀਆਂ) ਪੁਰੀ (ਸ਼ਹਿਰ) ਅੰਦਰ ਪਾਣੀ ਦੀਆਂ ਮਟਕੀਆਂ ਭਰਦੀਆਂ ਹਨ । ਉਹ ਹਾਸਾ-ਮਖ਼ੌਲ ਕਰਦੀਆਂ ਚੱਲੀਆਂ ਆਉਂਦੀਆਂ ਹਨ, ਪਰ ਧਿਆਨ ਆਪੋ-ਆਪਣੀ ਮਟਕੀ ਵਿੱਚ ਰੱਖਦੀਆਂ ਹਨ 35. ਜਿਸ ਤਰ੍ਹਾਂ ਪੰਜਾਂ ਕੋਹਾਂ ਉੱਤੇ ਘਾਹ ਚਰਦੀ ਹੋਈ ਗਾਂ ਧਿਆਨ ਪਿੱਛੇ ਘਰ ਵਿੱਚ ਰਹਿ ਗਏ ਵੱਛੇ ਵਿੱਚ ਰੱਖਦੀ ਹੈ 36. ਜਿਸ ਤਰ੍ਹਾਂ ਮਾਤਾ ਘਰ-ਬਾਹਰ ਦੇ ਸਾਰੇ ਕੰਮ-ਕਾਜ ਕਰਦੀ ਹੋਈ ਧਿਆਨ ਬਾਲਕ ਵਿੱਚ ਰੱਖਦੀ ਹੈ, ਇਸੇ ਤਰ੍ਹਾਂ ਸਾਨੂੰ ਸੰਸਾਰ ਦੇ ਸਭ ਕਾਰ-ਵਿਹਾਰ ਕਰਦੇ ਹੋਏ ਧਿਆਨ ਸਦਾ ਪਰਮੇਸ਼ਰ ਦੇ ਨਾਮ ਜਾਂ ਸਿਮਰਨ ਵਿੱਚ ਰੱਖਣਾ ਚਾਹੀਦਾ ਹੈ ।

ਧਿਆਨ

ਧਿਆਨ ਸੰਸਕ੍ਰਿਤ ਦੇ 'ਧਯਾ' ਧਾਤੂ ਤੋਂ ਨਿਕਲਿਆ ਹੈ ਜਿਸ ਦੇ ਅਰਥ ਹਨ : ਕਿਸੇ ਦੇ ਸਰੂਪ ਨੂੰ ਧਾਰਨਾ, ਖ਼ਿਆਲ ਕਰਨਾ ਜਾਂ ਸੁਰਤਿ ਨੂੰ ਇੱਕ ਕੇਂਦਰ ਪੁਰ ਇਕੱਠਾ ਕਰਨਾ। ਸੰਤ-ਮਤ ਅਨੁਸਾਰ ਸੁਰਤਿ-ਸ਼ਬਦ-ਯੋਗ ਦੇ ਤਿੰਨ ਸਾਧਨ ਹਨ : ਸਿਮਰਨ, ਧਿਆਨ ਤੇ ਧੁਨਿ। ਸਿਮਰਨ ਦੁਆਰਾ ਰੂਹ ਨੂੰ ਜਗਤ ਅਤੇ ਸਰੀਰ ਵਿੱਚੋਂ ਸਮੇਟਿਆ ਜਾਂਦਾ ਹੈ ਅਤੇ ਧਿਆਨ ਦੁਆਰਾ ਅੱਖਾਂ ਪਿੱਛੇ ਤੀਜੇ ਤਿਲ ਉਤੇ ਖੜਾ ਕੀਤਾ ਜਾਂਦਾ ਹੈ। ਆਤਮਾ ਦੀਆਂ ਦੋ ਤਾਕਤਾਂ ਹਨ : ਸੁਰਤਿ ਤੇ ਨਿਰਤ। ਸੁਰਤਿ ਅੰਦਰ ਸਿਮਰਨ ਕਰਨ ਅਤੇ ਸ਼ਬਦ ਸੁਣਨ ਦਾ ਕੰਮ ਕਰਦੀ ਹੈ ਅਤੇ ਨਿਰਤ ਅੰਦਰ ਵੇਖਣ ਜਾਂ ਧਿਆਨ ਧਰਨ ਦਾ ਕੰਮ ਕਰਦੀ ਹੈ। ਇਹੋ ਦੋਵੇਂ ਸ਼ਕਤੀਆਂ ਹੀ ਅੰਦਰ ਰੂਹਾਨੀ ਸਫ਼ਰ ਵਿੱਚ ਸਹਾਇਤਾ ਦੇਂਦੀਆ ਹਨ।

'ਧਿਆਨ' ਨਾਮ ਦੀ ਕਮਾਈ ਦੀ ਜੁਗਤੀ ਦੀ ਦੂਜੀ ਪਉੜੀ ਹੈ। ਸਿਮਰਨ ਦੀ ਗੂੜ੍ਹ ਅਵੱਸਥਾ ਦਾ ਨਾਉਂ ਹੀ ਧਿਆਨ ਹੈ। ਧਿਆਨ ਨਾਲ ਅੰਦਰ ਰੂਹਾਨੀ ਨਜ਼ਾਰੇ, ਨੂਰ ਤੇ ਪ੍ਰਕਾਸ਼ ਪ੍ਰਗਟ ਹੁੰਦੇ ਹਨ। ਜੇ ਕਰ ਇਸ ਤਰ੍ਹਾਂ ਨਾ ਹੋਵੇ ਤਾਂ ਸਮਝੋ ਧਿਆਨ ਨਹੀਂ ਬਣਿਆ।

ਸਾਡੇ ਜੀਵਨ ਦਾ ਮਨੋਰਥ ਭਗਤੀ ਦੁਆਰਾ ਅਕਾਲਪੁਰਖ ਨੂੰ ਪਾਉਣਾ ਹੈ। ਇਸ ਲਈ ਸਾਰੇ ਧਿਆਨਾਂ ਵਿੱਚੋਂ ਕੇਵਲ ਉਸ ਅਕਾਲਪੁਰਖ ਦਾ ਧਿਆਨ ਹੀ ਸਰਵ-ਉੱਤਮ ਹੈ। ਪਰ ਉਸ ਨੂੰ ਅਸਾਂ ਕਦੇ ਵੇਖਿਆ ਨਹੀਂ, ਇਸ ਲਈ ਉਸ ਦਾ ਧਿਆਨ ਕਿਵੇਂ ਧਰਿਆ ਜਾਵੇ ? 'ਬਿਨੁ ਪੇਖੇ ਕਹੁ ਕੈਸੋ ਧਿਆਨੁ' (ਮ.5,ਪੰ.1140)। ਜਿਸ ਪਵਿੱਤਰ ਹਿਰਦੇ ਅੰਦਰ ਉਹ ਅਕਾਲਪੁਰਖ ਪ੍ਰਤੱਖ ਹੋਵੇ, ਉਸ ਨੂੰ ਪੂਰਾ ਸਤਿਗੁਰੂ ਕਿਹਾ ਜਾਂਦਾ ਹੈ। ਉਹ ਹੀ ਦੇਹਿਧਾਰੀ ਸ਼ਬਦ ਹੈ। ਸਤਿਗੁਰੂ ਸ਼ਬਦ ਦੀ ਕਮਾਈ ਕਰ ਕੇ ਸ਼ਬਦ ਦਾ ਰੂਪ ਹੋ ਗਿਆ ਹੁੰਦਾ ਹੈ। ਅਜਿਹੀ ਹਸਤੀ ਹੀ ਸਾਡੇ ਧਿਆਨ ਧਰਨ ਦੇ ਯੋਗ ਹੋ ਸਕਦੀ ਹੈ। ਗੁਰਬਾਣੀ ਵਿੱਚ ਉਪਦੇਸ਼ ਹੈ ਕਿ ਸਤਿਗੁਰੂ ਦਾ ਧਿਆਨ ਹੀ ਅਕਾਲਪੁਰਖ ਦਾ ਧਿਆਨ ਹੈ। ਜਿਸ ਤਰ੍ਹਾਂ ਪਉੜੀਆਂ ਤੋਂ ਬਿਨਾਂ ਕਿਲ੍ਹੇ ਉੱਪਰ ਨਹੀਂ ਚੜ੍ਹ ਸਕਦੇ, ਇਸੇ ਤਰ੍ਹਾਂ ਗੁਰੂ ਦੇ ਧਿਆਨ ਬਾਝੋਂ ਅਸੀਂ ਹਰੀ ਤਕ ਨਹੀਂ ਪੁੱਜ ਸਕਦੇ। ਜਿਸਦਾ ਕੋਈ ਧਿਆਨ ਧਾਰਦਾ ਹੈ, ਉਸੇ ਦਾ ਰੂਪ ਹੋ ਜਾਂਦਾ ਹੈ, ਇਸ ਲਈ ਕੋਈ ਜੜ ਜਾਂ ਅਪੂਰਨ ਵਸਤੂ ਧਿਆਨ ਦੇ ਕਾਬਲ ਨਹੀਂ ਹੋ ਸਕਦੀ। ਸਤਿਗੁਰ ਪਰਮੇਸ਼ਰ ਵਿੱਚ ਸਮਾ ਕੇ ਪਰਮੇਸ਼ਰ ਵਾਂਗ ਮਹਾਂ-ਚੇਤਨ ਹੋ ਚੁੱਕਾ ਹੁੰਦਾ ਹੈ। ਜਿਉਂ-ਜਿਉਂ ਸਿੱਖ ਸਤਿਗੁਰੂ ਦੇ ਸਰੂਪ ਦਾ ਧਿਆਨ ਧਰਦਾ ਹੈ ਉਸਦੇ

ਅੰਦਰ ਵੀ ਸਤਿਗੁਰੂ ਅਤੇ ਅਕਾਲਪੁਰਖ ਦੇ ਗੁਣ ਆਉਣੇ ਸ਼ੁਰੂ ਹੋ ਜਾਂਦੇ ਹਨ। ਸਤਿਗੁਰੂ ਦੀ ਲਿਵ ਸਦਾ ਅਕਾਲਪੁਰਖ ਨਾਲ ਜੁੜੀ ਹੁੰਦੀ ਹੈ, ਇਸ ਲਈ ਸਤਿਗੁਰੂ ਦਾ ਧਿਆਨ ਕਰਨ ਵਾਲੇ ਦੀ ਲਿਵ ਵੀ ਅਕਾਲਪੁਰਖ ਨਾਲ ਜੁੜ ਜਾਂਦੀ ਹੈ।

ਧਿਆਨ ਕਾਰਨ ਹੀ ਅਸੀਂ ਜਗਤ ਵਿੱਚ ਬੱਝੇ ਹੋਏ ਹਾਂ ਅਤੇ ਧਿਆਨ ਹੀ ਸਾਨੂੰ ਪਰਮੇਸ਼ਰ ਨਾਲ ਮਿਲਾ ਸਕਦਾ ਹੈ। ਪੂਰਨ ਸਤਿਗੁਰੂ ਨੇ ਆਪਣੇ ਧਿਆਨ ਕਾਰਨ ਵਾਪਸ ਜਾ ਕੇ ਪਰਮੇਸ਼ਰ ਵਿੱਚ ਸਮਾਉਣਾ ਹੁੰਦਾ ਹੈ, ਇਸ ਲਈ ਅਸੀਂ ਵੀ ਉਨ੍ਹਾਂ ਦੇ ਧਿਆਨ ਦੇ ਬੱਝੇ ਵਾਪਸ ਜਾ ਕੇ ਪਰਮੇਸ਼ਰ ਵਿੱਚ ਹੀ ਸਮਾ ਜਾਂਦੇ ਹਾਂ।

1. ਸਚੋ ਸਚਾ ਆਖੀਐ ਸਚੇ ਸਚਾ ਥਾਨੁ ॥
   ਜਿਨੀ ਸਚਾ ਮੰਨਿਆ ਤਿਨ ਮਨਿ ਸਚੁ ਧਿਆਨੁ ॥ (ਮ: 1—55)
2. [1]ਸਫਲ ਮੂਰਤਿ ਪਰਸਉ ਸੰਤਨ ਕੀ ਇਹੈ ਧਿਆਨਾ ਧਰਨਾ ॥
   ਭਇਓ ਕ੍ਰਿਪਾਲੁ ਠਾਕੁਰੁ ਨਾਨਕ ਕਉ ਪਰਿਓ ਸਾਧ ਕੀ ਸਰਨਾ ॥(ਮ:5,531)
3. ਅੰਮ੍ਰਿਤ ਨਾਮੁ ਪ੍ਰਿਅ ਪ੍ਰੀਤਿ ਮਨੋਹਰ ਇਹੈ [2]ਅਘਾਵਨ ਪਾਂਨ ਕਉ ॥
   [3]ਅਕਾਲ ਮੂਰਤਿ ਹੈ ਸਾਧ ਸੰਤਨ ਕੀ ਠਾਹਰ ਨੀਕੀ ਧਿਆਨ ਕਉ ॥ (1208)
4. ਹਰਿ ਹਰਿ ਨਾਮੁ ਧਿਆਇ ਮਨ ਹਰਿ ਦਰਗਹ ਪਾਵਹਿ ਮਾਨੁ ॥
   ਜੋ ਇਛਹਿ ਸੋ ਫਲੁ ਪਾਇਸੀ ਗੁਰ ਸਬਦੀ ਲਗੈ ਧਿਆਨੁ ॥ (ਮ: 4—1313)
5. ਸਤਿਪੁਰਖ ਅਕਾਲ [4]ਮੂਰਤਿ ਰਿਦੈ ਧਾਰਹੁ ਧਿਆਨੁ ॥
   ਨਾਮੁ ਨਿਧਾਨੁ ਲਾਭੁ ਨਾਨਕ ਬਸਤੁ ਇਹ ਪਰਵਾਨੁ ॥ (ਮ: 5—1121)
6. ਪ੍ਰਭ ਜੀਉ ਪੇਖਉ[5] ਦਰਸੁ ਤੁਮਾਰਾ ॥
   ਸੁੰਦਰ ਧਿਆਨੁ ਧਾਰੁ ਦਿਨੁ ਰੈਨੀ ਜੀਅ ਪ੍ਰਾਨ ਤੇ ਪਿਆਰਾ ॥ (ਮ: 5—532)
7. ਮਨ ਮਹਿ ਸਤਿਗੁਰ ਧਿਆਨੁ ਧਰਾ ॥
   ਦ੍ਰਿੜਿਓ ਗਿਆਨੁ ਮੰਤ੍ਰੁ ਹਰਿਨਾਮਾ ਪ੍ਰਭ ਜੀਉ ਮਇਆ ਕਰਾ ॥ (ਮ: 5,701)
8. ਰਾਮ ਪਿਆਰੇ ਸਦਾ ਜਾਗਹਿ ਨਾਮੁ ਸਿਮਰਹਿ [6]ਅਨਦਿਨੋ ॥
   ਚਰਣ ਕਮਲ ਧਿਆਨੁ ਹਿਰਦੈ ਪ੍ਰਭ ਬਿਸਰੁ ਨਾਹੀ ਇਕੁ ਖਿਨੋ ॥(ਮ: 5—459)
9. [7]ਪੁਰਖ ਮਹਿ ਨਾਰਿ ਨਾਰਿ ਮਹਿ ਪੁਰਖਾ ਬੂਝਹੁ ਬ੍ਰਹਮ ਗਿਆਨੀ ॥
   ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ ਗੁਰਮੁਖਿ ਅਕਥ ਕਹਾਨੀ ॥
   (ਮ: 1—879)

---

1. ਦੇਹਿ ਸਰੂਪ ਸਤਿਗੁਰੂ ਦਾ ਧਿਆਨ ਧਰਨਾ ਹੀ ਫਲ-ਦਾਇਕ ਹੈ 2. ਇਸ ਨੂੰ ਪੀਣ ਨਾਲ ਰੱਜ ਜਾਈਦਾ ਹੈ, ਤ੍ਰਿਪਤ ਹੋ ਜਾਈਦਾ ਹੈ 3. ਧਿਆਨ ਜਮਾਉਣ ਲਈ, ਖ਼ਿਆਲ ਨੂੰ ਖੜਾ ਕਰਨ ਲਈ ਪੂਰਨ ਸੰਤਾਂ ਦਾ ਦੇਹਿ-ਸਰੂਪ ਉੱਤਮ ਹੈ 5. ਦੇਖਾਂ, ਦਰਸ਼ਨ ਕਰਾਂ 6. ਹਮੇਸ਼ਾ 7. ਆਤਮਾ ਵਿੱਚ ਪਰਮਾਤਮਾ ਹੈ, ਪਰਮਾਤਮਾ ਵਿੱਚ ਆਤਮਾ ਹੈ।

10. ਚਰਨ ਕਮਲ ਧਿਆਨ ਭੀਤਰਿ ਘਟਿ ਘਟਹਿ ਸੁਆਮੀ ਸੁਝੇ ॥
ਸਰਨਿ ਦੇਵ ਅਪਾਰ ਨਾਨਕ ਬਹੁਰਿ [8]ਜਮੁ ਨਹੀ ਲੁਝੇ ॥ (ਮ: 5—1122)

11. ਰਹੈ ਉਦਾਸੁ ਆਸ ਨਿਰਾਸਾ ਸਹਜ ਧਿਆਨਿ ਬੈਰਾਗੀ ॥
ਪ੍ਰਣਵਤਿ ਨਾਨਕ ਗੁਰਮੁਖਿ ਛੂਟਸਿ ਰਾਮ ਨਾਮਿ ਲਿਵ ਲਾਗੀ ॥ (ਮ:1,1126)

12 ਹਿਰਦੈ ਨਾਮੁ ਸਰਬ ਧਨੁ ਧਾਰਣੁ ਗੁਰ ਪਰਸਾਦੀ ਪਾਈਐ ॥
ਅਮਰ ਪਦਾਰਥ ਤੇ ਕਿਰਤਾਰਥ[9] ਸਹਜ ਧਿਆਨ ਲਿਵ ਲਾਈਐ ॥ (1127)

13 ਸਾਧਿਕ ਸਿਧ ਸਗਲ ਮੁਨਿ ਲੋਚਹਿ ਬਿਰਲੇ ਲਾਗੈ ਧਿਆਨੁ ॥
ਜਿਸਹਿ ਕ੍ਰਿਪਾਲੁ ਹੋਇ ਮੇਰਾ ਸੁਆਮੀ ਪੂਰਨ ਤਾ ਕੋ ਕਾਮੁ ॥ (ਮ: 5—1226)

14. ਮਨ ਕੀ ਬਿਧਿ ਸਤਿਗੁਰ ਤੇ ਜਾਣੈ ਅਨਦਿਨੁ ਲਾਗੈ ਸਦ ਹਰਿ ਸਿਉ ਧਿਆਨੁ ॥
ਗੁਰ ਸਬਦਿ ਰਤੇ ਸਦਾ ਬੈਰਾਗੀ ਹਰਿ ਦਰਗਹ ਸਾਚੀ ਪਾਵਹਿ ਮਾਨੁ ॥
(ਮ: 3—1259)

15. ਪ੍ਰੀਤਮ ਸਾਚਾ ਨਾਮੁ ਧਿਆਇ ॥
ਦੂਖ ਦਰਦ ਬਿਨਸੈ ਭਵ ਸਾਗਰੁ ਗੁਰ ਕੀ ਮੂਰਤਿ ਰਿਦੈ ਬਸਾਇ ॥ (1268)

16. ਹਰਿ ਹਰਿ ਨਾਮੁ ਧਿਆਇ ਮਨ ਹਰਿ ਦਰਗਹ ਪਾਵਹਿ ਮਾਨੁ ॥
ਜੋ ਇਛਹਿ ਸੋ ਫਲੁ ਪਾਇਸੀ ਗੁਰ ਸਬਦੀ ਲਗੈ ਧਿਆਨੁ ॥ (ਮ: 4—1313)

17. ਗਿਆਨ ਪ੍ਰਵੇਸੁ ਗੁਰਹਿ ਧਨੁ ਦੀਆ ਧਿਆਨੁ ਮਾਨੁ ਮਨ ਏਕ ਮਏ ॥
ਪ੍ਰੇਮ ਭਗਤਿ ਮਾਨੀ ਸੁਖੁ ਜਾਨਿਆ ਤ੍ਰਿਪਤਿ ਅਘਾਨੇ ਮੁਕਤਿ ਭਏ ॥
(ਧੰਨਾ ਜੀ, 487)

18. ਅੰਦਰਿ ਕਪਟੁ ਸਦਾ ਦੁਖੁ ਹੈ ਮਨਮੁਖ ਧਿਆਨੁ ਨ ਲਾਗੈ ॥
ਦੁਖ ਵਿਚਿ ਕਾਰ ਕਮਾਵਣੀ ਦੁਖੁ ਵਰਤੈ ਦੁਖੁ ਆਗੈ ॥ (ਮ: 3—851)

19. [10]ਗੁਰ ਮੂਰਤਿ ਸਿਉ ਲਾਇ ਧਿਆਨੁ ॥
ਈਹਾ ਊਹਾ ਪਾਵਹਿ ਮਾਨੁ ॥ (ਮ: 5—192)

20. ਪ੍ਰਭ ਕੇ ਚਰਨ ਮਨ ਮਾਹਿ ਧਿਆਨੁ ॥
ਸਗਲ ਤੀਰਥ ਮਜਨ ਇਸਨਾਨੁ ॥ (ਮ: 5—195)

21. ਗਰਬ ਗਤੰ ਸੁਖ ਆਤਮ ਧਿਆਨਾ ॥
ਜੋਤਿ ਭਈ ਜੋਤੀ ਮਾਹਿ ਸਮਾਨਾ ॥ (ਮ: 1—221)

22. ਸਤ ਸੰਤੋਖ ਕਾ ਧਰਹੁ ਧਿਆਨ ॥
ਕਥਨੀ ਕਥੀਐ ਬ੍ਰਹਮ ਗਿਆਨ ॥ (ਕਬੀਰ, 344)

---

8. ਜਮ ਨਾਲ ਵਾਹ ਜਾਂ ਖਹਿੜਾ ਨਹੀਂ ਪੈਂਦਾ 9. ਸਫਲ 10. ਜੋ ਸਤਿਗੁਰੂ ਦੇ ਸਰੂਪ ਦਾ ਧਿਆਨ ਕਰਦਾ ਹੈ, ਉਹ ਲੋਕ-ਪਰਲੋਕ ਦੋਹਾਂ ਵਿਚ ਮਾਨ ਪਾਉਂਦਾ ਹੈ ।

23. ਬੰਧਨ ਤੇਰੇ ਸਹਜਿ ਧਿਆਨੁ ॥
ਛੂਟੇ ਗੁਰਮੁਖਿ ਹਰਿਗੁਰ ਗਿਆਨੁ ॥ (ਮ: 1—416)

24. ਰਾਸਿ ਦੀਈ ਹਰਿ ਏਕੋ ਨਾਮੁ ॥
ਮਨ ਕਾ ਇਸਟੁ ਗੁਰ ਸੰਗਿ ਧਿਆਨੁ ॥ (ਮ: 5—863)

25. ਗੁਰ ਕੀ ਮੂਰਤਿ ਮਨ ਮਹਿ ਧਿਆਨੁ ॥
ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨ ॥ (ਮ: 3—864)

26. [11]ਬਿਨੁ ਗੁਰ ਦੀਖਿਆ ਕੈਸੇ ਗਿਆਨੁ ॥
ਬਿਨੁ ਪੇਖੇ ਕਹੁ ਕੈਸੋ ਧਿਆਨੁ ॥ (ਮ: 5—1140)

27. ਗੁਰ ਕਾ ਸਬਦੁ ਮੇਰੈ ਅੰਤਰਿ ਧਿਆਨੁ ॥
ਹਉ ਕਬਹੁ ਨ ਛੋਡਉ ਹਰਿ ਕਾ ਨਾਮੁ ॥ (ਮ: 3—1154)

28. ਨਿਜ ਪਦ ਊਪਰਿ ਲਾਗੋ ਧਿਆਨੁ ॥
ਰਾਜਾ ਰਾਮ ਨਾਮੁ ਮੋਰਾ ਬ੍ਰਹਮ ਗਿਆਨੁ ॥ (ਕਬੀਰ, 1159)

29. ਸਤਿਗੁਰ ਕੀ ਮੂਰਤਿ ਹਿਰਦੈ ਵਸਾਏ ॥
ਜੋ ਇਛੇ ਸੋਈ ਫਲੁ ਪਾਏ ॥ (ਮ: 1—661)

30. ਜਿਸ ਨੋ [12]ਹਰਿ ਸੁਪ੍ਰਸੰਨੁ ਹੋਇ ਸੋ ਹਰਿ ਗੁਣਾ ਰਵੈ ਸੋ ਭਗਤੁ ਸੋ ਪਰਵਾਨੁ ॥
ਤਿਸ ਕੀ ਮਹਿਮਾ ਕਿਆ ਵਰਨੀਐ[13]
ਜਿਸ ਕੈ ਹਿਰਦੈ ਵਸਿਆ ਹਰਿ ਪੁਰਖੁ ਭਗਵਾਨੁ ॥
ਗੋਵਿੰਦ ਗੁਣ ਗਾਈਐ ਜੀਉ ਲਾਇ ਸਤਿਗੁਰੂ ਨਾਲਿ ਧਿਆਨੁ ॥
(ਮ: 4—734)

---

11. ਬਿਨਾ ਸਤਿਗੁਰੂ ਤੋਂ ਗੁਰਮੰਤਰ ਲੈਣ ਦੇ ਗਿਆਨ (ਪ੍ਰਭੂ) ਪ੍ਰਾਪਤੀ ਦਾ ਪ੍ਰਸ਼ਨ ਹੀ ਉਤਪੰਨ ਨਹੀਂ ਹੁੰਦਾ 12. ਜਿਸ ਉੱਤੇ ਉਹ ਹਰੀ ਪ੍ਰਸੰਨ ਹੁੰਦਾ ਹੈ, ਉਹੀ ਹਰੀ ਦੇ ਗੁਣਾਂ ਵਿੱਚ ਲੱਗਦਾ ਹੈ 13. ਕੀ ਬਿਆਨ ਕਰੀਏ ? ਭਾਵ. ਬਿਆਨ ਨਹੀਂ ਹੋ ਸਕਦੀ ।

ਸਹਿਜ-ਜੋਗ

ਜੋਗ (ਯੋਗ) ਦੇ ਅਰਥ ਜੋੜਨ ਜਾਂ ਮਿਲਾਉਣ ਦੇ ਅਤੇ 'ਸਹਿਜ' ਦੇ ਅਰਥ ਸੁਖੈਣ ਅਤੇ ਸੁਭਾਵਿਕ ਦੇ ਹਨ। ਪਰਮੇਸ਼ਰ ਨਾਲ ਮਿਲਾਉਣ ਵਾਲੀ ਸੁਖੈਣ, ਸੁਭਾਵਿਕ ਵਿਧੀ ਨੂੰ ਸਹਿਜ-ਯੋਗ ਕਹਿੰਦੇ ਹਨ।

ਆਤਮਾ ਨੂੰ ਪਰਮਾਤਮਾ ਨਾਲ ਜੋੜਨ ਲਈ ਅਪਣਾਏ ਜਾਂਦੇ ਸਭ ਸਾਧਨਾਂ ਨੂੰ ਯੋਗ ਕਿਹਾ ਜਾਂਦਾ ਹੈ, ਪਰੰਤੂ ਸਾਰੇ ਸਾਧਨ ਨਾ ਸੁਖਾਲੇ ਹਨ, ਨਾ ਕੁਦਰਤੀ ਅਤੇ ਨਾ ਸਾਰੇ ਸਾਧਨ ਆਤਮਾ ਨੂੰ ਪਰਮਾਤਮਾ ਨਾਲ ਜੋੜਨ ਦੇ ਸਮਰੱਥ ਹੀ ਹਨ। ਹਠ-ਯੋਗ, ਪ੍ਰਾਣਾਯਾਮ, ਕਰਮ-ਕਾਂਡ ਅਤੇ ਗਿਆਨ-ਮਾਰਗ ਆਦਿ ਅਨੇਕ ਸਾਧਨ ਕਠਿਨ, ਗ਼ੈਰ-ਕੁਦਰਤੀ ਤੇ ਅਧੂਰੇ ਹਨ।

ਗੁਰਮਤਿ ਸੁਰਤ-ਸ਼ਬਦ-ਯੋਗ ਰੂਪੀ ਸਹਿਜ-ਯੋਗ ਨੂੰ ਧਾਰਨ ਕਰਨ ਦੀ ਪ੍ਰੇਰਨਾ ਦੇਂਦੀ ਹੈ। ਕਲਜੁਗ ਵਿੱਚ ਤਾਂ ਵਿਸ਼ੇਸ਼ ਕਰ ਸਹਿਜ-ਯੋਗ ਤੋਂ ਬਿਨਾਂ ਪਰਮੇਸ਼ਰ ਪ੍ਰਾਪਤੀ ਦਾ ਕੋਈ ਦੂਜਾ ਢੰਗ ਹੀ ਨਹੀਂ। ਇਹ ਹਰ ਤਰ੍ਹਾਂ ਦੇ ਬਾਹਰਮੁਖੀ, ਅਸੁਭਾਵਿਕ ਅਤੇ ਇਨਸਾਨ ਦੇ ਆਪਣੇ ਬਣਾਏ ਹੋਏ ਸਾਧਨਾਂ ਤੋਂ ਉਪਰ, ਸ੍ਰੇਸ਼ਠ ਤੇ ਲਾਭਕਾਰੀ ਹੈ। ਇਹ ਸਰਬ-ਸਾਂਝਾ, ਅੰਤਰਮੁਖੀ, ਸੁਖਾਲਾ ਅਤੇ ਕੁਦਰਤੀ ਸਾਧਨ ਹੈ।

ਇਸ ਦੇ ਤਿੰਨ ਅੰਗ ਹਨ : ਸਿਮਰਨ, ਧਿਆਨ ਅਤੇ ਸ਼ਬਦ। ਸਿਮਰਨ ਦੀ ਸਹਾਇਤਾ ਨਾਲ ਸਰੀਰ ਦੇ ਰੋਮ-ਰੋਮ ਵਿੱਚ ਰਮੀ ਹੋਈ ਆਤਮਾ ਨੂੰ ਨੌਂ ਦੁਆਰਿਆਂ 'ਚੋਂ ਕੱਢ ਕੇ ਤੀਸਰੇ ਤਿਲ ਉੱਤੇ ਇਕਾਗਰ ਕੀਤਾ ਜਾਂਦਾ ਹੈ, ਸਤਿਗੁਰੂ ਦੇ ਸਰੂਪ ਦੇ ਧਿਆਨ ਨਾਲ ਇਸ ਨੂੰ ਤੀਸਰੇ ਤਿਲ ਉੱਤੇ ਖੜਾ ਕੀਤਾ ਜਾਂਦਾ ਹੈ, ਜਿੱਥੇ ਪਹੁੰਚ ਕੇ ਇਹ ਆਪਣੇ ਆਪ ਅਨਹੱਦ ਸ਼ਬਦ ਦੀ ਧੁਨੀ ਨਾਲ ਜੁੜ ਜਾਂਦੀ ਹੈ। ਸ਼ਬਦ-ਧੁਨ ਦੇ ਆਸਰੇ ਇਹ ਮਨ-ਮਾਇਆ ਦੇ ਮੰਡਲਾਂ ਨੂੰ ਪਾਰ ਕਰਦੀ ਹੋਈ ਸੱਚਖੰਡ ਪਹੁੰਚ ਕੇ ਪਰਮੇਸ਼ਰ ਨਾਲ ਮਿਲਾਪ ਕਰ ਲੈਂਦੀ ਹੈ। ਇਸ ਤਰ੍ਹਾਂ ਜੀਵ ਨੂੰ ਜੀਂਦੇ-ਜੀਅ ਸੱਚੀ ਮੁਕਤੀ ਜਾਂ ਜੀਵਨ-ਮੁਕਤ ਦੀ ਅਵਸਥਾ ਪ੍ਰਾਪਤ ਹੋ ਜਾਂਦੀ ਹੈ। ਇਸ ਜੋਗ ਵਿੱਚ ਸਫਲਤਾ ਪ੍ਰਾਪਤ ਕਰਨ ਵਾਲਾ ਜੀਵ ਹੀ ਸੱਚਾ ਜੋਗੀ ਅਖਵਾਉਣ ਦਾ ਹੱਕਦਾਰ ਹੈ। ਇਹ ਜੋਗ ਮਨ, ਮਾਇਆ, ਪੰਜਾਂ ਵਿਕਾਰਾਂ, ਆਵਾਗੌਣ ਦੇ ਬੰਧਨਾਂ, ਹਰ ਤਰ੍ਹਾਂ ਦੇ ਸੰਸੇ, ਭੈ-ਭਰਮ ਦੂਰ ਕਰ ਕੇ ਜੀਵ ਨੂੰ ਸਹਿਜ ਦੀ ਅਡੋਲ ਅਵੱਸਥਾ ਪ੍ਰਦਾਨ ਕਰਦਾ ਹੈ। ਇਸ ਜੋਗ ਦੇ ਆਸਰੇ ਜੀਵ ਸਮਦਰਸ਼ੀ ਹੋ ਜਾਂਦਾ ਹੈ, ਘਟ-ਘਟ ਵਿੱਚ ਇੱਕੋ ਅਕਾਲਪੁਰਖ ਦੇ ਦਰਸ਼ਨ ਕਰਦਾ ਹੈ ਅਤੇ ਸਦੀਵੀ ਖੇੜੇ ਵਾਲੀ ਨਿਹਚਲ ਅਵੱਸਥਾ ਵਿੱਚ ਪਹੁੰਚ ਜਾਂਦਾ ਹੈ।

ਸਹਿਜ-ਜੋਗ

1. ਜੋ ਕਿਛੁ ਕੀਓ ਸੋਈ ਭਲ ਮਾਨੈ ਐਸੀ ਭਗਤਿ ਕਮਾਨੀ ॥
ਮਿਤ੍ਰ ਸਤ੍ਰ ਸਭ ਏਕ ਸਮਾਨੇ ਜੋਗ ਜੁਗਤਿ ਨੀਸਾਨੀ ॥ (ਮ: 5—496)

2. [1]ਗੁਰ ਕਾ ਸਬਦੁ ਮਨੈ ਮਹਿ ਮੁੰਦ੍ਰਾ [2]ਖਿੰਥਾ ਖਿਮਾ ਹਢਾਵਉ ॥
ਜੋ ਕਿਛੁ ਕਰੈ ਭਲਾ ਕਰਿ ਮਾਨਉ ਸਹਜ ਜੋਗ ਨਿਧਿ[3] ਪਾਵਉ ॥(ਮ:1,359)

3. [4]ਪੰਚ ਚੇਲੇ ਮਿਲਿ ਭਏ ਇਕਤ੍ਰਾ ਏਕਸੁ ਕੈ ਵਸਿ ਕੀਏ ॥
[5]ਦਸ ਬੈਰਾਗਨਿ ਆਗਿਆਕਾਰੀ ਤਬ ਨਿਰਮਲ ਜੋਗੀ ਥੀਏ ॥ (ਮ:5—208)

4. ਹੁਕਮੁ ਬੁਝੈ ਸੋ ਜੋਗੀ ਕਹੀਐ ਏਕਸ ਸਿਉ ਚਿਤੁ ਲਾਏ ॥
ਸਹਸਾ ਤੂਟੈ ਨਿਰਮਲੁ ਹੋਵੈ ਜੋਗ ਜੁਗਤਿ ਇਵ ਪਾਏ ॥ (ਮ: 3—908)

5. [6]ਬੁਧਿ ਬਿਭੂਤਿ ਚਢਾਵਉ ਅਪੁਨੀ ਸਿੰਗੀ ਸੁਰਤਿ ਮਿਲਾਈ ॥
ਕਰਿ ਬੈਰਾਗੁ ਫਿਰਉ ਤਨਿ ਨਗਰੀ ਮਨ ਕੀ ਕਿੰਗੁਰੀ ਬਜਾਈ ॥ (970)

6. [7]ਮਨੁ ਪਵਨੁ ਦੁਇ ਤੂੰਬਾ ਕਰੀਹੈ ਜੁਗ ਜੁਗ ਸਾਰਦ[8] ਸਾਜੀ ॥
[9]ਥਿਰੁ ਭਈ ਤੰਤੀ ਤੂਟਸਿ ਨਾਹੀ [10]ਅਨਹਦ ਕਿੰਗੁਰੀ ਬਾਜੀ ॥(ਕਬੀਰ, 834)

7. ਸੋ ਜੋਗੀ ਗੁਰ ਸਬਦੁ ਪਛਾਣੈ [11]ਅੰਤਰਿ ਕਮਲੁ ਪ੍ਰਗਾਸੁ ਥੀਆ ॥
ਜੀਵਤੁ ਮਰੈ ਤਾ ਸਭੁ ਕਿਛੁ ਸੂਝੈ ਅੰਤਰਿ ਜਾਣੈ ਸਰਬ ਦਇਆ ॥ (ਮ:1,940)

8. ਜੋਗੈ ਕਾ ਮਾਰਗੁ ਬਿਖਮੁ[12] ਹੈ ਜੋਗੀ ਜਿਸ ਨੋ ਨਦਰਿ ਕਰੇ ਸੋ ਪਾਏ ॥
ਅੰਤਰਿ ਬਾਹਰਿ ਏਕੋ ਵੇਖੈ ਵਿਚਹੁ ਭਰਮੁ ਚੁਕਾਏ ॥ (ਮ: 3—909)

9. ਮਨਸਾ ਮਾਰਿ ਮਨੈ ਮਹਿ ਰਾਖੈ ਸਤਿਗੁਰ ਸਬਦਿ ਵੀਚਾਰੀ ॥
ਸਿੰਙੀ ਸੁਰਤਿ ਅਨਾਹਦਿ ਵਾਜੈ ਘਟਿ ਘਟਿ ਜੋਤਿ ਤੁਮਾਰੀ ॥ (ਮ: 1—907)

10. [13]ਅਹਿਨਿਸਿ ਰਹੈ ਏਕ ਲਿਵ ਲਾਗੀ ਸਾਚੇ ਦੇਖਿ ਪਤੀਣਾ[14] ॥
ਰਹੈ ਗਗਨਪੁਰਿ[15] [16]ਦ੍ਰਿਸਟਿ ਸਮੈਸਰਿ ਅਨਹਤ ਸਬਦਿ ਰੰਗੀਣਾ ॥ (907)

11. ਮਨ ਮਹਿ ਜੋਤਿ ਜੋਤਿ ਮਹਿ ਮਨੂਆ ਪੰਚ ਮਿਲੇ ਗੁਰ ਭਾਈ ॥
ਨਾਨਕ ਤਿਨ ਕੈ ਸਦ ਬਲਿਹਾਰੀ ਜਿਨ ਏਕ ਸਬਦਿ ਲਿਵ ਲਾਈ ॥ (879)

---

1. ਸਤਿਗੁਰੂ ਦੇ ਸ਼ਬਦ ਦੀਆਂ ਮੁੰਦਰਾਂ (ਵਾਲੇ) ਮਨ ਵਿੱਚ ਪ੍ਰਾਵੇ; ਭਾਵ ਮਨ ਨੂੰ ਸ਼ਬਦ ਵਿੱਚ ਲੀਨ ਕਰੇ 2. ਗੋਦੜੀ 3. ਖ਼ਜ਼ਾਨਾ 4. ਪੰਜ ਗਿਆਨ ਇੰਦਰੀਆਂ ਇੱਕ (ਆਤਮਾ) ਦੇ ਅਧੀਨ ਹੋ ਗਈਆਂ ਹਨ 5. ਦਸ ਇੰਦਰੀਆਂ ਵਿਸ਼ਿਆਂ ਤੋਂ ਉਪਰਾਮ (ਵੈਰਾਗੀ) ਹੋ ਗਈਆਂ ਹਨ ਅਤੇ ਆਤਮਾ ਦੇ ਹੁਕਮ ਵਿੱਚ ਚੱਲਦੀਆਂ ਹਨ 6. ਬੁੱਧੀ ਦੀ ਭਿਬੂਤੀ ਅਤੇ ਸ਼ਬਦ ਧੁਨ ਦੀ ਸਿੰਙੀ 7. ਮਨ ਅਤੇ ਪ੍ਰਾਣ ਦੋਵੇਂ ਤੂੰਬੇ ਹਨ 8. ਤੂੰਬਿਆਂ ਨੂੰ ਜੋੜਨ ਵਾਲੀ ਡੰਡੀ 9. ਸੁਰਤਿ ਰੂਪੀ ਤਾਰ ਥਿਰ ਹੋ ਗਈ ਹੈ 10. ਅਨਹਦ ਦੀ ਕਿੰਗਰੀ (ਵੀਣਾ) ਵੱਜ ਰਹੀ ਹੈ 11. ਅੰਦਰ ਹਿਰਦੇ ਕੰਵਲ ਖਿੜ ਗਿਆ 12. ਬਿਖੜਾ, ਔਖਾ 13. ਦਿਨ-ਰਾਤ 14. ਪਤੀਜ ਜਾਣਾ; ਮੰਨ ਜਾਣਾ 15. ਦਸਮ-ਦੁਆਰ ਵਿੱਚ 16. ਸਮਦਰਸ਼ੀ ਬਣ ਜਾਣਾ ।

12. ਦੀਪਕ ਤੇ ਦੀਪਕੁ ਪਰਗਾਸਿਆ [17]ਤ੍ਰਿਭਵਣ ਜੋਤਿ ਦਿਖਾਈ ॥
ਸਚੇ ਤਖਤਿ ਸਚ ਮਹਲੀ ਬੈਠੇ ਨਿਰਭਉ ਤਾੜੀ ਲਾਈ ॥ (ਮ: 1–907)

13. [18]ਤਹ ਭਇਆ ਪ੍ਰਗਾਸੁ ਮਿਟਿਆ ਅੰਧਿਆਰਾ ਜਿਉ ਸੂਰਜ ਰੈਣਿ ਕਿਰਾਖੀ ॥
[19]ਅਦਿਸਟੁ ਅਗੋਚਰੁ ਅਲਖੁ ਨਿਰੰਜਨੁ ਸੋ ਦੇਖਿਆ ਗੁਰਮੁਖਿ ਆਖੀ ॥ (87)

14. ਨਿਰਮਲ ਜੋਤਿ ਨਿਰੰਜਨੁ ਪਾਇਆ ਗੁਰਮੁਖਿ ਭ੍ਰਮੁ ਭਉ ਭਾਗੀ ॥
ਨਾਨਕ ਗੁਰਮੁਖਿ ਸਦਾ ਸੁਖੁ ਪਾਵਹਿ ਅਨਦਿਨੁ ਹਰਿ ਬੈਰਾਗੀ ॥ (590)

15. ਪ੍ਰਗਟੀ ਜੋਤਿ ਜੋਤਿ ਮਹਿ ਜਾਤਾ[20] ਮਨਮੁਖਿ ਭਰਮਿ ਭੁਲਾਣੀ ॥
ਨਾਨਕ ਭੋਰੁ ਭਇਆ ਮਨੁ ਮਾਨਿਆ ਜਾਗਤ ਰੈਣਿ ਵਿਹਾਣੀ ॥(ਮ:1—1111)

16. [21]ਦਹਦਿਸ [22]ਛਤ੍ਰ ਮੇਘ ਘਟਾ ਘਟ [23]ਦਾਮਨਿ ਚਮਕਿ ਡਰਾਇਓ ॥
ਸੇਜ ਇਕੇਲੀ ਨੀਦ ਨਹੁ ਨੈਨਹ ਪਿਰੁ ਪਰਦੇਸਿ ਸਿਧਾਇਓ ॥
ਹੁਣਿ ਨਹੀ [24]ਸੰਦੇਸਰੋ ਮਾਇਓ ॥
ਏਕ ਕੋਸਰੋ ਸਿਧਿ ਕਰਤ ਲਾਲੁ ਤਬ ਚਤੁਰ ਪਾਤਰੋ ਆਇਓ ॥
ਕਿਉ ਬਿਸਰੈ ਇਹੁ ਲਾਲੁ ਪਿਆਰੋ [25]ਸਰਬ ਗੁਣਾ ਸੁਖਦਾਇਓ ॥(ਮ: 5,624)

17. [26]ਓਅੰਕਾਰਿ ਏਕ ਧੁਨਿ ਏਕੈ ਏਕੈ ਰਾਗੁ ਅਲਾਪੈ ॥
ਏਕਾ ਦੇਸੀ ਏਕੁ ਦਿਖਾਵੈ ਏਕੋ ਰਹਿਆ ਬਿਆਪੈ ॥ (ਮ: 5—885)

18. ਐਸੇ ਰੇ ਮਨ ਪਾਇ ਕੈ [27]ਆਪੁ ਗਵਾਇ ਕੈ ਕਰਿ ਸਾਧਨ ਸਿਉ ਸੰਗੁ ॥
[28]ਬਾਜੇ ਬਜਹਿ ਮ੍ਰਿਦੰਗ ਅਨਾਹਦ ਕੋਕਿਲ ਰੀ ਰਾਮਨਾਮੁ ਬੋਲੈ
[29]ਮਧੁਰ ਬੈਨ ਅਤਿ [30]ਸੁਹੀਆ ॥ (ਮ: 5—1272)

19. [31]ਊਪਰਿ ਕੂਪੁ ਗਗਨ ਪਨਿਹਾਰੀ ਅੰਮ੍ਰਿਤੁ ਪੀਵਣਹਾਰਾ ॥
ਜਿਸ ਕੀ ਰਚਨਾ ਸੋ ਬਿਧਿ ਜਾਣੈ ਗੁਰਮੁਖਿ ਗਿਆਨੁ ਵੀਚਾਰਾ ॥ (ਮ:1,1331)

---

17. ਤਿੰਨਾਂ ਭਵਨਾਂ ਦੀ ਜੋਤਿ—ਉਸ ਪ੍ਰਭੂ—ਦੇ ਦਰਸ਼ਨ ਹੋਏ, ਅਤੇ ਤਿੰਨਾਂ ਭਵਨਾਂ ਵਿੱਚ ਉਸ ਪ੍ਰਭੂ ਦੀ ਜੋਤਿ ਦੇ ਦਰਸਨ ਹੋਏ 18. ਸੂਰਜ ਦੇ ਰਾਤ ਨੂੰ ਖਿੱਚ ਲੈਣ (ਕਿਰਾਖੀ) ਨਾਲ ਹਨੇਰੇ ਦੀ ਥਾਂ ਪ੍ਰਕਾਸ਼ ਹੋ ਜਾਂਦਾ ਹੈ 19. ਉਸ ਅਦ੍ਰਿਸ਼ਟ. ਅਗੰਮ, ਅਲਖ, ਮਾਇਆ ਤੋਂ ਨਿਰਲੇਪ ਪ੍ਰਭੂ ਨੂੰ ਸਤਿਗੁਰੂ ਨੇ (ਅੰਦਰਲੀ) ਅੱਖ ਨਾਲ ਦੇਖਿਆ ਹੈ 20. ਜਾਣਿਆ, ਪਛਾਣਿਆ 21. ਦਸ ਦਿਸ਼ਾਵਾਂ ਵਿੱਚ, ਭਾਵ ਹਰ ਪਾਸੇ 22. ਘਨਘੋਰ ਘਟਾਵਾਂ ਛਾਈਆਂ ਹੋਈਆਂ ਹਨ 23. ਬਿਜਲੀ ਚਮਕ ਕੇ ਡਰਾ ਰਹੀ ਹੈ 24. ਡਰ 25. ਸਾਰੇ ਗੁਣਾਂ ਵਾਲਾ ਅਤੇ ਸੁਖ ਦੇਣ ਵਾਲਾ 26. ਓਅੰਕਾਰ ਦੀ ਸ਼ਬਦ ਧੁਨ 27. ਹਉਮੈ ਦੂਰ ਕਰ ਕੇ 28. ਰੂਹਾਨੀ ਮੰਡਲਾਂ ਦੀਆਂ ਮਧੁਰ ਸ਼ਬਦ-ਧੁਨਾਂ ਵਲ ਸੰਕੇਤ ਕਰ ਰਹੇ ਹਨ 29. ਮਿੱਠੀਆਂ 30. ਸੁੰਦਰ, ਸੁਹਾਣੀਆਂ 31. ਉੱਪਰ ਦਸਮ-ਦੁਆਰ ਵਿੱਚ ਸ਼ਬਦ ਰੂਪੀ ਅੰਮ੍ਰਿਤ ਦਾ ਖੂਹ ਭਰਿਆ ਹੋਇਆ ਹੈ, ਜਿਸ ਨੂੰ ਨਿਰਮਲ ਆਤਮਾ ਹੀ ਪੀ ਸਕਦੀ ਹੈ ।

[32]ਪਸਰੀ ਕਿਰਣਿ ਰਸਿ ਕਮਲ ਬਿਗਾਸੇ [33]ਸਸਿ ਘਰਿ ਸੂਰੁ ਸਮਾਇਆ ॥
[34]ਕਾਲੁ ਬਿਧੁੰਸਿ ਮਨਸਾ ਮਨਿ ਮਾਰੀ ਗੁਰ ਪ੍ਰਸਾਦਿ ਪ੍ਰਭੁ ਪਾਇਆ ॥ (1331)

20 [35]ਸੇਇ ਮੁਕਤ ਜਿ ਮਨੁ ਜਿਣਹਿ ਫਿਰਿ ਧਾਤੁ ਨ ਲਾਗੈ ਆਇ ॥
ਦਸਵੈ ਦੁਆਰਿ ਰਹਤ ਕਰੇ ਤ੍ਰਿਭਵਣ ਸੋਝੀ ਪਾਇ ॥ (ਮ: 3—490)

21. [36]ਵਿਣੁ ਵਜਾਈ ਕਿੰਗੁਰੀ ਵਾਜੈ ਜੋਗੀ ਸਾ ਕਿੰਗਰੀ ਵਜਾਇ ॥
ਕਹੈ ਨਾਨਕੁ ਮੁਕਤਿ ਹੋਵਹਿ ਜੋਗੀ ਸਾਚੇ ਰਹਹਿ ਸਮਾਇ ॥ (ਮ: 3—909)

22. ਸਰਬ ਜੋਤਿ ਰੂਪੁ ਤੇਰਾ ਦੇਖਿਆ ਸਗਲ ਭਵਨ ਤੇਰੀ ਮਾਇਆ ॥
ਰਾਰੈ ਰੂਪਿ ਨਿਰਾਲਮੁ ਬੈਠਾ ਨਦਰਿ ਕਰੇ ਵਿਚਿ ਛਾਇਆ ॥
ਬੀਣਾ ਸਬਦੁ ਵਜਾਵੈ ਜੋਗੀ ਦਰਸਨਿ ਰੂਪਿ ਅਪਾਰਾ ॥
ਸਬਦਿ ਅਨਾਹਦਿ ਸੋ ਸਹੁ ਰਾਤਾ ਨਾਨਕੁ ਕਹੈ ਵਿਚਾਰਾ ॥ (ਮ: 1—351)

23. [37]ਧਾਵਤੁ ਥੰਮ੍ਹਿਆ ਸਤਿਗੁਰਿ ਮਿਲਿਐ ਦਸਵਾ ਦੁਆਰੁ ਪਾਇਆ ॥
[38]ਤਿਥੈ ਅੰਮ੍ਰਿਤ ਭੋਜਨੁ ਸਹਜ ਧੁਨਿ ਉਪਜੈ
ਜਿਤੁ ਸਬਦਿ ਜਗਤੁ ਥੰਮ੍ਹਿ ਰਹਾਇਆ ॥ (ਮ: 3—440)

25. ਦਸਮ ਦੁਆਰਾ ਅਗਮ ਅਪਾਰਾ ਪਰਮ ਪੁਰਖ ਕੀ [39]ਘਾਟੀ ॥
[40]ਊਪਰਿ ਹਾਟੁ ਹਾਟ ਪਰਿ ਆਲਾ ਆਲੇ ਭੀਤਰਿ ਥਾਤੀ ॥ (ਬੇਣੀ, 1974)

25. ਵਡਭਾਗੀ ਗੁਰ ਦਰਸਨੁ ਪਾਇਆ ਗੁਰਿ ਮਿਲਿਐ ਹਰਿ ਪ੍ਰਭੁ ਜਾਤਾ ॥
ਦੁਰਮਤਿ ਮੈਲੁ ਗਈ ਸਭ ਨੀਕਰਿ[41] ਹਰਿ ਅੰਮ੍ਰਿਤਿ ਹਰਿ ਸਰਿ ਨਾਤਾ ॥ 984

26. ਅੰਤਰਿ ਸੁੰਨੰ ਬਾਹਰਿ ਸੁੰਨੰ ਤ੍ਰਿਭਵਣ ਸੁੰਨੰ ॥
[42]ਚਉਥੇ ਸੁੰਨੈ ਜੋ ਨਰੁ ਜਾਣੈ ਤਾ ਕਉ ਪਾਪੁ ਨ ਪੁੰਨੰ ॥ (ਮ: 1—943)

27. [43]ਬੇਣੁ ਰਸਾਲੁ ਵਜਾਵੈ ਸੋਈ ॥ ਜਾ ਕੀ ਤ੍ਰਿਭਵਣ ਸੋਝੀ ਹੋਈ ॥
ਨਾਨਕ ਬੂਝਹੁ ਇਹ ਬਿਧਿ ਗੁਰਮਤਿ ਹਰਿ ਰਾਮ ਨਾਮਿ ਲਿਵ ਲਾਇਆ ॥
(ਮ: 1—1039)

---

32. ਸ਼ਬਦ ਦੀ ਕਿਰਣ (ਧੁਨੀ) ਪੈਣ ਨਾਲ ਹਿਰਦੇ ਕੰਵਲ ਖਿੜ ਗਿਆ 33. ਚੰਦਰਮਾ ਦੇ ਘਰ ਸੂਰਜ ਸਮਾ ਗਿਆ—ਅੰਦਰਲੀ ਇਕ ਵਿਸ਼ੇਸ਼ ਰੂਹਾਨੀ ਅਵੱਸਥਾ ਵਲ ਸੰਕੇਤ ਕਰ ਰਹੇ ਹਨ 34. ਸਤਿਗੁਰੂ ਦੀ ਕਿਰਪਾ ਨਾਲ ਕਾਲ ਅਤੇ ਮਨ ਨੂੰ ਮਾਰ ਕੇ ਪ੍ਰਭੂ ਦੀ ਪ੍ਰਾਪਤੀ ਹੋਈ 35. ਅਸਲ ਮੁਕਤੀ ਇਹ ਹੈ ਕਿ ਮਨ ਜਿੱਤਿਆ ਜਾਵੇ ਅਤੇ ਦੁਬਾਰਾ ਮਾਇਆ ਦਾ ਅਸਰ ਨਾ ਹੋਵੇ 36. ਅਨਹਦ ਸ਼ਬਦ ਦੀ ਬਿਨਾ ਵਜਾਏ ਵੱਜ ਰਹੀ ਕਿੰਗਰੀ 37. ਸਤਿਗੁਰੂ ਦੀ ਕਿਰਪਾ ਨਾਲ ਚੰਚਲ ਮਨ ਨਿਹਚਲ ਹੋ ਗਿਆ ਅਤੇ ਸੁਰਤਿ ਦਸਵੇਂ ਦੁਆਰ ਵਿੱਚ ਪਹੁੰਚ ਗਈ 38. ਓਥੇ ਸ਼ਬਦ ਦੀ ਸਹਿਜ ਧੁਨ, ਜਿਸ ਦੇ ਆਸਰੇ ਸਾਰਾ ਜਗਤ ਖੜਾ ਹੈ, ਦਾ ਅੰਮ੍ਰਿਤ ਪ੍ਰਾਪਤ ਹੋਇਆ 39. ਨਿਵਾਸ-ਸਥਾਨ 40. ਸਰੀਰ ਰੂਪੀ ਹੱਟੀ ਵਿੱਚ ਦਸਮ-ਦੁਆਰ ਰੂਪੀ ਆਲਾ ਹੈ, ਜਿਸ ਵਿੱਚ ਬ੍ਰਹਮ ਜੋਤਿ ਦਾ ਪ੍ਰਕਾਸ਼ ਹੈ 41. ਨਿਕਲ ਗਈ 42. ਚੌਥਾ-ਪਦ, ਸੱਚ-ਖੰਡ 43. ਜੋ ਸ਼ਬਦ ਦੀ ਰਸ ਭਰੀ ਵੀਣਾ ਵਜਾਉਂਦਾ (ਸੁਣਦਾ) ਹੈ, ਉਸ ਨੂੰ ਤਿੰਨਾਂ ਭਵਨਾਂ ਦੀ ਸੋਝੀ ਹੋ ਜਾਂਦੀ ਹੈ ।

28. ਗੁਰਮਤਿ ਅਲਖੁ ਲਖਾਈਐ ਊਤਮ ਮਤਿ ਤਰਾਹਿ ॥
ਨਾਨਕ ਸੋਹੰ[44] ਹੰਸਾ ਜਪੁ ਜਾਪਹੁ ਤ੍ਰਿਭਵਣ ਤਿਸੈ ਸਮਾਹਿ ॥ (ਮ: 1—1093)

29. ਬੀਣਾ ਸਬਦੁ ਵਜਾਵੈ ਜੋਗੀ ਦਰਸਨਿ ਰੂਪਿ ਅਪਾਰਾ ॥
ਸਬਦਿ ਅਨਾਹਦਿ ਸੁ ਸਹੁ ਰਾਤਾ ਨਾਨਕੁ ਕਹੈ ਵਿਚਾਰਾ ॥ (ਮ: 1—351)

30. ਨਿਰਮਲ ਨਿਰਮਲ ਸੂਚਾ ਸੂਚੋ ਸੂਚਾ ਸੂਚੋ ਸੂਚਾ ॥
ਅੰਤ ਨ ਅੰਤਾ ਸਦਾ ਬੇਅੰਤਾ ਕਹੁ ਨਾਨਕ ਊਚੋ ਊਚਾ ॥ (ਮ: 5—821)

31. ਸੰਤ ਪ੍ਰਸਾਦਿ ਮੇਰੇ ਪੂਰ ਮਨੋਰਥ ਕਰਿ ਕਿਰਪਾ ਭੇਟੇ ਗੁਣਤਾਸ ॥
ਸਾਂਤਿ ਸਹਜ ਸੂਖ ਮਨਿ ਉਪਜਿਓ ਕੋਟਿ ਸੂਰ ਨਾਨਕ ਪਰਗਾਸ ॥
(ਮ: 5—716)

32. ਨਹ ਸਿਵ ਸਕਤੀ ਜਲੁ ਨਹੀ ਪਵਨਾ ਤਹ ਅਕਾਰੁ ਨਹੀ ਮੇਦਨੀ[45] ॥
ਸਤਿਗੁਰ ਜੋਗ ਕਾ ਤਹਾ ਨਿਵਾਸਾ [46]ਜਹ ਅਵਿਗਤ ਨਾਥੁ ਅਗਮ ਧਨੀ ॥
(ਮ: 5—883)

33. ਐਸਾ ਜੋਗੀ ਵਡਭਾਗੀ ਭੇਟੈ ਮਾਇਆ ਕੇ ਬੰਧਨ ਕਾਟੈ ॥
ਸੇਵਾ ਪੂਜ ਕਰਉ ਤਿਸੁ ਮੂਰਤਿ ਕੀ ਨਾਨਕੁ ਤਿਸੁ ਪਗ ਚਾਟੈ ॥(ਮ: 5—208)

34. ਅਨਦਿਨੁ ਮੇਲੁ ਭਇਆ ਮਨੁ ਮਾਨਿਆ ਘਰ ਮੰਦਰ ਸੋਹਾਏ ॥
ਪੰਚ ਸਬਦ ਧੁਨਿ ਅਨਹਦ ਵਾਜੇ ਹਮ ਘਰਿ ਸਾਜਨ ਆਏ ॥ (ਮ: 1—764)

---

44. ਸੋਹੰਗ ਅਵਸਥਾ ਦੀ ਪ੍ਰਾਪਤੀ, ਜਿਸ ਵਿੱਚ ਆਤਮਾ ਨਿਰਮਲ ਹੋ ਕੇ ਪਰਮਾਤਮਾ ਨਾਲ ਮਿਲਣ ਦੇ ਕ਼ਾਬਲ ਬਣ ਜਾਂਦੀ ਹੈ 45. ਸ੍ਰਿਸ਼ਟੀ 46. ਜਿੱਥੇ ਉਸ ਅਲੱਖ ਅਗੰਮ, ਸੁਆਮੀ ਉਸ ਪ੍ਰਭੂ ਦਾ ਵਾਸਾ ਹੈ।

ਨਿਹ-ਕਰਮਤਾ

'ਕਰਮ' ਸ਼ਬਦ ਸੰਸਕ੍ਰਿਤ ਦੇ 'ਕ੍ਰਿ' ਧਾਤੂ ਤੋਂ ਬਣਿਆ ਹੈ ਜਿਸ ਦੇ ਅਰਥ ਹਨ 'ਕਰਨਾ'। ਕਰਨਾ ਤਿੰਨ ਤਰ੍ਹਾਂ ਦਾ ਮੰਨਿਆ ਗਿਆ ਹੈ—ਮਨ ਕਰਕੇ, ਬਚਨ ਕਰਕੇ ਅਤੇ ਕਰਮ ਕਰ ਕੇ ਕਰਨਾ। ਸਪੱਸ਼ਟ ਹੈ ਕਿ ਜੀਵ ਹਰ-ਪਲ ਕਿਸੇ ਨਾ ਕਿਸੇ ਤਰ੍ਹਾਂ ਦਾ ਕਰਮ ਕਰਦਾ ਰਹਿੰਦਾ ਹੈ। ਉਹ ਕਰਮ ਤੋਂ ਬਿਨਾ ਰਹਿ ਹੀ ਨਹੀਂ ਸਕਦਾ। ਤਾਂ ਫਿਰ ਨਿਹ-ਕਰਮਤਾ ਜਾਂ ਕਰਮ-ਰਹਿਤ ਅਵੱਸਥਾ ਕਿਵੇਂ ਪ੍ਰਾਪਤ ਹੋਵੇ ?

ਨਿਹ-ਕਰਮੀ ਹੋਣ ਦਾ ਅਰਥ 'ਕਰਮ ਨਾ ਕਰਨਾ' ਨਹੀਂ, ਕਰਮ ਦੇ ਬੰਧਨ-ਕਾਰੀ ਪ੍ਰਭਾਵ ਤੋਂ ਮੁਕਤ ਹੋਣਾ ਹੈ। ਸਧਾਰਨ ਜੀਵ ਨੂੰ ਹਰ ਕਰਮ ਦਾ ਫਲ ਭੋਗਣਾ ਪੈਂਦਾ ਹੈ। ਹਉਮੈ ਦੀ ਪ੍ਰੇਰਨਾ ਜਾਂ ਮਨ ਦੀ ਮਰਜ਼ੀ ਅਨੁਸਾਰ ਕੀਤੇ ਸੁਆਰਥੀ ਕਰਮ ਬੰਧਨਕਾਰੀ, ਭਾਵ ਆਵਾਗਵਨ ਦਾ ਕਾਰਨ ਹੁੰਦੇ ਹਨ। ਗੁਰੂ ਸਾਹਿਬ ਕਹਿੰਦੇ ਹਨ ਜਦ ਤਕ ਹਉਮੈ ਹੈ, ਨਿਹ-ਕਰਮਤਾ ਨਹੀਂ ਆ ਸਕਦੀ। ਸ਼ਬਦ ਹਉਮੈ ਦਾ ਦੁਸ਼ਮਣ ਹੈ। ਜੋ ਸੱਚੇ ਸ਼ਬਦ ਦੀ ਕਮਾਈ ਕਰਦਾ ਹੈ, ਉਹ ਅਕਾਲਪੁਰਖ ਜਾਂ ਸਤਿਗੁਰੂ ਦੇ ਭਾਣੇ ਵਿੱਚ ਰਹਿੰਦਾ ਹੋਇਆ ਅਧਿਆਤਮਕ-ਕਰਮ ਕਰਦਾ ਹੈ। ਉਹ ਆਸਾ, ਮਨਸਾ ਲੈ ਕੇ ਨਹੀਂ, ਸੁਆਰਥ-ਰਹਿਤ ਭਾਵ ਨਾਲ ਬਿਨਾ ਕਿਸੇ ਫਲ ਦੀ ਇੱਛਾ ਦੇ ਕਰਮ ਕਰਦਾ ਹੈ। ਉਹ ਪ੍ਰਾਲਬਧ ਕਰਮਾਂ ਦਾ ਫਲ ਮਾਲਿਕ ਦੇ ਭਾਣੇ ਵਿੱਚ ਰਹਿ ਕੇ ਖ਼ੁਸੀ-ਖ਼ੁਸ਼ੀ ਭੁਗਤ ਲੈਂਦਾ ਹੈ, ਅੱਗੇ ਲਈ ਜੋ ਕਰਮ ਕਰਦਾ ਹੈ, ਮਾਲਿਕ ਜਾਂ ਸਤਿ-ਗੁਰੂ ਦੇ ਹੁਕਮ ਅਨੁਸਾਰ ਕਰਦਾ ਹੈ ਅਤੇ ਸੰਚਿਤ ਕਰਮਾਂ ਨੂੰ ਸ਼ਬਦ ਜਾਂ ਨਾਮ ਦੀ ਕਮਾਈ ਨਾਲ ਨਾਸ਼ ਕਰ ਲੈਂਦਾ ਹੈ। ਇਸ ਕਾਰਨ ਉਹ ਸਦਾ ਲਈ ਕਰਮਾਂ ਦੇ ਬੰਧਨ ਤੋਂ ਮੁਕਤ ਹੋ ਜਾਂਦਾ ਹੈ। ਗੁਰਮਤਿ ਨਿਹ-ਕਰਮਤਾ ਦੀ ਐਸੀ ਸੱਚੀ-ਸੁੱਚੀ ਜੁਗਤੀ ਸਮਝਾਉਂਦੀ ਹੈ, ਜਿਸ ਵਿੱਚ ਕਰਮ ਦਾ ਤਿਆਗ ਨਹੀਂ ਕੀਤਾ ਜਾਂਦਾ, ਕਰਮ ਦੀ ਦਿਸ਼ਾ ਅਤੇ ਭਾਵਨਾ ਵਿੱਚ ਪਰਿਵਰਤਨ ਲਿਆਂਦਾ ਜਾਂਦਾ ਹੈ। ਪਰਮੇਸ਼ਰ ਨਿਹ-ਕਰਮੀ ਹੈ, ਸਭ ਕੁਝ ਕਰਦਾ ਹੋਇਆ ਵੀ ਕੁਝ ਨਹੀਂ ਕਰਦਾ; ਇਸੇ ਤਰ੍ਹਾਂ ਗੁਰਮੁਖ ਸਭ ਕੁਝ ਸਤਿਗੁਰੂ ਦੇ ਹੁਕਮ ਵਿੱਚ ਰਹਿੰਦਾ ਹੋਇਆ ਸਤਿਗੁਰੂ ਜਾਂ ਪਰਮੇਸ਼ਰ ਦੇ ਨਮਿਤ ਕਰਦਾ ਹੈ ਅਤੇ ਕਰਮ ਕਰਦਾ ਹੋਇਆ ਵੀ ਨਿਹ-ਕਰਮੀ ਹੁੰਦਾ ਹੈ।

1. ਸੋ ਨਿਹਕਰਮੀ ਜੋ ਸਬਦੁ ਬੀਚਾਰੇ ॥ ਅੰਤਰਿ ਤਤੁ ਗਿਆਨਿ ਹਉਮੈ ਮਾਰੇ ॥

ਨਾਮੁ ਪਦਾਰਥੁ ਨਉਨਿਧਿ[1] ਪਾਏ ਤ੍ਰੈਗੁਣ ਮੇਟਿ ਸਮਾਵਣਿਆ ॥
ਹਉਮੈ ਕਰੈ ਨਿਹਕਰਮੀ ਨ ਹੋਵੈ ॥ ਗੁਰਪਰਸਾਦੀ ਹਉਮੈ ਖੋਵੈ ॥
ਅੰਤਰਿ ਬਿਬੇਕੁ[2] ਸਦਾ ਆਪੁ ਵੀਚਾਰੇ ਗੁਰਸਬਦੀ ਗੁਣ ਗਾਵਣਿਆ ॥ (128)

2. ਸੇਵਾ ਕਰਤ ਹੋਇ ਨਿਹਕਾਮੀ ॥
ਤਿਸੁ ਕਉ ਹੋਤ ਪਰਾਪਤਿ ਸੁਆਮੀ ॥ (ਮ: 5—286)

3. ਕਰਮ ਕਰਤ ਹੋਵੈ ਨਿਹਕਰਮ ॥
ਤਿਸੁ ਬੈਸਨੋ ਕਾ ਨਿਰਮਲ ਧਰਮ ॥ (ਮ: 5—274)

4. ਬਰਨ ਸਹਿਤ ਜੋ ਜਾਪੈ ਨਾਮੁ ॥
ਸੋ ਜੋਗੀ ਕੇਵਲ ਨਿਹਕਾਮੁ ॥ (ਰਵਿਦਾਸ, 1167)

5. ਚੂਕਾ ਭਾਰਾ ਕਰਮ ਕਾ ਹੋਏ ਨਿਹਕਰਮਾ ॥
ਸਾਗਰ ਤੇ ਕੰਢੈ ਚੜੇ ਗੁਰਿ ਕੀਨੇ ਧਰਮਾ ॥ (ਮ: 5—1002)

6. ਸਚਾ ਸਬਦੁ ਸਚੁ ਮਨਿ ਘਰ ਹੀ ਮਾਹਿ ਉਦਾਸਾ ॥
ਨਾਨਕ ਸਤਿਗੁਰੁ ਸੇਵਨਿ ਆਪਣਾ ਸੇ ਆਸਾ ਤੇ ਨਿਰਾਸਾ ॥ (ਮ: 1—140)

7. ਲਾਲੁ ਰਤਨੁ ਹਰਿਨਾਮੁ ਗੁਰਿ ਸੁਰਤਿ ਬੁਝਾਈਐ ॥
ਸਦਾ ਰਹੈ ਨਿਹਕਾਮੁ ਜੇ ਗੁਰਮਤਿ ਪਾਈਐ ॥ (ਮ: 1—752)

8. [3]ਏਕਲ ਚਿੰਤਾ ਰਾਖੁ ਅਨੰਤਾ ਅਉਰ ਤਜਹੁ ਸਭ ਆਸਾ ਰੇ ॥
ਪ੍ਰਣਵੈ ਨਾਮਾ [4]ਭਏ ਨਿਹਕਾਮਾ ਕੋ ਠਾਕੁਰੁ ਕੋ ਦਾਸਾ ਰੇ ॥ (ਨਾਮਦੇਵ, 988)

9. ਪੂਜਾ ਜਾਪ ਤਾਪ ਇਸਨਾਨ ॥
ਸਿਮਰਤ ਨਾਮ ਭਏ ਨਿਹਕਾਮ ॥ (ਮ: 5—1137)

10. ਜਬ ਆਸਾ ਅੰਦੇਸਾ ਤਬ ਹੀ ਕਿਉਕਰਿ ਏਕੁ ਕਹੈ ॥
ਆਸਾ ਭੀਤਰਿ ਰਹੈ ਨਿਰਾਸਾ ਤਉ ਨਾਨਕ ਏਕੁ ਮਿਲੈ ॥ (ਮ: 1—877)

---

1. ਨੌਂ ਨਿੱਧਾਂ (ਖ਼ਜ਼ਾਨੇ); ਸ਼ਾਸਤਰਾਂ ਵਿੱਚ ਪਦਮ (ਸੋਨਾ ਚਾਂਦੀ), ਮਹਾਂ-ਪਦਮ (ਹੀਰੇ-ਜਵਾਹਰਾਤ), ਸੰਖ (ਸੁੰਦਰਤਾ ਅਤੇ ਵਸਤਰ), ਮਕਰ (ਸ਼ਾਸਤਰ ਵਿਦਿਆ ਦੀ ਪ੍ਰਾਪਤੀ ਅਤੇ ਰਾਜ-ਦਰਬਾਰ ਵਿੱਚ ਮਾਨ), ਕਸ਼ਪ (ਕਪੜੇ ਅਤੇ ਅੰਨ ਦਾ ਵਪਾਰ), ਮੁਕੰਦ (ਕੋਮਲ ਕਲਾਂ ਦੀ ਪ੍ਰਾਪਤੀ), ਕੁੰਦ (ਸੋਨੇ ਦਾ ਵਾਪਾਰ) ਨੀਲ (ਮੋਤੀ ਮੂੰਗੇ ਦਾ ਵਾਪਾਰ), ਅਤੇ ਖਰਬ ਨੌਂ ਨਿਧਾਂ ਮੰਨੀਆਂ ਗਈਆਂ ਹਨ 2. ਗਿਆਨ 3. ਸਿਰਫ਼ ਇਕ ਪ੍ਰਭੂ ਦਾ ਧਿਆਨ ਕਰੋ, ਬਾਕੀ ਹਰ ਤਰ੍ਹਾਂ ਦੀ ਆਸ ਤਿਆਗ ਦਵੋ 4. ਕੋਈ ਵਿਰਲਾ ਪ੍ਰਭੂ ਦਾ ਦਾਸ ਇਸ ਤਰ੍ਹਾਂ ਨਿਹਕਰਮੀ ਬਣਦਾ ਹੈ ।

ਪ੍ਰਾਪਤੀ

ਬਾਣੀ ਵਿੱਚ ਸੰਸਾਰ ਅਤੇ ਇਸ ਦੀਆਂ ਸਭ ਪ੍ਰਾਪਤੀਆਂ ਨੂੰ ਅਸਾਰ, ਕੇਵਲ ਪਰਮੇਸ਼ਰ, ਸਤਿਗੁਰੂ ਤੇ ਉਸ ਦੇ ਸੱਚੇ ਨਾਮ ਨੂੰ ਸੱਚੀ ਪ੍ਰਾਪਤੀ ਮੰਨਿਆ ਗਿਆ ਹੈ। ਜਿਹੜੇ ਗੁਰਮੁੱਖ ਸ਼ਬਦ ਦੀ ਕਮਾਈ ਕਰ ਰਹੇ ਹਨ, ਉਹੀ ਸਾਰ-ਵਸਤੂ ਜਾਂ ਸਾਰ-ਪਦਾਰਥ ਇਕੱਠਾ ਕਰ ਰਹੇ ਹਨ। ਉਹ ਆਪਣੇ ਅੰਦਰੋਂ ਨਾਮ ਦੇ ਅਮੋਲਕ ਖ਼ਜ਼ਾਨੇ ਪ੍ਰਾਪਤ ਕਰ ਲੈਂਦੇ ਹਨ। ਉਨ੍ਹਾਂ ਨੂੰ ਪਰਮੇਸ਼ਰ ਦੇ ਪ੍ਰੇਮ ਦੀ ਸੱਚੀ ਦਾਤ ਪ੍ਰਾਪਤ ਹੋ ਜਾਂਦੀ ਹੈ। ਉਨ੍ਹਾਂ ਨੂੰ ਪ੍ਰਭੂ ਦਾ ਭਾਣਾ ਮਿੱਠਾ ਲੱਗਦਾ ਹੈ ਤੇ ਦੁੱਖ-ਸੁੱਖ, ਕੱਚ-ਕੰਚਨ, ਮਿੱਤਰ-ਸ਼ੱਤਰੂ ਵਿੱਚ ਕੋਈ ਭੇਦ ਨਹੀਂ ਭਾਸਦਾ। ਉਨ੍ਹਾਂ ਦੇ ਸੰਸੇ ਤੇ ਭਰਮ ਮਿਟ ਜਾਂਦੇ ਹਨ ਤੇ ਸਹਿਜ ਸੁੱਖ ਦੀ ਪ੍ਰਾਪਤੀ ਹੋ ਜਾਂਦੀ ਹੈ। ਜਮਦੂਤ ਉਨ੍ਹਾਂ ਦੇ ਨੇੜੇ ਨਹੀਂ ਆ ਸਕਦੇ। ਉਹ ਸਵਰਗ-ਨਰਕ ਦੋਹਾਂ ਤੋਂ ਮੁਕਤ ਹੋ ਜਾਂਦੇ ਹਨ। ਐਸੇ ਗੁਰਮੁੱਖ ਸਭ ਤੋਂ ਉੱਚੀ ਅਤੇ ਸੱਚੀ-ਸੁੱਚੀ ਦਾਤ ਪ੍ਰਾਪਤ ਕਰ ਲੈਂਦੇ ਹਨ। ਉਹ ਕੁਲ ਮਾਲਿਕ, ਅਕਾਲਪੁਰਖ ਨੂੰ ਪਾ ਕੇ ਸ਼ਾਹਾਂ ਦੇ ਸ਼ਾਹ ਬਣ ਜਾਂਦੇ ਹਨ।

1. [1]ਚਿਤ੍ਰ ਗੁਪਤ ਕਾ [2]ਕਾਗਦੁ ਫਾਰਿਆ ਜਮਦੂਤਾ ਕਛੂ ਨ ਚਲੀ ॥
   ਨਾਨਕੁ ਸਿਖ ਦੇਇ ਮਨ ਪ੍ਰੀਤਮ ਹਰਿ ਲਦੇ ਖੇਪ ਸਵਲੀ ॥ (ਮ: 5—79)
2. ਜਤ ਕਤ ਦੇਖਉ ਤਤ ਤਤ ਤੁਮ ਹੀ ਮੋਹਿ ਇਹੁ ਬਿਸੁਆਸੁ ਹੋਇ ਆਇਓ ॥
   ਕੈ ਪਹਿ ਕਰਉ ਅਰਦਾਸਿ ਬੇਨਤੀ ਜਉ ਸੁਨਤੋ ਹੈ ਰਘੁਰਾਇਓ ॥
   ਲਹਿਓ ਸਹਸਾ ਬੰਧਨ ਗੁਰਿ ਤੋਰੇ ਤਾਂ ਸਦਾ ਸਹਜ ਸੁਖੁ ਪਾਇਓ ॥
   ਹੋਣਾ ਸਾ ਸੋਈ ਫੁਨਿ ਹੋਸੀ ਸੁਖੁ ਦੁਖੁ ਕਹਾ ਦਿਖਾਇਓ ॥
   ਖੰਡ ਬ੍ਰਹਮੰਡ ਕਾ ਏਕੋ ਠਾਣਾ[3] ਗੁਰਿ ਪਰਦਾ ਖੋਲਿ ਦਿਖਾਇਓ ॥
   ਨਉ ਨਿਧਿ ਨਾਮੁ ਨਿਧਾਨੁ ਇਕ ਠਾਈ ਤਉ ਬਾਹਰਿ ਕੈਠੇ ਜਾਇਓ ॥
   ਏਕੈ ਕਨਿਕ[4] ਅਨਿਕ ਭਾਤਿ ਸਾਜੀ ਬਹੁ ਪਰਕਾਰ ਰਚਾਇਓ ॥
   ਕਹੁ ਨਾਨਕ ਭਰਮੁ ਗੁਰਿ ਖੋਈ ਹੈ ਇਵ ਤਤੈ ਤਤੁ ਮਿਲਾਇਓ ॥ (205)
3. ਨਾ ਕੋ ਮੇਰਾ ਦੁਸਮਨੁ ਰਹਿਆ ਨਾ ਹਮ ਕਿਸ ਕੇ ਬੈਰਾਈ ॥
   ਬ੍ਰਹਮੁ ਪਸਾਰੁ ਪਸਾਰਿਓ ਭੀਤਰਿ ਸਤਿਗੁਰ ਤੇ ਸੋਝੀ ਪਾਈ ॥
   ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ ॥
   ਦੂਰਿ ਪਰਾਇਓ ਮਨ ਕਾ ਬਿਰਹਾ ਤਾ ਮੇਲੁ ਕੀਓ ਮੇਰੈ ਰਾਜਨ ॥

---

1. ਜੀਵ ਦੇ ਕਰਮਾਂ ਦਾ ਲੇਖਾ ਰੱਖਣ ਵਾਲੇ ਧਰਮ ਰਾਜ ਦੇ ਕਰਿੰਦੇ 2. ਲੇਖਾ ਫਾੜ ਛੱਡਿਆ 3. ਟਿਕਾਣਾ 4. ਸੋਨਾ।

[5]ਬਿਨਸਿਓ ਢੀਠਾ [6]ਅੰਮ੍ਰਿਤੁ ਵੂਠਾ ਸਬਦੁ ਲਗੋ ਗੁਰ ਮੀਠਾ ॥
ਜਲਿ ਥਲਿ ਮਹੀਅਲਿ[7] ਸਰਬ ਨਿਵਾਸੀ ਨਾਨਕ ਰਮਈਆ ਡੀਠਾ ॥ (671)

4. ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ ॥
ਜੋ ਪ੍ਰਭ ਕੀਨੋ ਸੋ ਭਲ ਮਾਨਿਓ ਏਹ ਸੁਮਤਿ ਸਾਧੂ ਤੇ ਪਾਈ ॥
(ਮ: 5—1299)

5. ਜਬ ਹਮ ਹੋਤੇ ਤਬ ਤੁਮ ਨਾਹੀ ਅਬ ਤੁਮ ਹਹੁ ਹਮ ਨਾਹੀ ॥
ਅਬ ਹਮ ਤੁਮ ਏਕ ਭਏ ਹਹਿ ਏਕੈ ਦੇਖਤ [8]ਮਨੁ ਪਤੀਆਹੀ ॥ (ਕਬੀਰ, 339)

6. ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ ॥
[9]ਅਨਲ ਅਗਮ ਜੈਸੇ ਲਹਰਿ ਮਇਓਦਧਿ ਜਲ ਕੇਵਲ ਜਲ ਮਾਂਹੀ ॥ (657)

7. ਜਉ ਹਮ ਬਾਂਧੇ ਮੋਹ ਫਾਸ ਹਮ ਪ੍ਰੇਮ ਬਧਨਿ ਤੁਮ ਬਾਧੇ ॥
ਅਪਨੇ ਛੂਟਨ ਕੋ ਜਤਨੁ ਕਰਹੁ ਹਮ ਛੂਟੇ ਤੁਮ ਆਰਾਧੇ[10] ॥(ਰਵਿਦਾਸ, 658)

8. ਫੂਟੋ ਆਂਡਾ ਭਰਮ ਕਾ ਮਨਹਿ ਭਇਓ ਪਰਗਾਸੁ ॥
ਕਾਟੀ ਬੇਰੀ ਪਗਹ ਤੇ ਗੁਰਿ ਕੀਨੀ ਬੰਦਿ ਖਲਾਸੁ ॥ (ਮ: 5—1002)

9. ਦੁਖੁ ਨਾਹੀ ਸਭੁ ਸੁਖੁ ਹੀ ਹੈ ਰੇ ਏਕੈ [11]ਏਕੀ ਨੇਤੈ ॥
ਬੁਰਾ ਨਹੀ ਸਭੁ ਭਲਾ ਹੀ ਹੈ ਰੇ ਹਾਰ ਨਹੀ ਸਭ ਜੇਤੈ[12] ॥ (ਮ: 5—302)

10. ਕਵਨੁ ਨਰਕੁ ਕਿਆ ਸਰਗੁ ਬਿਚਾਰਾ [13]ਸੰਤਨ ਦੋਊ ਰਾਦੇ ॥
ਹਮ ਕਾਹੂ ਕੀ [14]ਕਾਣਿ ਨ ਕਢਤੇ ਅਪਨੇ ਗੁਰਪਰਸਾਦੇ ॥
ਅਬ ਤਉ ਜਾਇ ਚਢੇ ਸਿੰਘਾਸਨਿ ਮਿਲੇ ਹੈ ਸਾਰਿੰਗਪਾਨੀ[15] ॥
ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ ॥ (ਕਬੀਰ, 969)

11. ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ ॥
ਜਬ ਆਪਾ ਪਰ ਕਾ ਮਿਟਿ ਗਇਆ ਜਤ ਦੇਖਉ ਤਤ ਤੂ ॥ (ਕਬੀਰ, 1375)

---

5 ਮਨ ਦਾ ਢੀਠਪੁਣਾ ਦੂਰ ਹੋ ਗਿਆ 6. ਮਨ ਵਿੱਚ ਸ਼ਬਦ ਰੂਪੀ ਮਿੱਠਾ ਅੰਮ੍ਰਿਤ ਬਰਸਿਆ 7. ਧਰਤੀ ਅਤੇ ਆਕਾਸ਼ ਦੇ ਵਿਚਕਾਰਲਾ ਭਾਗ 8. ਮਨ ਪਤੀਜ ਗਿਆ 9. ਅਨਲ=ਹਵਾ; ਮਇਓਦਧਿ=ਸਮੁੰਦਰ ਵਿੱਚ; ਭਾਵ ਜਿਸ ਤਰ੍ਹਾਂ ਸਮੁੰਦਰ ਵਿੱਚ ਲਹਿਰਾਂ ਉਠਦੀਆਂ ਹਨ, ਪਰ ਉਹ ਪਾਣੀ ਵਿੱਚ ਪਾਣੀ ਹੀ ਹੁੰਦੀਆਂ ਹਨ 10. ਭਗਤੀ ਕਰ ਕੇ 11. ਨੇਤੈ=ਨੇਤਰਾਂ ਨਾਲ; ਭਾਵ ਨੇਤਰਾਂ ਨਾਲ ਇਕੋ ਪ੍ਰਭੂ ਨੂੰ ਦੇਖਦਾ ਹੈ 12. ਜਿੱਤ 13. ਸੰਤਾਂ ਨੇ ਨਰਕ-ਸੁਰਗ ਦੋਹਾਂ ਨੂੰ ਰੱਦ ਕਰ ਦਿੱਤਾ ਹੈ 14. ਮੁਥਾਜੀ, ਪਰਵਾਹ 15. ਪ੍ਰਭੂ।

ਗੁਰੂ ਦੀ ਬਖ਼ਸ਼ਿਸ਼

ਸਤਿਗੁਰੂ ਦਇਆ ਦੇ ਪੁੰਜ ਹੁੰਦੇ ਹਨ ਅਤੇ ਉਹ ਪ੍ਰਸੰਨ ਹੋ ਕੇ ਸਿੱਖ ਨੂੰ ਆਪਣੀ ਬਖ਼ਸ਼ੀਸ਼ ਦੁਆਰਾ ਨਿਹਾਲ ਕਰ ਦੇਂਦੇ ਹਨ। ਸਤਿਗੁਰੂ ਦੀ ਮਿਹਰ ਭਰੀ ਦ੍ਰਿਸ਼ਟੀ, ਉਨ੍ਹਾਂ ਦਾ ਸਿੱਖ ਦੇ ਮਸਤਕ ਉੱਤੇ ਹੱਥ ਧਰਨਾ, ਐਸੀ ਅਲੌਕਿਕ ਬਖ਼ਸ਼ੀਸ਼ ਹੈ, ਜੋ ਸਿੱਖ ਦੀ ਕਾਇਆ-ਕਲਪ ਕਰ ਦੇਂਦੀ ਹੈ ਅਤੇ ਉਸ ਦੇ ਲੋਕ-ਪਰਲੋਕ ਸੁਆਰ ਦੇਂਦੀ ਹੈ।

ਵਿਰਲੇ ਵਡਭਾਗੀ ਜੀਵਾਂ ਦੇ ਮੱਥੇ ਉੱਤੇ ਸਤਿਗੁਰੂ ਆਪਣਾ ਹੱਥ ਧਰਦਾ ਹੈ। ਸਤਿਗੁਰੂ ਦੀ ਇਹ ਬਖ਼ਸ਼ੀਸ਼ ਚਹੁੰ-ਕੂੰਟਾਂ ਵਿੱਚ ਸਿੱਖ ਦੀ ਸਹਾਇਤਾ ਕਰਦੀ ਹੈ। ਸਾਰਾ ਜਗਤ ਐਸੇ ਸਿੱਖ ਦੇ ਪੈਰਾਂ ਉੱਤੇ ਝੁਕਦਾ ਹੈ ਅਤੇ ਖੰਡ-ਬ੍ਰਹਮੰਡ ਵੀ ਉਸ ਨੂੰ ਨਮਸਕਾਰ ਕਰਦੇ ਹਨ। ਸਤਿਗੁਰੂ ਦੀ ਪਵਿੱਤਰ ਬਖ਼ਸ਼ੀਸ਼ ਨਾਲ ਸਿੱਖ ਦੇ ਅਨੇਕ ਪਾਪ ਨਾਸ਼ ਹੋ ਜਾਂਦੇ ਹਨ, ਉਸ ਦੀ ਹਉਮੈ ਮਿਟ ਜਾਂਦੀ ਹੈ, ਉਸ ਦਾ ਪਰਦਾ ਖੁਲ੍ਹ ਜਾਂਦਾ ਹੈ, ਅਤੇ ਉਹਦੇ ਅੰਦਰ ਨਾਮ ਦਾ ਗੁਪਤ ਅੰਮ੍ਰਿਤ ਸਰੋਵਰ ਪ੍ਰਗਟ ਹੋ ਜਾਂਦਾ ਹੈ। ਗੁਰੂ ਦੀ ਬਖ਼ਸ਼ੀਸ਼ ਸਿੱਖ ਦੀਆਂ ਸਭ ਚਿੰਤਾਵਾਂ, ਤ੍ਰਿਸ਼ਨਾਵਾਂ, ਸਮਾਪਤ ਕਰ ਦੇਂਦੀ ਹੈ, ਉਸਦਾ ਅਕਾਲਪੁਰਖ ਨਾਲ ਮਿਲਾਪ ਕਰਾ ਦਿੰਦੀ ਹੈ ਅਤੇ ਉਸ ਦੇ ਅੰਦਰ ਮਹਾਂ-ਆਨੰਦ ਦਾ ਸਦੀਵੀ ਸੋਮਾ ਪ੍ਰਗਟ ਕਰ ਦੇਂਦੀ ਹੈ।

1. ਕਿਤੁ ਮੁਖਿ ਗੁਰੁ ਸਾਲਾਹੀਐ ਕਰਣ ਕਾਰਣ ਸਮਰਥੁ ॥
   ਸੇ ਮਥੇ ਨਿਹਚਲ ਰਹੇ ਜਿਨ ਗੁਰਿ ਧਾਰਿਆ ਹਥੁ ॥ (ਮ: 5—49)
2. ਨੈਣ ਤ੍ਰਿਪਤਾਸੇ ਦੇਖਿ ਦਰਸਾਵਾ ਗੁਰਿ ਕਰ ਧਾਰੇ ਮੇਰੈ ਮਾਥੈ ॥
   ਕਹੁ ਨਾਨਕ ਮੈ ਅਤੁਲ ਸੁਖੁ ਪਾਇਆ ਜਨਮ ਮਰਣ ਭੈ ਲਾਥੇ ॥(ਮ:5,1273)
3. ਗੁਰ ਕੇ ਚਰਨ ਬਸੇ ਰਿਦ ਭੀਤਰਿ [1]ਸੁਭ ਲਖਣ ਪ੍ਰਭਿ ਕੀਨੇ ॥
   ਭਏ ਕ੍ਰਿਪਾਲ ਪੂਰਨ ਪਰਮੇਸਰ ਨਾਮ ਨਿਧਾਨ ਮਨਿ ਚੀਨੇ ॥ (ਮ: 5—618)
4. ਜੇਤੀ ਸਿਆਨਪ ਕਰਮ ਹਉ ਕੀਏ ਤੇਤੇ ਬੰਧ ਪਰੇ ॥
   ਜਉ ਸਾਧੂ ਕਰੁ ਮਸਤਕਿ ਧਰਿਓ ਤਬ ਹਮ ਮੁਕਤ ਭਏ ॥ (ਮ: 5—214)
5. ਲਾਥੀ ਭੂਖ ਤ੍ਰਿਸਨ ਸਭ ਲਾਥੀ ਚਿੰਤਾ ਸਗਲ ਬਿਸਾਰੀ ॥
   ਕਰੁ ਮਸਤਕਿ ਗੁਰਿ ਪੂਰੈ ਧਰਿਓ ਮਨੁ ਜੀਤੋ ਜਗੁ ਸਾਰੀ ॥ (ਮ: 5—215)

---

1. ਚੰਗੇ ਲਗਨ (ਲੱਛਣ) ਹਨ ਕਿ ਪ੍ਰਭੂ ਦੀ ਕਿਰਪਾ ਨਾਲ ਮੇਰੇ ਹਿਰਦੇ ਵਿੱਚ ਸਤਿਗੁਰੂ ਦੇ ਚਰਨ ਵੱਸ ਗਏ ਹਨ।

6. ਸਤਿਗੁਰਿ ਸੰਤੁ ਮਿਲਾਇਆ ਮਸਤਕਿ ਧਰਿ ਕੈ ਹਥੁ ॥
ਵਡਾ ਸਾਹਿਬੁ ਗੁਰੂ ਮਿਲਾਇਆ ਜਿਨਿ ਤਾਰਿਆ ਸਗਲ ਜਗਤੁ ॥
(ਮ: 5—958)

7. ਤੁਮ ਵਡ ਅਗਮ ਅਗਾਧਿ ਬੋਧਿ ਪ੍ਰਭ ਮਤਿ ਦੇਵਹੁ ਹਰਿਪ੍ਰਭ ਲਹੇ ॥
ਜਨ ਨਾਨਕ ਕਉ ਗੁਰਿ ਹਾਥੁ ਸਿਰਿ ਧਰਿਓ ਹਰਿ ਰਾਮ ਨਾਮਿ ਰਵਿ ਰਹੇ ॥
(ਮ: 4—1336)

8. ਜਿਸੁ ਮਸਤਕਿ ਗੁਰਿ ਧਰਿਆ ਹਾਥੁ ॥
ਕੋਟਿ ਮਧੇ ਕੋ ਵਿਰਲਾ ਦਾਸੁ ॥ (ਮ: 5—1340)

9. ਮੈ ਸੁਖੀ ਹੂੰ ਸੁਖੁ ਪਾਇਆ ॥ ਗੁਰਿ ਅੰਤਰਿ ਸਬਦੁ ਵਸਾਇਆ ॥
ਸਤਿਗੁਰਿ ਪੁਰਖਿ ਵਿਖਾਲਿਆ ਮਸਤਕਿ ਧਰਿ ਕੈ ਹਥੁ ਜੀਉ ॥ (ਮ: 5—73)

10. ਤੂ ਸਭ ਮਹਿ ਵਰਤਹਿ ਹਰਿ ਜਗੰਨਾਥੁ ॥
ਸੋ ਹਰਿ ਜਪੈ ਜਿਸੁ ਗੁਰ ਮਸਤਕਿ ਹਾਥੁ ॥ (ਮ: 4—1071)

11. ਤਿਸੁ ਸਾਲਾਹੀ ਜਿਸੁ ਹਰਿ ਧਨੁ ਰਾਸਿ ॥
ਸੋ ਵਡਭਾਗੀ ਜਿਸੁ ਗੁਰ ਮਸਤਕਿ ਹਾਥੁ ॥ (ਮ: 5—1155)

12. ਸੰਤਹ ਚਰਨ ਮੋਰਲੋ ਮਾਥਾ ॥
ਹਮਰੇ ਮਸਤਕਿ ਸੰਤ ਧਰੇ ਹਾਥਾ ॥ (ਮ: 5—1206)

13. ਜਾ ਕੈ ਮਸਤਕਿ ਰਾਖੈ ਹਾਥੁ ॥
ਪ੍ਰਭੁ ਮੇਰੋ ਅਨਾਥ ਕੋ ਨਾਥੁ ॥ (ਮ: 5—900)

14. [2]ਗਹਿ ਭੁਜਾ ਲੀਨੇ ਨਾਮ ਦੀਨੇ ਕਰੁ ਧਾਰਿ ਮਸਤਕਿ ਰਾਖਿਆ ॥
ਸੰਸਾਰ ਸਾਗਰੁ ਨਹ ਵਿਆਪੈ ਅਮਿਉ[3] ਹਰਿ ਰਸੁ ਚਾਖਿਆ ॥ (ਮ: 5-461)

15. ਤਿਸ ਕਉ ਖੰਡ ਬ੍ਰਹਮੰਡ ਨਮਸਕਾਰੁ ਕਰਹਿ
ਜਿਸ ਕੈ ਮਸਤਕਿ ਹਥੁ ਧਰਿਆ ਗੁਰਿ ਪੂਰੈ ਸੋ ਪੂਰਾ ਹੋਈ ॥
ਗੁਰ ਕੀ ਵਡਿਆਈ ਨਿਤ ਚੜੈ ਸਵਾਈ ਅਪੜਿ ਕੋ ਨ ਸਕੋਈ ॥
(ਮ: 4—309)

2. ਬਾਂਹ ਫੜ ਕੇ 3. ਅੰਮ੍ਰਿਤ ।

ਗੁਣ-ਗ੍ਰਹਿਣ

ਕੁਲ ਮਾਲਿਕ ਸਾਰਿਆਂ ਗੁਣਾਂ ਦਾ ਭੰਡਾਰ ਹੈ। ਜਿਹੜੀ ਆਤਮਾ ਪਰਮਾਰਥਕ ਗੁਣਾਂ ਨੂੰ ਧਾਰਨ ਕਰੇ, ਓਹੀ ਉਸ ਮਾਲਿਕ ਨੂੰ ਭਾਉਂਦੀ ਹੈ, ਅਤੇ ਕੇਵਲ ਐਸੀ ਆਤਮਾ ਹੀ ਸੁਹਾਗਣ ਹੁੰਦੀ ਹੈ। ਗੁਣ ਤਾਂ ਅਨੇਕ ਹਨ ਜੋ ਹਰ ਜੀਵ ਨੂੰ ਗ੍ਰਹਿਣ ਕਰਨੇ ਚਾਹੀਦੇ ਹਨ, ਪਰ ਜਗਿਆਸੂਆਂ ਦੀ ਸੁਵਿਧਾ ਤੇ ਲਾਭ ਲਈ ਗੁਰਬਾਣੀ ਵਿੱਚ ਦਰਸਾਏ ਗਏ ਗੁਣਾਂ ਦਾ 15 ਸਿਰਲੇਖਾਂ ਹੇਠ ਵੇਰਵਾ ਦਿੱਤਾ ਜਾ ਰਿਹਾ ਹੈ। ਹਰ ਅਭਿਆਸੀ ਨੂੰ ਜੀਵਨ ਵਿੱਚ ਇਨ੍ਹਾਂ ਗੁਣਾਂ ਨੂੰ ਆਪਣੇ ਅੰਦਰ ਧਾਰਨ ਕਰਕੇ ਆਪਣਾ ਜਨਮ ਸਫਲ ਕਰਨਾ ਚਾਹੀਦਾ ਹੈ। ਇਹ ਗੁਣ ਇਸ ਪ੍ਰਕਾਰ ਹਨ :—

1. ਨਾਮ ਜਪਣਾ ਤੇ ਪਰਮੇਸ਼ਰ ਨੂੰ ਸਦਾ ਹਾਜ਼ਰ-ਨਾਜ਼ਰ ਸਮਝਣਾ।
2. ਆਪਾ-ਭਾਵ ਤਿਆਗ ਕੇ ਹਰੀ ਦੇ ਗੁਣ ਗਾਉਣਾ।
3. ਕਿਸੇ ਦਾ ਦਿਲ ਨਾ ਦੁਖਾਉਣਾ।
4. ਫਿੱਕਾ ਨਾ ਬੋਲਣਾ, ਸਦਾ ਮਿੱਠਾ ਬੋਲਣਾ।
5. ਮਾਲਿਕ ਦੇ ਭੈ ਵਿੱਚ ਰਹਿਣਾ।
6. ਪਰਮਾਤਮਾ ਅਤੇ ਸਤਿਗੁਰੂ ਦਾ ਹੁਕਮ ਮੰਨਣਾ।
7. ਤ੍ਰਿਸ਼ਨਾ ਤੇ ਵਿਕਾਰਾਂ ਦਾ ਤਜਣਾ।
8. ਹਉਮੈ ਮਿਟਾਉਣਾ, ਦੂਜਾ-ਭਾਵ ਤਿਆਗਣਾ ਤੇ ਕਿਸੇ ਨੂੰ ਬੁਰਾ ਨਾ ਸਮਝਣਾ।
9. ਬੁਰੇ ਦਾ ਭਲਾ ਕਰਨਾ, ਗੁੱਸਾ ਨਾ ਕਰਨਾ ਤੇ ਆਪਣੇ ਔਗੁਣਾਂ ਨੂੰ ਆਪ ਵਿਚਾਰਨਾ।
10. ਦੁਰਮਤ ਤਜਣਾ, ਪਰਾਈ ਨਿੰਦਾ ਤੋਂ ਬਚਣਾ।
11. ਸਤ, ਸ਼ੀਲ, ਸੰਤੋਖ, ਦਇਆ, ਖਿਮਾਂ, ਵਿਵੇਕ, ਨਿਮਰਤਾ ਧਾਰਨ ਕਰਨਾ ਤੇ ਸਦਾ ਸ਼ਾਂਤ ਰਹਿਣਾ।
12. ਆਪਣੇ ਆਪ ਨੂੰ ਪਛਾਣਨਾ।
13. ਸੰਤਾਂ ਦਾ ਦਾਸ ਬਣਨਾ ਅਤੇ ਸਾਧ-ਸੰਗਤ ਦੀ ਸੇਵਾ ਵਿੱਚ ਰਹਿਣਾ।
14. ਸਭ ਨੂੰ ਮਿੱਤਰ ਸਮਝਣਾ ਤੇ ਕਿਸੇ ਨੂੰ ਦੁੱਖ ਨਾ ਦੇਣਾ।
15. ਮਰਨ ਕਬੂਲ ਕਰਨਾ ਤੇ ਜੀਵਨ ਦੀ ਆਸ ਨੂੰ ਛੱਡਣਾ।

1. ਸੰਤਾ ਕੀ ਹੋਇ ਦਾਸਰੀ ਏਹੁ ਅਚਾਰਾ[1] ਸਿਖੁ ਰੀ ॥
ਸਗਲ ਗੁਣਾ ਗੁਣ ਊਤਮੋ ਭਰਤਾ ਦੂਰਿ ਨ ਪਿਖੁ[2] ਰੀ ॥ (ਮ: 5 – 400)

---

1. ਆਚਰਣ; ਭਾਵ ਇਹ ਕਰਣੀ ਅਪਣਾ ਕਿ ਸੰਤਾਂ ਦੀ ਦਾਸੀ ਬਣ ਜਾ 2. ਦੇਖ।

2. ਦਾਸਨਿ ਦਾਸ ਦਾਸ ਹੋਇ ਰਹੀਐ ਜੋ ਜਨ ਰਾਮ ਭਗਤ ਨਿਜ ਭਈਆ ॥
ਮਨੁ ਬੁਧਿ ਅਰਪਿ ਧਰਉ ਗੁਰ ਆਗੈ ਗੁਰ ਪਰਸਾਦੀ ਮੈ ਅਕਥੁ ਕਥਈਆ ॥
(ਮ: 4—834)

3. ਚਰਣ ਪਖਾਰਿ[3] ਕਰਉ ਗੁਰ ਸੇਵਾ ਆਤਮ ਸੁਧੁ ਬਿਖੁ ਤਿਆਸ ਨਿਵਾਰੀ ॥
ਦਾਸਨ ਕੀ ਹੋਇ ਦਾਸਿ ਦਾਸਰੀ ਤਾ ਪਾਵਹਿ ਸੋਭਾ ਹਰਿ ਦੁਆਰੀ ॥ (377)

4. ਸਦ ਹੀ ਨਿਕਟਿ ਜਾਨਉ ਪ੍ਰਭ ਸੁਆਮੀ ਸਗਲ ਰੇਣ ਹੋਇ ਰਹੀਐ ॥
ਸਾਧੂ ਸੰਗਤਿ ਹੋਇ ਪਰਾਪਤਿ ਤਾ ਪ੍ਰਭੁ ਅਪੁਨਾ ਲਹੀਐ ॥ (ਮ: 5—713)

5. ਏਕ ਜੋਤਿ ਏਕੋ ਮਨਿ ਵਸਿਆ ਸਭ ਬ੍ਰਹਮ ਦ੍ਰਿਸਟਿ ਇਕੁ ਕੀਜੈ ॥
ਆਤਮਰਾਮੁ ਸਭ ਏਕੈ ਹੈ ਪਸਰੇ ਸਭ ਚਰਨ ਤਲੇ ਸਿਰੁ ਦੀਜੈ ॥ (ਮ:4,1325)

6. ਸਭ ਕੀ ਰੇਨੁ ਹੋਇ ਰਹੈ ਮਨੂਆ ਸਗਲੇ ਦੀਸਹਿ ਮੀਤ ਪਿਆਰੇ ॥
ਸਭ ਮਧੇ ਰਵਿਆ ਮੇਰਾ ਠਾਕੁਰੁ ਦਾਨੁ ਦੇਤ ਸਭਿ ਜੀਅ ਸਮ੍ਹਾਰੇ ॥ (ਮ:5,379)

7. ਭਰਮੁ ਚੁਕਾਵਹੁ ਗੁਰਮੁਖਿ ਲਿਵ ਲਾਵਹੁ ਆਤਮੁ ਚੀਨਹੁ[4] ਭਾਈ ॥
ਨਿਕਟਿ ਕਰਿ ਜਾਣਹੁ ਸਦਾ ਪ੍ਰਭੁ ਹਾਜਰੁ ਕਿਸੁ ਸਿਉ ਕਰਹੁ ਬੁਰਾਈ ॥(883)

8. ਰੋਸੁ ਨ ਕਾਹੂ ਸੰਗ ਕਰਹੁ ਆਪਨ ਆਪੁ ਬੀਚਾਰਿ ॥
ਹੋਇ ਨਿਮਾਨਾ ਜਗਿ ਰਹਹੁ ਨਾਨਕ ਨਦਰੀ ਪਾਰਿ ॥ (ਮ: 5—259)

9 [5]ਜਾ ਰਹਣਾ ਨਾਹੀ ਐਤੁ ਜਗਿ ਤਾ ਕਾਇਤੁ ਗਾਰਬਿ ਹੰਢੀਐ ॥
ਮੰਦਾ ਕਿਸੈ ਨ ਆਖੀਐ ਪੜਿ ਅਖਰੁ ਏਹੋ ਬੁਝੀਐ ॥ ਮੂਰਖੈ ਸੰਗਿ ਨ ਲੁਝੀਐ ॥
(ਮ: 1—473)

10 ਫਰੀਦਾ ਬੁਰੇ ਦਾ ਭਲਾ ਕਰਿ [6]ਗੁਸਾ ਮਨਿ ਨ ਹੰਢਾਇ ॥
ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ ॥ (ਫਰੀਦ, 1381)

11 ਫਰੀਦਾ [7]ਖਾਲਕੁ ਖਲਕ ਮਹਿ ਖਲਕ ਵਸੈ ਰਬ ਮਾਹਿ ॥
ਮੰਦਾ ਕਿਸ ਨੋ ਆਖੀਐ ਜਾਂ ਤਿਸੁ ਬਿਨੁ ਕੋਈ ਨਾਹਿ ॥ (ਫਰੀਦ, 1381)

12. ਫਰੀਦਾ ਜੋ ਤੈ ਮਾਰਨਿ ਮੁਕੀਆਂ ਤਿਨਾ ਨ ਮਾਰੇ ਘੁੰਮਿ[8] ॥
[9]ਆਪਨੜੈ ਘਰਿ ਜਾਈਐ ਪੈਰ ਤਿਨਾ ਦੇ ਚੁੰਮਿ ॥ (ਫਰੀਦ, 1378)

13. ਇਕੁ ਫਿਕਾ ਨਾ ਗਾਲਾਇ ਸਭਨਾ ਮੈ [10]ਸਚਾ ਧਣੀ ॥
[11]ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ ॥

---

3. ਧੋਵਾਂ 4 ਪਛਾਣ 5. ਜਦ ਇਸ ਸੰਸਾਰ ਵਿੱਚ ਰਹਿਣਾ ਹੀ ਨਹੀਂ, ਤਾਂ ਐਵੇਂ ਹੰਕਾਰ ਕਿਉਂ ਕਰੀਏ 6. ਗੁੱਸਾ ਨਾ ਕਰ 7. ਕਰਤਾਰ ਆਪਣੀ ਰਚਨਾ ਵਿੱਚ ਹੈ ਅਤੇ ਰਚਨਾ ਕਰਤਾਰ ਵਿੱਚ ਹੈ 8. ਬਦਲੇ ਵਿੱਚ 9. ਉਨ੍ਹਾਂ ਦੇ 10. ਉਹ ਸੱਚਾ ਪ੍ਰਭੂ 11. ਕਿਸੇ ਦਾ ਦਿਲ ਨਾ ਤੋੜ, ਸਭ ਹਿਰਦੇ ਅਮੋਲਕ ਹਨ।

[12]ਸਭਨਾ ਮਨ ਮਾਣਿਕ ਠਾਹਣੁ ਮੂਲਿ ਮਚਾਂਗਵਾ ॥
[13]ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀਦਾ ॥ (ਫਰੀਦ, 1384)

14. ਜਿਤੁ ਬੋਲਿਐ ਪਤਿ ਪਾਈਐ ਸੋ ਬੋਲਿਆ ਪਰਵਾਣੁ ॥
ਫਿਕਾ ਬੋਲਿ ਵਿਗੁਚਣਾ [14]ਸੁਣਿ ਮੂਰਖ ਮਨ ਅਜਾਣ ॥ (ਮ: 1—15)

15. ਜਾਇ ਪੁਛਹੁ ਸੋਹਾਗਣੀ ਤੁਸੀ ਰਾਵਿਆ ਕਿਨੀ ਗੁਣੀ ॥
ਸਹਜਿ ਸੰਤੋਖਿ ਸੀਗਾਰੀਆ ਮਿਠਾ ਬੋਲਣੀ ॥ (ਮ: 1—17)

16. ਗੁਰਮੁਖੀਆ ਸੋਹਾਗਣੀ ਤਿਨ ਦਇਆ ਪਈ ਮਨਿ ਆਇ ॥
ਸਤਿਗੁਰ ਵਚਨੁ ਰਤੰਨੁ ਹੈ ਜੋ ਮੰਨੇ ਸੁ ਹਰਿਰਸੁ ਖਾਇ ॥ (ਮ: 4—41)

17. ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ ॥
ਸੀਸੁ ਵਢੇ ਕਰਿ [15]ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ ॥ (ਮ: 1—558)

18. ਕਾਮੁ ਕ੍ਰੋਧੁ ਲੋਭੁ ਮੋਹੁ ਮਿਟਾਵੈ ਛੁਟਕੈ ਦੁਰਮਤਿ ਅਪੁਨੀ ਧਾਰੀ ॥
ਹੋਇ ਨਿਮਾਣੀ ਸੇਵ ਕਮਾਵਹਿ ਤਾ ਪ੍ਰੀਤਮ ਹੋਵਹਿ ਮਨਿ ਪਿਆਰੀ ॥ (377)

19. ਜਿਸੁ ਸਰਬਸੁਖਾ ਫਲ ਲੋੜੀਅਹਿ ਸੋ ਸਚੁ ਕਮਾਵਉ ॥
ਨੇੜੈ ਦੇਖਉ ਪਾਰਬ੍ਰਹਮੁ ਇਕੁ ਨਾਮੁ ਧਿਆਵਉ ॥
ਹੋਇ ਸਗਲ ਕੀ ਰੇਣੁਕਾ[16] ਹਰਿ ਸੰਗਿ ਸਮਾਵਉ ॥
ਦੂਖੁ ਨ ਦੇਈ ਕਿਸੈ ਜੀਅ ਪਤਿ ਸਿਉ ਘਰਿ ਜਾਵਉ ॥ (ਮ: 5—322)

20. [17]ਸੇਖਾ ਅੰਦਰਹੁ ਜੋਰੁ ਛਡਿ ਤੂ ਭਉ ਕਰਿ ਝਲੁ ਗਵਾਇ ॥
ਗੁਰ ਕੈ ਭੈ ਕੇਤੇ ਨਿਸਤਰੇ ਭੈ ਵਿਚਿ ਨਿਰਭਉ ਪਾਇ ॥ (ਮ: 3—551)

21. ਭੈ ਵਿਚਿ ਬੈਸੈ ਭੈ ਰਹੈ ਭੈ ਵਿਚਿ ਕਮਾਵੈ ਕਾਰ ॥
ਐਥੈ ਸੁਖੁ ਵਡਿਆਈਆ ਦਰਗਹ ਮੋਖ ਦੁਆਰ ॥ (ਮ: 3—516)

22. ਸਾਂਤੀ ਵਿਚਿ ਕਾਰ ਕਮਾਵਣੀ ਸਾ ਖਸਮੁ ਪਾਏ ਥਾਇ ॥
ਨਾਨਕ ਕਾਮਿ ਕ੍ਰੋਧਿ ਕਿਨੈ ਨ ਪਾਇਓ ਪੁਛਹੁ ਗਿਆਨੀ ਜਾਇ ॥(ਮ: 3, 551)

23. ਮਨੁ ਤਨੁ ਸੀਤਲੁ ਸਾਂਤਿ ਹੋਇ ਤ੍ਰਿਸਨਾ ਅਗਨਿ ਬੁਝਾਇ ॥
ਸੁਖਾ ਸਿਰਿ ਸਦਾ ਸੁਖੁ ਹੋਇ ਜਾ ਵਿਚਹੁ ਆਪੁ ਗਵਾਇ ॥ (ਮ: 3—588)

24. [18]ਖਿਮਾ ਵਿਹੂਣੇ ਖਪਿ ਗਏ ਖੂਹਣਿ [19]ਲਖ ਅਸੰਖ ॥

---

12. ਸਭ ਹਿਰਦਿਆਂ ਵਿੱਚ ਉਹ ਅਮੋਲਕ ਪ੍ਰਭੂ ਵੱਸਦਾ ਹੈ, ਕਿਸੇ ਨੂੰ ਦੁਖੀ ਨਾ ਕਰ 13. ਜੇ ਤੈਨੂੰ ਪ੍ਰੀਤਮ ਦੇ ਮਿਲਣ ਦੀ ਚਾਹ ਹੈ ਤਾਂ ਕਿਸੇ ਦਾ ਦਿਲ ਨਾ ਤੋੜ 14. ਖੁਆਰ ਹੋਣਾ 15 ਬੈਠਣ ਲਈ ਦੇ ਦਿਆਂ 16 ਧੂੜ 17. ਹੇ ਸ਼ੇਖ! ਤੂੰ ਅੰਦਰੋਂ ਮਨ ਦਾ ਹਠ ਛੱਡ ਦੇ, ਤੂੰ ਝੱਲਪੁਣਾ ਛੱਡ ਕੇ, ਸਤਿਗੁਰੂ ਦੇ ਭਉ ਵਿੱਚ ਆ 18. ਜਿਨ੍ਹਾਂ ਵਿੱਚ ਖਿਮਾ ਨਾ ਹੋਵੇ 19. ਲੱਖਾਂ, ਕਰੋੜਾਂ ਲੋਕ।

ਗਣਤ ਨ ਆਵੈ ਕਿਉ ਗਣੀ ਖਪਿ ਖਪਿ ਮੁਏ ਬਿਸੰਖ[20] ॥ (ਮ: 1—937)

25. ਸੁਖੀ ਬਸੈ ਮਸਕੀਨੀਆ[21] ਆਪੁ ਨਿਵਾਰਿ ਤਲੇ ॥
ਬਡੇ ਬਡੇ ਅਹੰਕਾਰੀਆ ਨਾਨਕ ਗਰਬਿ[22] ਗਲੇ ॥ (ਮ: 5—278)

26. ਸਭੁ ਕੋ ਨਿਵੈ ਆਪ ਕਉ ਪਰ ਕਉ ਨਿਵੈ ਨ ਕੋਇ ॥
ਧਰਿ ਤਾਰਾਜੂ ਤੋਲੀਐ ਨਿਵੈ ਸੁ ਗਉਰਾ ਹੋਇ ॥
ਅਪਰਾਧੀ ਦੂਣਾ ਨਿਵੈ ਜੋ [23]ਹੰਤਾ ਮਿਰਗਾਹਿ ॥
ਸੀਸਿ ਨਿਵਾਇਐ ਕਿਆ ਥੀਐ ਜਾ ਰਿਦੈ ਕੁਸੁਧੇ ਜਾਹਿ ॥ (ਮ: 1—470)

27. ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥
ਹੋਹੁ ਸਭਨਾ ਕੀ ਰੇਣੁਕਾ[24] ਤਉ ਆਉ ਹਮਾਰੈ ਪਾਸਿ ॥ (ਮ: 5—1102)

28. ਸਤੁ ਸੰਤੋਖੁ ਦਇਆ ਕਮਾਵੈ ਏਹ ਕਰਣੀ ਸਾਰ[25] ॥
ਆਪੁ ਛੋਡਿ ਸਭ ਹੋਇ ਰੇਣਾ ਜਿਸੁ ਦੇਇ ਪ੍ਰਭੁ ਨਿਰੰਕਾਰੁ ॥ (ਮ: 5—51)

29. [26]ਭਰਤਾ ਕਹੈ ਸੁ ਮਾਨੀਐ ਏਹੁ ਸੀਗਾਰੁ ਬਣਾਇ ਰੀ ॥
ਦੂਜਾ ਭਾਉ ਵਿਸਾਰੀਐ ਏਹੁ ਤੰਬੋਲਾ[27] ਖਾਇ ਰੀ ॥
ਗੁਰ ਕਾ ਸਬਦੁ ਕਰਿ ਦੀਪਕੋ ਇਹ ਸਤ ਕੀ ਸੇਜ ਬਿਛਾਇ ਰੀ ॥
ਆਠ ਪਹਰ ਕਰ ਜੋੜਿ ਰਹੁ ਤਉ ਭੇਟੈ ਹਰਿ ਰਾਇ ਰੀ ॥
ਤਿਸਹੀ ਚਜੁ ਸੀਗਾਰੁ ਸਭੁ ਸਾਈ ਰੂਪਿ ਅਪਾਰਿ ਰੀ ॥
ਸਾਈ ਸੋਹਾਗਣਿ ਨਾਨਕਾ ਜੋ ਭਾਣੀ ਕਰਤਾਰਿ ਰੀ ॥ (ਮ: 5—400)

---

20. ਅਨੇਕ 21. ਨਿਮਰਤਾ ਵਾਲਾ 22. ਹੰਕਾਰ 22. ਜੋ ਮਿਰਗਾਂ ਨੂੰ ਮਾਰਦਾ ਹੈ 24. ਧੂੜ 25 ਅਸਲ ਕਰਣੀ ਦਾ ਤੱਤ ਜਾਂ ਸਾਰ ਇਹੋ ਹੈ 26. ਜੋ ਪਤੀ ਕਹੇ ਉਹੀ ਕਰ, ਇਹੋ ਤੇਰਾ ਅਸਲ ਸ਼ਿੰਗਾਰ ਹੈ 27. ਪਾਨ ਦਾ ਬੀੜਾ ।

ਕਾਲ

ਕੁਲ-ਮਾਲਕ ਅਜਰ, ਅਮਰ, ਅਬਿਨਾਸ਼ੀ ਹੈ। ਉਹ ਸਭ ਦਾ ਆਦਿ ਹੈ। ਉਹ ਸਤਿ, ਅਸਤਿ ਦੋਹਾਂ ਤੋਂ ਪਰੇ ਹੈ ਅਤੇ ਮਨ-ਬੁੱਧੀ ਦੀ ਹੱਦ ਤੋਂ ਪਾਰ ਹੈ। ਸਾਰੀ ਰਚਨਾ ਉਸੇ ਦੀ ਮੌਜ ਜਾਂ ਹੁਕਮ ਨਾਲ ਜ਼ਹੂਰ ਵਿੱਚ ਆਈ ਹੈ। ਉਸ ਸਤਿ-ਪੁਰਖ ਨੇ ਇਹ ਸਾਰੇ ਖੰਡ-ਮੰਡਲ, ਦੀਪ-ਲੋਕ ਰਚ ਕੇ ਆਪ ਹੀ ਇਨ੍ਹਾਂ ਦਾ ਪ੍ਰਬੰਧ ਕਾਲ ਨੂੰ ਸੌਂਪ ਦਿੱਤਾ ਹੈ ਅਤੇ ਚਉਰਾਸੀ ਦਾ ਚੱਕਰ ਚਲਾ ਦਿੱਤਾ ਹੈ। ਤ੍ਰਿਲੋਕੀ ਦੀ ਸਾਰੀ ਰਚਨਾ ਕਾਲ ਅਧੀਨ ਹੈ, ਪਰ ਕੁਲ-ਮਾਲਕ ਅਬਿਨਾਸ਼ੀ ਅਤੇ ਨਿਹਚਲ ਹੈ। ਉਹ ਸੱਚ ਖੰਡ ਵਿੱਚ ਵੱਸਦਾ ਹੈ ਅਤੇ ਕਾਲ ਮਹਾਂ-ਕਾਲ ਦਾ ਕਰਤਾ ਵੀ ਉਹ ਅਕਾਲਪੁਰਖ ਆਪ ਹੈ—ਜੋ ਉਸ ਨੂੰ ਧਿਆਉਂਦੇ ਹਨ, ਉਹ ਵੀ ਉਸ ਵਾਂਗ ਨਿਹਚਲ ਜ਼ਾਂ ਅਕਾਲ ਹੋ ਜਾਂਦੇ ਹਨ।

ਸਭ ਪੁਰੀਆਂ (ਇੰਦਰ-ਪੁਰੀ, ਬ੍ਰਹਮ-ਪੁਰੀ, ਸ਼ਿਵ-ਪੁਰੀ, ਵਿਸ਼ਨੂੰਪੁਰੀ ਆਦਿ), ਸਭ ਲੋਕ (ਬ੍ਰਹਮ-ਲੋਕ, ਰੁਦਰ-ਲੋਕ, ਇੰਦਰ-ਲੋਕ ਆਦਿ)—ਜਿਨ੍ਹਾਂ ਨੂੰ ਪ੍ਰਾਪਤ ਕਰਨ ਲਈ ਦੁਨੀਆਂ ਦੇ ਲੋਕ ਕਰਮ-ਧਰਮ, ਪੁੰਨ-ਦਾਨ ਆਦਿ ਕਰਦੇ ਹਨ—ਸਭ ਹੀ ਕਾਲ ਦੀ ਹੱਦ ਵਿੱਚ ਹਨ, ਕਿਉਂਕਿ ਇਹ ਪਰਲੋ, ਮਹਾਂ-ਪਰਲੋ ਦੀ ਮਾਰ ਹੇਠ ਹਨ। ਹਰ ਮੰਡਲ, ਦੀਪ, ਲੋਕ ਦਾ ਸਮਾਂ ਨਿਯਤ ਹੈ। ਇਸੇ ਤਰ੍ਹਾਂ ਸਭ ਦੇਵੀ-ਦੇਵਤੇ ਵੀ ਕਾਲ ਦੇ ਅਧੀਨ ਹਨ। ਕਾਲ ਦੀ ਤਾਕਤ ਸਭ ਨੂੰ ਨਿਯਮ ਅਤੇ ਸੰਜਮ ਵਿੱਚ ਬੰਨ੍ਹ ਕੇ ਰੱਖਦੀ ਹੈ।

ਗੁਰਬਾਣੀ ਵਿੱਚ ਕਾਲ ਨੂੰ ਜਮਕਾਲ ਕਹਿ ਕੇ ਵੀ ਵਰਣਨ ਕੀਤਾ ਗਿਆ ਹੈ। ਇਹ ਕਿਸੇ ਨੂੰ ਵੀ ਆਪਣੇ ਦਾਇਰੇ ਵਿੱਚੋਂ ਬਾਹਰ ਨਹੀਂ ਜਾਣ ਦਿੰਦਾ। ਕਾਲ ਆਤਮਾ ਦਾ ਸਿਰਜਨਹਾਰ ਨਹੀਂ। ਕਾਲ ਨਾ ਆਤਮਾ ਬਣਾ ਸਕਦਾ ਹੈ, ਨਾ ਹੀ ਆਤਮਾ ਨੂੰ ਨਾਸ਼ ਕਰ ਸਕਦਾ ਹੈ। ਕਾਇਆ ਜਾਂ ਸਰੀਰ ਹੀ ਇਸ ਦੀ ਰਚਨਾ ਹੈ ਅਤੇ ਇਹ ਆਤਮਾ ਨੂੰ ਕੇਵਲ ਸਰੀਰ ਦੀ ਕੈਦ ਵਿੱਚ ਬੰਦ ਰੱਖ ਸਕਦਾ ਹੈ। ਆਤਮਾ ਨੂੰ ਸਰੀਰ ਵਿੱਚ ਕੈਦ ਰੱਖਣ ਲਈ ਕਾਲ ਨੇ ਆਪਣਾ ਕਰਿੰਦਾ 'ਮਨ' ਸਰੀਰ ਦੇ ਨਾਲ ਲਾਇਆ ਹੋਇਆ ਹੈ। ਮਨ ਕਾਲ ਦਾ ਬਲਵਾਨ ਏਜੰਟ ਹੈ। ਇਹ ਇੰਦਰੀਆਂ ਦੇ ਅਧੀਨ ਹੋ ਕੇ ਮਾਇਆ ਦੇ ਭੋਗਾਂ, ਰਸਾਂ-ਕਸਾਂ, ਸੁਆਦਾਂ ਵਿੱਚ ਗ੍ਰੱਸਿਆ ਰਹਿੰਦਾ ਹੈ। ਇਨ੍ਹਾਂ ਸੁਆਦਾਂ ਦੀ ਪੂਰਤੀ ਲਈ ਮਨ, ਆਤਮਾ ਨੂੰ ਵੀ ਇੰਦਰੀਆਂ ਦੇ ਘਾਟ ਉੱਤੇ ਖਿੱਚ ਕੇ ਲੈ ਜਾਂਦਾ ਹੈ, ਜਿਸ ਕਾਰਨ ਜੀਵ ਐਸੇ ਕਰਮ ਕਰ ਬੈਠਦਾ ਹੈ, ਜਿਨ੍ਹਾਂ ਦਾ ਫਲ ਭੋਗਣ ਲਈ, ਉਹ ਸਦਾ ਚੁਰਾਸੀ ਦੇ ਜਾਲ ਵਿੱਚ ਫਸਿਆ ਰਹਿੰਦਾ ਹੈ ਅਤੇ ਧਰਮ ਰਾਜ ਦੀਆਂ ਚੋਟਾਂ ਸਹਿੰਦਾ ਹੈ।

'ਸੱਚ', 'ਨਾਮ', ਜਾਂ 'ਸ਼ਬਦ ਧੁਨਿ' ਦਇਆਲ ਦੀ ਤਾਕਤ ਦਾ ਜ਼ਹੂਰ ਹੈ। ਇਸ ਲਈ ਕਾਲ ਪੂਰੇ ਗੁਰੂ ਦੇ ਦਿੱਤੇ ਸੱਚੇ ਸ਼ਬਦ ਦੀ ਕਮਾਈ ਕਰਨ ਵਾਲੇ ਜੀਵ ਦੇ

ਨੇੜੇ ਨਹੀਂ ਆ ਸਕਦਾ। ਪੂਰੇ ਗੁਰੂ ਦਾ ਸਿੱਖ ਸ਼ਬਦ ਜਾਂ ਨਾਮ ਦੀ ਕਮਾਈ ਕਰਕੇ ਲੋਕ-ਪਰਲੋਕ ਦੋਹਾਂ ਵਿੱਚ ਕਾਲ ਦੇ ਅਸਰ ਤੋਂ ਬਚ ਜਾਂਦਾ ਹੈ। ਜੀਵ ਨਾਮ ਦੀ ਧਾਂਰ ਉੱਤੇ ਸੁਆਰ ਹੋ ਕੇ ਮਨ-ਮਾਇਆ ਦੇ ਮੰਡਲਾਂ ਨੂੰ ਪਾਰ ਕਰਨ ਦੇ ਸਮਰੱਥ ਹੋ ਜਾਂਦਾ ਹੈ ਅਤੇ ਸਦਾ ਲਈ ਕਾਲ ਦੁਆਰਾ ਬਣਾਏ ਜਨਮ-ਮਰਨ ਦੇ ਚੱਕਰ ਤੋਂ ਛੁਟਕਾਰਾ ਜਾਂ ਮੁਕਤੀ ਪ੍ਰਾਪਤ ਕਰ ਲੈਂਦਾ ਹੈ।

1. ਸਭੁ ਜਗੁ ਬਾਧੋ ਕਾਲ ਕੋ ਬਿਨੁ ਗੁਰ ਕਾਲੁ ਅਫਾਰੁ[1] ॥
   ਸਚਿ ਰਤੇ ਸੇ ਉਬਰੇ ਦੁਬਿਧਾ ਛੋਡਿ ਵਿਕਾਰ ॥ (ਮ: 1—55)
2. ਸਭੁ ਜਗੁ ਕਾਲੈ ਵਸਿ ਹੈ ਬਾਧਾ ਦੂਜੈ ਭਾਇ ॥
   ਹਉਮੈ ਕਰਮ ਕਮਾਵਦੇ ਮਨਮੁਖਿ ਮਿਲੈ ਸਜਾਇ ॥ (ਮ: 3—162)
3. ਗੁਰਮਤੀ ਪਰਗਾਸੁ ਹੋਇ ਸਚਿ ਰਹੈ ਲਿਵ ਲਾਇ ॥
   ਤਿਥੈ ਕਾਲੁ ਨ ਸੰਚਰੈ[2] ਜੋਤੀ ਜੋਤਿ ਸਮਾਇ ॥ (ਮ: 1—55)
4. ਗੁਰ ਸਬਦੀ ਸਾਲਾਹੀਐ ਅੰਤੁ ਨ ਪਾਰਾਵਾਰੁ ॥
   ਤਿਥੈ ਕਾਲੁ ਨ ਅਪੜੈ ਜਿਥੈ ਗੁਰ ਕਾ ਸਬਦੁ ਅਪਾਰੁ ॥ (ਮ: 1—55)
5. ਹਰਿ ਹਰਿ ਨਾਮੁ ਜਪੰਤਿਆ ਕਛੁ ਨ ਕਹੈ ਜਮਕਾਲੁ ॥
   ਨਾਨਕ ਮਨੁ ਤਨੁ ਸੁਖੀ ਹੋਇ ਅੰਤੇ ਮਿਲੈ ਗੋਪਾਲੁ ॥ (ਮ: 5—457)
6. ਜਮਕਾਲੈ ਵਸਿ ਜਗੁ ਬਾਂਧਿਆ ਤਿਸ ਦਾ ਫਰੂ[3] ਨ ਕੋਇ ॥
   ਜਿਨਿ ਜਮੁ ਕੀਤਾ ਸੋ ਸੇਵੀਐ ਗੁਰਮੁਖਿ ਦੁਖੁ ਨ ਹੋਇ ॥ (ਮ: 3—588)
7. [4]ਧਨਵੰਤਾ ਅਰੁ ਨਿਰਧਨ ਮਨਈ ਤਾ [5]ਕੀ ਕਛੂ ਨ ਕਾਨੀ ਰੇ ॥
   ਰਾਜਾ ਪਰਜਾ ਸਮ ਕਰਿ ਮਾਰੈ ਐਸੋ ਕਾਲੁ ਬਡਾਨੀ[6] ਰੇ ॥ (ਕਬੀਰ, 855)
8. ਕੰਟਕੁ[7] ਕਾਲੁ ਏਹੁ ਹੈ ਹੋਰੁ ਕੰਟਕੁ ਨ ਸੂਝੈ ॥
   ਅਫਰਿਓ[8] ਜਗ ਮਹਿ ਵਰਤਦਾ ਪਾਪੀ ਸਿਉ ਲੂਝੈ[9] ॥ (ਮ: 3—1080)
9. ਸਿਵ ਬਿਰੰਚਿ[10] ਅਸੁਰ[11] ਸੁਰ[12] ਜੇਤੇ ਕਾਲ ਅਗਨਿ ਮਹਿ ਜਰਤੇ ॥
   [13]ਨਾਨਕ ਸਰਨਿ ਚਰਨ ਕਮਲਨ ਕੀ ਤੁਮ੍ ਨ ਡਾਰਹੁ ਪ੍ਰਭ ਕਰਤੇ ॥
   (ਮ: 5—1267)

---

1. ਬਲਵਾਨ, ਹੰਕਾਰੀ 2. ਪਹੁੰਚ ਨਹੀਂ ਸਕਦਾ 3. ਫੜੂ, ਫੜਣ ਵਾਲਾ 4. ਕਾਲ ਨੂੰ ਅਮੀਰ ਗ਼ਰੀਬ 5. ਦੀ ਕੋਈ ਅਧੀਨਗੀ ਜਾਂ ਪਰਵਾਹ ਨਹੀਂ 6. ਵੱਡਾ, ਜ਼ੋਰਾਵਰ 7. ਕੰਡਾ, ਸੰਕਟ 8. ਆਕੜ ਵਾਲਾ, ਨਾ ਫੜਿਆ ਜਾਣ ਵਾਲਾ 9. ਲੜਾਈ ਕਰਦਾ ਹੈ 10. ਬ੍ਰਹਮਾ 11. ਦੈਂਤ 12. ਦੇਵਤੇ 13. ਪਰਮੇਸ਼ਰ ਅੱਗੇ ਪ੍ਰਾਰਥਨਾ ਕਰਦੇ ਹਨ ਕਿ ਆਪਣੇ ਚਰਨ-ਕੰਵਲਾਂ ਦੀ ਸ਼ਰਨ ਤੋਂ ਦੂਰ ਨਾ ਕਰੋ।

10. ਖੰਡ ਪਤਾਲ ਦੀਪ ਸਭਿ ਲੋਆ ॥ ਸਭਿ ਕਾਲੈ ਵਸਿ ਆਪਿ ਪ੍ਰਭਿ ਕੀਆ ॥
ਨਿਹਚਲੁ ਏਕੁ ਆਪਿ ਅਬਿਨਾਸੀ ਸੋ ਨਿਹਚਲੁ ਜੋ ਤਿਸਹਿ ਧਿਆਇਦਾ ॥
(ਮ: 5—1076)

11. ਜਿਨਾ ਸਤਿਗੁਰੁ ਪੁਰਖੁ ਨ ਭੇਟਿਓ ਸੇ ਭਾਗਹੀਣ ਵਸਿ ਕਾਲ ॥
ਓਇ ਫਿਰਿ ਫਿਰਿ ਜੋਨਿ ਭਵਾਈਅਹਿ ਵਿਚਿ ਵਿਸਟਾ[14] ਕਰਿ ਵਿਕਰਾਲ ॥
(ਮ: 4—40)

12. ਜੋ ਤੇਰੀ ਸਰਣਾਈ ਹਰਿ ਜੀਉ ਤਿਨ ਕੀ ਕਰਹਿ ਪ੍ਰਤਿਪਾਲ ॥
ਆਪਿ ਕ੍ਰਿਪਾ ਕਰਿ ਰਾਖਹੁ ਹਰਿ ਜੀਉ ਪੋਹਿ ਨ ਸਕੈ ਜਮਕਾਲੁ ॥
(ਮ: 3—1333)

13. ਕਾਲੁ ਬਿਕਾਲੁ ਭਏ ਦੇਵਾਨੇ ਮਨੁ ਰਾਖਿਆ ਗੁਰਿ ਠਾਏ ॥
ਨਾਨਕ ਅਵਗਣ ਸਬਦਿ ਜਲਾਏ [15]ਗੁਣ ਸੰਗਮਿ ਪ੍ਰਭੁ ਪਾਏ ॥ (ਮ: 1—764)

14. ਕਾਲੁ ਅਕਾਲੁ ਖਸਮ ਕਾ ਕੀਨਾ ਇਹੁ ਪਰਪੰਚੁ ਬਧਾਵਨੁ ॥
ਕਹਿ ਕਬੀਰ ਤੇ ਅੰਤੇ ਮੁਕਤੇ ਜਿਨ ਹਿਰਦੈ ਰਾਮ ਰਸਾਇਨ ॥(ਕਬੀਰ, 1104)

15. ਜਨਮ ਦੋਖ ਪਰੇ ਮੇਰੇ ਪਾਛੈ ਅਬ ਪਕਰੇ [16]ਨਿਹਚਲੁ ਸਾਧੂ ਪਾਇ ॥
ਸਹਜ ਧੁਨਿ ਗਾਵੈ ਮੰਗਲ ਮਨੂਆ ਅਬ ਤਾ ਕਉ ਫੁਨਿ ਕਾਲੁ ਨ ਖਾਇ ॥
(ਮ: 5—373)

16. ਸਤਿਗੁਰੂ ਕਾ ਖੜਗੁ ਸੰਜੋਉ[17] ਹਰਿ ਭਗਤਿ ਹੈ
ਜਿਤੁ ਕਾਲੁ ਕੰਟਕੁ ਮਾਰਿ ਵਿਡਾਰਿਆ ॥
ਸਤਿਗੁਰੂ ਕਾ ਰਖਣਹਾਰਾ ਹਰਿ ਆਪਿ ਹੈ
ਸਤਿਗੁਰੂ ਕੈ ਪਿਛੈ ਹਰਿ ਸਭਿ ਉਬਾਰਿਆ ॥ (ਮ: 4—312)

17. ਗੁਣ ਸੰਜਮਿ ਜਾਵੈ ਚੋਟ ਨ ਖਾਵੈ ਨਾ ਤਿਸੁ ਜੰਮਣੁ ਮਰਣਾ ॥
ਕਾਲੁ ਜਾਲੁ ਜਮੁ ਜੋਹਿ ਨ ਸਾਕੈ ਭਾਇ ਭਗਤਿ ਭੈ ਤਰਣਾ ॥ (ਮ: 1—76)

18. ਸੁਣਿ ਸਿਖਵੰਤੇ ਨਾਨਕੁ ਬਿਨਵੈ[18] ਛੋਡਹੁ ਮਾਇਆ ਜਾਲਾ ॥
ਮਨਿ ਬੀਚਾਰਿ ਏਕ ਲਿਵ ਲਾਗੀ ਪੁਨਰਪਿ[19] ਜਨਮੁ ਨ ਕਾਲਾ ॥(ਮ: 1—503)

---

14. ਗੰਦਗੀ 15. ਗੁਣਾਂ ਦਾ ਭੰਡਾਰ, ਗੁਣਾਂ ਦਾ ਖ਼ਜ਼ਾਨਾ, ਭਾਵ ਉਹ ਪਰਮੇਸ਼ਰ ਪ੍ਰਾਪਤ ਹੋ ਗਿਆ 16. ਸਾਧੂ ਦੇ ਨਿਹਚਲ ਚਰਨ 17. ਲੋਹੇ ਦੀ ਪੁਸ਼ਾਕ 18. ਬੇਨਤੀ 19. ਦੁਬਾਰਾ ।

ਨਰਕਾਂ ਦੇ ਦੁੱਖ

ਅਗਿਆਨੀ ਤੇ ਮਨਮੁੱਖ ਲੋਕ ਸੋਚਦੇ ਹਨ ਕਿ ਸੰਤਾਂ-ਮਹਾਤਮਾਂ ਨੇ ਨਰਕਾਂ-ਸਵਰਗਾਂ ਦੀਆਂ ਕਹਾਣੀਆਂ ਕੇਵਲ ਜੀਵ ਨੂੰ ਡਰਾਉਣ ਜਾਂ ਪਤਿਆਉਣ ਲਈ ਬਣਾਈਆਂ ਹਨ, ਵਾਸਤਵ ਵਿੱਚ ਇਨ੍ਹਾਂ ਦੀ ਕੋਈ ਹੋਂਦ ਨਹੀਂ। ਇਸ ਭਰਮ ਅਧੀਨ, ਉਹ ਬੁਰੇ ਤੋਂ ਬੁਰੇ ਕਰਮ ਕਰਨ ਤੋਂ ਵੀ ਨਹੀਂ ਡਰਦੇ।

ਗੁਰਮਤਿ ਅਨੁਸਾਰ ਨਰਕ-ਸਵਰਗ, ਜਮ-ਪੁਰ, ਧਰਮ-ਰਾਜ, ਚਿੱਤਰ-ਗੁਪਤ, ਜਮ-ਦੂਤ, ਜਮ-ਦੰਡ, ਜਮ-ਮਾਰਗ ਆਦਿ ਸਭ ਸੱਚ ਹਨ। ਇਹ ਕੋਈ ਮਨੋ-ਕਲਪਨਾ ਨਹੀਂ। ਇਹ ਕਰਮਾਂ ਦੇ ਕਾਨੂੰਨ ਦਾ ਅਨਿਖੜ ਅੰਗ ਹਨ। ਮੌਤ ਤੋਂ ਪਿੱਛੋਂ ਹਰ ਜੀਵ ਨੂੰ ਆਪਣੇ ਕੀਤੇ ਹੋਏ ਕਰਮਾਂ ਦਾ ਲੇਖਾ ਦੇਣਾ ਪੈਂਦਾ ਹੈ। ਕੋਈ ਵੀ ਜੀਵ ਪਾਪਾਂ ਦੀ ਸਜ਼ਾ ਤੋਂ ਨਹੀਂ ਬਚ ਸਕਦਾ।

ਗੁਰਮਤਿ ਜੀਵ ਨੂੰ ਚੇਤਾਵਨੀ ਦੇਂਦੀ ਹੈ ਕਿ ਧਰਮ ਰਾਜ ਤੇ ਚਿੱਤਰ-ਗੁਪਤ ਹਰ ਸਮੇਂ ਤੇਰੇ ਕੀਤੇ ਹੋਏ ਕਰਮਾਂ ਨੂੰ ਵੇਖ ਰਹੇ ਹਨ। ਕੋਈ ਵੀ ਕਰਮ, ਭਾਵੇਂ ਕਿੰਨਾ ਵੀ ਛੁਪਾ ਕੇ ਕਿਉਂ ਨਾ ਕੀਤਾ ਜਾਵੇ, ਉਨ੍ਹਾਂ ਤੋਂ ਗੁਪਤ ਨਹੀਂ ਰਹਿ ਸਕਦਾ।

ਪਾਪੀ ਤੇ ਕੁਕਰਮੀ ਲੋਕ ਧਰਮ-ਰਾਜ ਦੇ ਦਰਬਾਰ ਵਿੱਚ ਆਪਣੇ ਕੀਤੇ ਕਰਮਾਂ ਦਾ ਹਿਸਾਬ ਦੇਂਦੇ ਅਤੇ ਸਜ਼ਾ ਭੁਗਤਦੇ ਹੋਏ ਵਿਲਕਦੇ ਤੇ 'ਹਾਏ-ਹਾਏ' ਕਰਦੇ ਹਨ। ਇਹ ਸਜ਼ਾ ਅਕਹਿ ਤੇ ਅਸਹਿ ਹੁੰਦੀ ਹੈ। ਜੀਵ ਨੂੰ ਜੀਵਨ-ਕਾਲ ਵਿੱਚ ਐਸਾ ਉਪਾਉ ਕਰਨਾ ਚਾਹੀਦਾ ਹੈ ਕਿ ਨਾ ਕੇਵਲ ਨਰਕਾਂ ਦੇ ਦੁੱਖਾਂ ਤੋਂ ਬਚ ਜਾਵੇ, ਸਗੋਂ ਚੁਰਾਸੀ ਦੇ ਚੱਕਰ ਤੋਂ ਹੀ ਸਦਾ ਲਈ ਮੁਕਤ ਹੋ ਜਾਵੇ।

1. **ਨਰਕ ਘੋਰ ਬਹੁ ਦੁਖ ਘਣੇ[1] ਅਕਿਰਤਘਣਾ ਕਾ ਥਾਨੁ ॥**
   ਤਿਨਿ ਪ੍ਰਭਿ ਮਾਰੇ ਨਾਨਕਾ ਹੋਇ ਹੋਇ ਮੁਏ ਹਰਾਮੁ ॥ (ਮ: 5—315)
2. **ਜਮਪੁਰਿ ਘੋਰ ਅੰਧਾਰੁ ਮਹਾ ਗੁਬਾਰੁ ਨਾ ਤਿਥੈ ਭੈਣ ਨ ਭਾਈ ॥**
   ਇਹੁ ਸਰੀਰੁ ਜਜਰੀ[2] ਹੈ ਇਸ ਨੋ ਜਰੁ ਪਹੁਚੈ ਆਈ ॥ (ਮ: 3—584)
3. **ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਇ ॥**
   ਨਾਨਕ [3]ਜਿਉ ਮਥਨਿ ਮਾਧਾਣੀਆ ਤਿਉ ਮਥੇ ਧ੍ਰਮਰਾਇ ॥ (ਮ: 5—1425)

---

1. ਬਹੁਤ ਜ਼ਿਆਦਾ 2. ਭੁਰ ਜਾਣ ਵਾਲਾ, ਨਾਸ਼ ਹੋ ਜਾਣ ਵਾਲਾ 3. ਜਿਸ ਤਰ੍ਹਾਂ ਮਧਾਨੀ ਨਾਲ ਦੁੱਧ-ਦਹੀਂ ਰਿੜਕਿਆ ਜਾਂਦਾ ਹੈ, ਉਸੇ ਤਰ੍ਹਾਂ ਧਰਮ ਰਾਜ ਪਾਪੀਆਂ ਨੂੰ ਰਿੜਕਦਾ ਹੈ।

4. [4]ਦੇਇ ਕਿਵਾੜ ਅਨਿਕ ਪੜਦੇ ਮਹਿ ਪਰਦਾਰਾ ਸੰਗਿ ਫਾਕੈ ॥
[5]ਚਿਤ੍ਰ ਗੁਪਤੁ ਜਬ ਲੇਖਾ ਮਾਗਹਿ ਤਬ ਕਉਣੁ ਪੜਦਾ ਤੇਰਾ ਢਾਕੈ ॥ (616)
5. [6]ਗੁਪਤੁ ਕਰਤਾ ਸੰਗਿ ਸੋ ਪ੍ਰਭੁ ਡਹਕਾਵਏ ਮਨੁਖਾਇ ॥
[7]ਬਿਸਾਰਿ ਹਰਿ ਜੀਉ ਬਿਖੈ ਭੋਗਹਿ ਤਪਤ ਥੰਮ ਗਲਿ ਲਾਇ ॥ (ਮ: 5—1001)
6. [8]ਜਮ ਮਾਰਗ ਪੰਥੁ ਨ ਸੁਝਈ ਉਝੜੁ ਅੰਧ ਗੁਬਾਰੋਵਾ ॥
[9]ਨਾ ਜਲੁ ਲੇਫ ਤੁਲਾਈਆ ਨਾ ਭੋਜਨ ਪਰਕਾਰੋਵਾ ॥
ਭੋਜਨ ਭਾਉ ਨ ਠੰਢਾ ਪਾਣੀ ਨਾ ਕਾਪੜੁ ਸੀਗਾਰੋ ॥
[10]ਗਲਿ ਸੰਗਲੁ ਸਿਰਿ ਮਾਰੇ ਊਭੌ ਨਾ ਦੀਸੈ ਘਰ ਬਾਰੋ ॥
ਇਬ ਕੇ ਰਾਹੇ ਜੰਮਨਿ ਨਾਹੀ [11]ਪਛੁਤਾਣੇ ਸਿਰਿ ਭਾਰੋ ॥
ਬਿਨੁ ਸਾਚੇ ਕੋ ਬੇਲੀ ਨਾਹੀ ਸਾਚਾ ਏਹੁ ਬੀਚਾਰੋ ॥ (ਮ: 1—581)
7. ਆਏ ਹੁਕਮ ਫਰੇਸਤੇ ਕੁਦਰਤਿ ਕੇ ਅਉਗਾਨ ॥
[12]ਤੁਗਸ ਗੁਰਜਾ ਛਹਵੀਆ ਖੰਨੇ ਹਥ ਕਮਾਨ ॥
ਸਾਗਾਂ[13] ਸਿਪਰਾ ਆਤਸੀ[14] ਪਵਨ ਗਲੀ ਜੰਜੀਰ ॥
ਹੁਕਮੀ ਬੰਨੁ ਚਲਾਇਆ ਨਿੰਦਕ ਸਿਉ ਬੇਪੀਰ ॥
ਗੁਨਾਹੀ ਬੰਨ ਚਲਾਇਆ ਜੇਤੇ ਕੀਏ ਬੇਕਾਰ ॥
ਗੁਨਹਾ ਸੰਦੀ ਪੋਟਲੀ ਚੁਕ ਨ ਸਕਾ ਭਾਰ ॥
ਅਗੈ [15]ਡੂਗਰ ਧੁੰਧਲੀ ਪਿਛੈ ਸਿਰ ਜੰਦਾਰ[16] ॥
ਅਗੈ [17]ਸਾਗਰ ਆਤਸੀ ਕਿਉ ਕਰਿ ਉਤਰਾ ਪਾਰ ॥
[18]ਕਊਏ ਮਾਰਹਿ ਸੀਸ ਚੜਿ ਵਰਖਨਿ ਜਿਉ ਅੰਗਿਆਰ ॥
ਨਾਨਕ ਕਿਥੈ ਛੁਟੀਐ ਹੁਕਮੀ ਹੋਵੈ ਮਾਰ ॥
[19]ਚਸਮੇ ਕਢੇ ਅਉਗੁਣੀ ਅੰਧਘੋਰ ਅੰਧਿਆਰੁ ॥
[20]ਕੋਨੀ ਕੋਲੂ ਪੀੜੀਐ [21]ਨਾਸੀ ਗੰਧ ਗੁਬਾਰੁ ॥

---

4. ਅਨੇਕ ਪੜਦੇ, ਓਹਲੇ ਕਰ ਕੇ ਪ੍ਰਾਈ ਇਸਤਰੀ ਦਾ ਸੰਗ ਕਰਦਾ ਹੈ 5. ਜਦ ਧਰਮ ਰਾਜ ਦੇ ਕਰਿੰਦੇ ਲੇਖਾ ਮੰਗਣਗੇ ਤਾਂ ਕੌਣ ਪਰਦੇ ਪਾਵੇਗਾ ? 6 ਆਪਣੇ ਵੱਲੋਂ ਗੁਪਤ ਹੋ ਕੇ, ਲੁੱਕ ਕੇ ਪਾਪ ਕਰਦਾ ਹੈ, ਪਰ ਦੇਖਣ ਵਾਲਾ ਪਰਮੇਸ਼ਰ ਨਾਲ ਬੈਠਾ ਹੈ 7. ਪ੍ਰਭੂ ਨੂੰ ਭੁੱਲ ਕੇ ਵਿਸ਼ੇ-ਵਿਕਾਰ ਕਰਦਾ ਹੈ, ਭੋਗ ਭੋਗਦਾ ਹੈ, ਜਿਨ੍ਹਾਂ ਦਾ ਫਲ ਦੇਣ ਲਈ ਜਮਦੂਤ ਇਸ ਨੂੰ ਨਰਕਾਂ ਦੇ ਸੜਦੇ ਥੰਮਾਂ ਨਾਲ ਲਾਉਂਦੇ ਹਨ 8. ਜਮ-ਮਾਰਗ ਬਹੁਤ ਬਿਖੜਾ ਅਤੇ ਹਨੇਰਾ ਹੈ, ਉਸ ਵਿੱਚ ਕੁਝ ਵੀ ਨਜ਼ਰ ਨਹੀਂ ਆਉਂਦਾ 9. ਓਥੇ ਨਾ ਪਾਣੀ ਹੈ, ਨਾ ਕਪੜੇ, ਨਾ ਕਈ ਤਰ੍ਹਾਂ ਦੇ ਪ੍ਰਕਵਾਨ 10. ਗਲ ਵਿੱਚ ਸੰਗਲ ਹੁੰਦਾ ਹੈ, ਸਿਰ ਉੱਤੇ ਡੰਡੇ ਪੈਂਦੇ ਹਨ 11. ਸਿਰ ਉੱਤੇ ਪਾਪਾਂ ਦਾ ਭਾਰ ਚੁੱਕਿਆ ਹੁੰਦਾ ਹੈ ਅਤੇ ਬਾਰ-ਬਾਰ ਪਛਤਾਉਂਦਾ ਹੈ 12. ਜਮਦੂਤ ਕਈ ਤਰ੍ਹਾਂ ਦੇ ਹਥਿਆਰਾਂ ਨਾਲ ਸਜ਼ਾਵਾਂ ਦਿੰਦੇ ਹਨ 13. ਬਰਛੀਆਂ 14. ਅੱਗਾਂ 15. ਹਨੇਰਾ ਰਸਤਾ 16. ਜਮਦੂਤ 17. ਅੱਗ ਦਾ ਸਮੁੰਦਰ 18. ਕਾਂ ਸਿਰ ਉੱਤੇ ਠੂੰਗੇ ਮਾਰਦੇ ਹਨ ਅਤੇ ਅੱਗ ਦੇ ਅੰਗਿਆਰ ਵਰ੍ਹਦੇ ਹਨ 19. ਪਾਪੀਆਂ ਦੀਆਂ ਅੱਖਾਂ ਕੱਢੀਆਂ ਜਾਂਦੀਆਂ ਹਨ 20. ਕੋਹਲੂ ਵਿੱਚ ਪੀੜਿਆ ਜਾਂਦਾ ਹੈ 21. ਨਾਸਾਂ ਗੰਦ ਨਾਲ ਭਰ ਜਾਂਦੀਆਂ ਹਨ ।

[22]ਜੀਭ ਕਟਾਏ ਕਉਲ ਸਿਰ ਸਚ ਵਿਸਾਰਨਹਾਰੁ ॥
ਕੋਪਰ[23] ਉਤੇ ਢਾਦੜੀ ਜਲਦੀ ਕਰੇ ਪੁਕਾਰ ॥
ਤ੍ਰਿਸਨਾ ਰਖ ਨ ਸਕਏ ਬੇਪੀਰਾ ਗਾਵਾਰੁ ॥
ਅਉਗਣ ਗੁਣੀ ਬਖਸੀਅਨ ਨਾਨਕ ਸੋਈ ਸਾਰ ॥
[24]ਜਿਉ ਤਿਲ ਤਾਵਨ ਪੀੜੀਐ ਪਿੰਜੇ ਤੰਦ ਚੜਾਇ ॥
ਕਾਗਲ ਵਾਗੀ ਕੁਟੀਆ ਮੁਗਲੀਏ ਇਸਕੋ ਚੜਾਇ ॥
ਲੋਹੇ ਵਾਗੂ ਤਾਈਐ [25]ਭਖੇ ਤੇ ਬਿਲਲਾਇ ॥
[26]ਸੰਨੀ ਪਕੜ ਚਲਾਈਐ ਅਹਿਰਣ ਸਿਰ ਵੀਚਾਰ ॥
ਘਨੀਅਰ ਸਾਰੇ ਤਿਤ ਤਾਲ ਜਿਉ ਕੁਹੈ ਲੁਹਾਰ ॥
ਨਾਨਕ ਸਚੇ ਨਾਮ ਬਿਨ ਨ ਉਰਿਵਾਰ ਨ ਪਾਰ ॥
[27]ਪੈਰੀ ਕੰਡੇ ਸਾਰਦੇ ਸਿਰ ਤਪੈ ਅਕਾਸ ॥
[28]ਪਾਤਾਲਹੁ ਪਤਿ ਉਤਰੈ ਪਰ ਤ੍ਰਿਆ ਰਤਾ ਮਾਸ ॥
[29]ਥੰਮਾ ਨਾਲ ਲਗਾਈਐ ਕੋਇ ਨ ਆਵੈ ਪਾਸ ॥
ਭੀ ਫਿਰ ਲਾਇ ਵਿਛੋੜੀਐ ਤੋਬਾ ਕਰੇ ਫਰੀਆਦ ॥
[30]ਅਉਗਣਆਰੇ ਨਾਨਕਾ ਸੋਭ ਕੋਈ ਵਾਦ ॥
ਭਠੀ ਅੰਦਰਿ ਪਾਈਆ ਮਿਲੀ ਅਗਨ ਜਲਾਇ ॥
ਬਾਲੂ ਰੇਤ ਭਖਾਈਆ ਵਿਚੇ ਅਗਨ ਸਲਾਇ ॥
ਅੰਦਰਿ ਭੁਜੈ ਧਾਣ ਜਿਉ ਤੜਫੇ ਤੇ ਬਿਲਲਾਇ ॥
ਆਪਿ ਬਖਸੇ ਨਾਨਕਾ ਕਿਸ ਨੋ ਕਹੀਐ ਜਾਇ ॥
[31]ਇਖ ਜਿਵੈ ਰਸ ਕਢੀਐ ਸਭ ਸਿਰ ਆਈਆ ਭਾਰ ॥
ਖਾਣਾ ਪੀਣਾ ਪੇਨਣਾ ਮਨ ਕੀ ਖੁਸ਼ੀ ਖੁਆਰ ॥

---

22. ਸੱਚ ਵਿਸਾਰਨ ਵਾਲਿਆਂ, ਭਾਵ ਝੂਠ ਬੋਲਣ ਵਾਲਿਆ ਦੀਆਂ ਜੀਭਾਂ ਕੱਟੀਆਂ ਜਾਂਦੀਆਂ ਹਨ 23. ਸਿਰ 24. ਜਿਸ ਤਰ੍ਹਾਂ ਤਿਲ ਪੀੜੇ ਜਾਂਦੇ ਹਨ, ਰੂੰ ਪਿੰਜਿਆ ਜਾਂਦਾ ਹੈ, ਕਾਗ਼ਜ਼ ਦਾ ਮਲੀਦਾ ਬਣਾਇਆ ਜਾਂਦਾ ਹੈ, ਇਸੇ ਤਰ੍ਹਾਂ ਇਹਨੂੰ ਮੂੰਗਲੀਆਂ ਨਾਲ ਕੁੱਟਿਆ ਜਾਂਦਾ ਹੈ 25. ਜਦ ਤਪਦਾ ਹੈ ਤਾਂ ਚੀਕਦਾ ਹੈ 26. ਸੰਨ੍ਹੀ ਨਾਲ ਫੜ ਕੇ ਅਹਿਰਣ ਉੱਤੇ ਮਾਰਿਆ ਜਾਂਦਾ ਹੈ 27. ਪੈਰਾਂ ਵਿੱਚ ਲੋਹੇ ਦੇ ਕੰਡੇ, ਭਾਵ ਤਿੱਖੀਆਂ ਮੇਖਾਂ ਹੁੰਦੀਆਂ ਹਨ ਅਤੇ ਸਿਰ ਉੱਤੇ ਤਪਦਾ ਆਕਾਸ਼ ਹੁੰਦਾ ਹੈ 28. ਪਰਾਈ ਇਸਤਰੀ ਦਾ ਸੰਗ ਕਰਨ ਦੀ ਇਹ ਸਜ਼ਾ ਹੈ ਕਿ ਇਸ ਦੀ ਬੁਰੀ ਤਰ੍ਹਾਂ ਬੇਇਜ਼ਤੀ ਕੀਤੀ ਜਾਂਦੀ ਹੈ 29. ਬਾਰ-ਬਾਰ ਸੜਦੇ ਥੰਮਾਂ ਨਾਲ ਲਾਉਂਦੇ-ਹਟਾਉਂਦੇ ਹਨ ਅਤੇ ਇਹ ਹਾਲ-ਦੁਹਾਈ ਪਾਉਂਦਾ ਅਤੇ ਤੌਬਾ ਕਰਦਾ ਹੈ 30. ਜਿੰਨੇ ਵੀ ਪਾਪ ਕਰਨ ਵਾਲੇ ਹਨ, ਮੁਸੀਬਤ ਨੂੰ ਫੜੇ ਜਾਂਦੇ ਹਨ 31. ਜਿਵੇਂ ਗੰਨਾ ਪੀੜਿਆ ਜਾਂਦਾ ਹੈ ।

[32]ਮਨ ਥੋਂ ਲੇਖਾ ਮੰਗੀਐ ਜਿਨ ਕੀਤਾ ਵਾਪਾਰ ॥
ਹਥਾ ਪੈਰਾ ਚਾਕਰੀ ਕਹਿ ਫੁਰਮਾਈ ਕਾਰ ॥
ਜੀਭ ਪੁਕਾਰੇ ਦਰ ਖੜੀ ਚਖਿ ਚਖਿ ਸਾਦ ਵਿਕਾਰੁ ॥
ਕੰਨ ਦੇਣ ਉਗਾਹੀਆ ਮਨ ਝੂਠਾ ਕੂੜਿਆਰੁ ॥
ਨਾਸਾ ਲੋਇਣ[33] ਮੁਕਰੇ ਅੰਧੇ ਦੇ ਸਿਰ ਮਾਰੁ ॥
ਇੰਦਰੀ ਸਭ ਜਗ ਮੋਹਿਆ ਬਧਾ ਜਮ ਦੁਆਰ ॥
ਰਲ ਕਰਿ ਵਿਧਨ ਸੁਟਿਆ ਆਰਣ ਜਿਉ ਲੁਹਾਰ ॥
ਨਾਨਕ ਸਤਿਗੁਰ ਸਹਜਨ ਭੇਟਿਆ ਨ ਉਰਵਾਰ ਨ ਪਾਰ ॥
ਸਤਰ ਵੇਰਾਂ ਰੇਤੀਐ ਪੀਰ ਜਿਵੈ ਕਲਬੂਤ ॥
ਸੋਨੇ ਵਾਗੀ ਢਾਲੀਐ ਸਹਜੇ ਇਹ ਕੰਮ ਕੀਤੁ ॥
ਘੋੜੇ ਵਾਂਗ ਫੁਲਾਈਆ ਅਜਗਰ[34] ਜੀਨ ਸੁਹਾਇ ॥
ਨਾਨਕ ਬਧਾ ਕਾਲ ਕਾ[35] ਫਿਰ ਫਿਰ ਆਵੈ ਜਾਇ ॥
ਜਲਿ ਥਲਿ ਦੁਸਮਨ ਕੇਤੜੇ ਵਣ ਤ੍ਰਿਣ ਮਾਰਣਹਾਰੁ ॥
ਘਰਿ ਘਰਿ ਵੈਰੀ ਨਾਨਕਾ ਸਚੀ ਸੁਰਤ ਅਪਾਰੁ ॥
[36]ਤੂੰਜਮ ਜੋਹਿਨ[37] ਲੋਇਣੀ ਰਕਤ ਨੇਤ੍ਰ ਵਿਕਰਾਲ ॥
[38]ਸਭ ਜਗ ਤਿਨਕਾ ਭਖ ਹੈ ਨਿਰਦਇਆ ਜਮਕਾਲ ॥
ਨਾਨਕ ਪਕੜਿ ਚਲਾਇਆ ਹੁਕਮੀ ਹੁਕਮ ਵੀਚਾਰਿ ॥
ਇਹ ਤਨ ਆਗੇ ਤੂ ਖਸਮ ਤੂ ਰਖਹਿ ਤੂ ਮਾਰਿ ॥
ਮਾਤ ਪਿਤਾ ਨ ਬੰਧਪੋ ਨ ਬਈਅਰ ਨ ਵੀਰ ॥
ਨ ਸੁਤ[39] ਨ ਲਖਮੀ[40] [41]ਕਿਉਕਰਿ ਬੰਧਾ ਧੀਰ ॥
ਨ ਤਰਗਸ[42] ਨ ਧਨਖੜੇ ਨ ਸਿਪਰ ਤਲਵਾਰ ॥
[43]ਤਪੈ ਕੜਾਹਾ ਅਹਿਨਿਸੀ ਦੇਖਹੁ ਗੁਰ ਵੀਚਾਰ ॥

8. ਆਗੈ[44] ਬਿਮਲ ਨਦੀ ਅਗਨਿ ਬਿਖੁ ਝੇਲਾ, ਤਿਥੈ ਅਵਰੁ ਨ ਕੋਈ ਜੀਉ ਇਕੇਲਾ।
ਭੜਭੜ ਅਗਨਿ ਸਾਗਰੁ ਦੇ ਲਹਰੀ[45] ਪੜਿ ਦਝਹਿ ਮਨਮੁਖਤਾਈ ਹੇ ॥
(ਮ: 1—1026)

32. ਹਿਸਾਬ ਮਨ ਤੋਂ ਮੰਗਿਆ ਜਾਂਦਾ ਹੈ ਕਿਉਂਕਿ ਸਰੀਰ ਦੇ ਅੰਗਾਂ ਨੇ ਤਾਂ ਇਸ ਦਾ ਹੁਕਮ ਹੀ ਮੰਨਿਆ ਹੁੰਦਾ ਹੈ ਅਤੇ ਸਾਰੇ ਅੰਗ ਇਸਦੇ ਖ਼ਲਾਫ਼ ਉਗਾਹੀਆਂ ਦਿੰਦੇ ਹਨ ਕਿ ਇਸ ਨੇ ਕਿਹੜੇ-ਕਿਹੜੇ ਪਾਪ ਕੀਤੇ ਸਨ 33. ਅੱਖਾਂ 34. ਸੱਪ 35. ਕਾਲ ਦਾ ਬੰਨ੍ਹਿਆ ਹੋਇਆ 36. ਜਮ ਲੁੱਟਦੇ ਹਨ 37. ਉਨ੍ਹਾਂ ਦੀਆਂ ਅੱਖਾਂ ਵਿੱਚ ਲਹੂ ਉੱਤਰਿਆ ਹੁੰਦਾ ਹੈ ਅਤੇ ਬਹੁਤ ਡਰਾਉਣੀਆਂ ਲੱਗਦੀਆਂ ਹਨ 38. ਸਾਰਾ ਜੱਗ ਉਨ੍ਹਾਂ ਦਾ ਖਾਜਾ ਹੈ 39. ਪੁੱਤਰ 40. ਪੈਸਾ, ਦੌਲਤ 41. ਕਿਸ ਤਰ੍ਹਾਂ ਹੌਸਲਾ ਕਰਾਂ 42. ਤਰਕਸ਼ 43. ਰਾਤ-ਦਿਨ ਕੜ੍ਹਾਤਾ ਤਪਿਆ ਰਹਿੰਦਾ ਹੈ 44. ਅੱਗ ਦਾ ਦਰਿਆਂ 45. ਮਨਮੁਖ ਉਸ ਵਿੱਚ ਪੈ ਕੇ ਸੜ ਜਾਂਦੇ ਹਨ।

ਉੱਤਰ-ਪ੍ਰਸ਼ਨ

ਇਸ ਸਿਰਲੇਖ ਹੇਠ ਗੁਰੂ ਸਾਹਿਬਾਨ ਅਤੇ ਹੋਰ ਸੰਤਾਂ-ਭਗਤਾਂ ਦੀ ਅਜਿਹੀ ਬਾਣੀ ਇਕੱਤਰ ਕੀਤੀ ਗਈ ਹੈ ਜਿਹੜੀ ਉੱਤਰ-ਪ੍ਰਸ਼ਨ ਦੇ ਰੂਪ ਵਿੱਚ ਹੈ। ਪਹਿਲੇ ਦੋਹੇ ਜਾਂ ਸ਼ਲੋਕ ਵਿੱਚ ਕਿਸੇ ਪਰਮਾਰਥੀ ਪ੍ਰਸ਼ਨ ਜਾਂ ਸ਼ੰਕੇ ਦਾ ਸੰਕੇਤ ਮਿਲਦਾ ਹੈ ਅਤੇ ਦੂਜੇ ਦੋਹੇ ਜਾਂ ਸ਼ਲੋਕ ਵਿੱਚ ਉਸ ਦਾ ਉੱਤਰ ਹੈ। ਇਸ ਪ੍ਰਸ਼ਨੋਤਰੀ ਸ਼ੈਲੀ ਵਿੱਚ ਗੁਰੂ ਸਾਹਿਬਾਨ ਤੇ ਹੋਰ ਮਹਾਤਮਾਂ ਨੇ ਪਰਮਾਰਥ ਦੇ ਅਤੀ ਡੂੰਘੇ ਅਤੇ ਮਹੱਤਵਪੂਰਨ ਮਸਲਿਆਂ ਦੀ ਬਹੁਤ ਸਰਲ ਤੇ ਸੁਖੈਣ ਰੂਪ ਵਿੱਚ ਵਿਆਖਿਆ ਕੀਤੀ ਹੈ, ਜੋ ਜਗਿਆਸੂਆਂ ਤੇ ਸਾਧਕਾ ਲਈ ਵਿਸ਼ੇਸ਼ ਤੌਰ ਤੇ ਲਾਭਦਾਇਕ ਹੈ।

1. [1]ਕਬੀਰ ਮੁਕਤਿ ਦੁਆਰਾ ਸੰਕੁੜਾ ਰਾਈ ਦਸਵੈ ਭਾਇ ॥
[2]ਮਨੁ ਤਉ ਮੈਗਲ ਹੋਇ ਰਹਾ ਨਿਕਸਿਆ ਕਿਉਕਰਿ ਜਾਇ ॥
[3]ਐਸਾ ਸਤਿਗੁਰੁ ਜੇ ਮਿਲੈ ਤੁਠਾ ਕਰੇ ਪਸਾਉ ॥
[4]ਮੁਕਤਿ ਦੁਆਰਾ ਮੋਕਲਾ ਸਹਜੇ ਆਵਉ ਜਾਉ ॥
ਨਾਨਕ ਮੁਕਤਿ ਦੁਆਰਾ ਅਤਿ ਨੀਕਾ[5] [6]ਨਾਨ੍ਹਾ ਹੋਇ ਸੁ ਜਾਇ ॥
[7]ਹਉਮੈ ਮਨੁ ਅਸਥੂਲੁ ਹੈ ਕਿਉਕਰਿ ਵਿਚੁਦੇ ਜਾਇ ॥
ਸਤਿਗੁਰ ਮਿਲਿਐ ਹਉਮੈ ਗਈ [8]ਜੋਤਿ ਰਹੀ ਸਭ ਆਇ ॥
ਇਹੁ ਜੀਉ ਸਦਾ ਮੁਕਤੁ ਹੈ ਸਹਜੇ ਰਹਿਆ ਸਮਾਇ ॥ (ਕਬੀਰ, 509)

2. [9]ਕਹ ਬੈਸਹੁ ਕਹ ਰਹੀਐ ਬਾਲੇ ਕਹ ਆਵਹੁ ਕਹ ਜਾਹੋ ॥
[10]ਨਾਨਕੁ ਬੋਲੈ ਸੁਣਿ ਬੈਰਾਗੀ ਕਿਆ ਤੁਮਾਰਾ ਰਾਹੋ ॥
[11]ਘਟਿ ਘਟਿ ਬੈਸਿ ਨਿਰੰਤਰਿ ਰਹੀਐ ਚਾਲਹਿ ਸਤਿਗੁਰ ਭਾਏ ॥
[12]ਸਹਜੇ ਆਏ ਹੁਕਮਿ ਸਿਧਾਏ ਨਾਨਕ ਸਦਾ ਰਜਾਏ ॥
ਆਸਣਿ ਬੈਸਣਿ ਥਿਰੁ ਨਾਰਾਇਣੁ ਐਸੀ ਗੁਰਮਤਿ ਪਾਏ ॥
ਗੁਰਮੁਖਿ ਬੂਝੈ ਆਪੁ ਪਛਾਣੈ ਸਚੇ ਸਚਿ ਸਮਾਏ ॥ (ਮ: 1—938)

---

1. ਮੁਕਤੀ ਦਾ ਰਾਹ ਬਹੁਤ ਭੀੜਾ ਹੈ, ਰਾਈ ਤੋਂ ਦਸਵਾਂ ਹਿੱਸਾ ਬਾਰੀਕ ਹੈ 2. ਹਾਥੀ ਹੋ ਢੁੱਕਾ ਮਨ ਇਸ ਵਿੱਚੋਂ ਕਿਵੇਂ ਗੁਜਰ ਸੰਕਦਾ ਹੈ 3. ਜੇ ਸਤਿਗੁਰੂ ਪ੍ਰਸੰਨ ਹੋ ਕੇ ਦਇਆ ਕਰ ਦਵੇ 4. ਤਾਂ ਮੁਕਤੀ ਦਾ ਰਸਤਾ ਖੁਲ੍ਹ ਜਾਂਦਾ ਹੈ ਅਤੇ ਇਸ ਵਿੱਚੋਂ ਲੰਘਣਾ ਆਸਾਨ ਹੋ ਜਾਂਦਾ ਹੈ 5. ਬਾਰੀਕ 6. ਨੰਨ੍ਹਾ, ਛੋਟਾ ਹੋਏ ਤਾਂ ਹੀ ਲੰਘ ਸਕਦਾ ਹੈ 7. ਮਨ ਹਉਮੈ ਕਾਰਨ ਮੋਟਾ ਹੋਇਆ ਹੋਇਆ ਹੈ 8. ਮਨ ਪ੍ਰਭੂ ਦੇ ਪ੍ਰਕਾਸ਼ ਨਾਲ ਭਰ ਗਿਆ 9. ਜੋਗੀ ਪੁੱਛਦੇ ਹਨ ਹੇ ਬਾਲਕ ! ਤੂੰ ਕਿੱਥੇ ਰਹਿੰਦਾ ਹੈਂ, ਕਿੱਥੋਂ ਆਇਆ ਹੈਂ, ਕਿੱਥੇ ਜਾਵੇਂਗਾ ? 10. ਹੇ ਬੈਰਾਗੀ ! ਤੇਰਾ ਰਸਤਾ ਕੀ ਹੈ ? 11 ਜੋ ਸਭ ਵਿੱਚ ਵੱਸਦਾ ਹੈ, ਅਸੀਂ ਉਸ ਵਿੱਚ ਵੱਸੇ ਹੋਏ ਹਾਂ ਅਤੇ ਸਤਿਗੁਰੂ ਦੇ ਹੁਕਮ ਵਿੱਚ ਚੱਲਦੇ ਹਾਂ 12. ਉਸ ਦੇ ਹੁਕਮ ਨਾਲ ਜਗਤ ਵਿੱਚ ਆਏ ਹਾਂ, ਹੁਕਮ ਨਾਲ ਜਾਵਾਂਗੇ ਅਤੇ ਸਦਾ ਉਸ ਦੇ ਹੁਕਮ ਵਿੱਚ ਹੀ ਰਹਿੰਦੇ ਹਾਂ।

3. ਨਾਮਾ ਮਾਇਆ ਮੋਹਿਆ ਕਹੈ ਤਿਲੋਚਨੁ ਮੀਤ ॥
[13]ਕਾਹੇ ਛੀਪਹੁ ਛਾਇਲੈ ਰਾਮ ਨ ਲਾਵਹੁ ਚੀਤੁ ॥
ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮ੍ਹਾਲਿ ॥
[14]ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ ॥ (ਕਬੀਰ, 1375)

4. ਫਰੀਦਾ ਕਾਲੀਂ[15] ਜਿਨੀ ਨ ਰਾਵਿਆ ਧਉਲੀ ਰਾਵੈ ਕੋਇ ॥
[16]ਕਰਿ ਸਾਂਈ ਸਿਉ ਪਿਰਹੜੀ ਰੰਗੁ [17]ਨਵੇਲਾ ਹੋਇ ॥
ਫਰੀਦਾ ਕਾਲੀ ਧਉਲੀ ਸਾਹਿਬੁ ਸਦਾ ਹੈ ਜੇ ਕੋ ਚਿਤਿ ਕਰੇ ॥
ਆਪਣਾ ਲਾਇਆ ਪਿਰਮੁ[18] ਨ ਲਗਈ ਜੇ ਲੋਚੈ ਸਭੁ ਕੋਇ ॥
ਏਹੁ ਪਿਰਮੁ ਪਿਆਲਾ ਖਸਮ ਕਾ ਜੈ ਭਾਵੈ ਤੈ ਦੇਇ ॥ (ਫਰੀਦ, 1378)

5. ਫਰੀਦਾ ਰਤੀ ਰਤੁ ਨ ਨਿਕਲੈ ਜੇ ਤਨੁ ਚੀਰੈ ਕੋਇ ॥
ਜੋ ਤਨ ਰਤੇ ਰਬ ਸਿਉ ਤਿਨ ਤਨਿ ਰਤੁ ਨ ਹੋਇ ॥
ਇਹੁ ਤਨੁ ਸਭੋ ਰਤੁ ਹੈ ਰਤ ਬਿਨੁ ਤੰਨੁ ਨ ਹੋਇ ॥
ਜੋ ਸਹ ਰਤੇ ਆਪਣੇ ਤਿਤੁ ਤਨਿ ਲੋਭੁ ਰਤੁ ਨ ਹੋਇ ॥
ਭੈ ਪਇਐ ਤਨੁ ਖੀਣੁ ਹੋਇ ਲੋਭੁ ਰਤੁ ਵਿਚਹੁ ਜਾਇ ॥
ਜਿਉ ਬੈਸੰਤਰਿ[19] ਧਾਤੁ ਸੁਧੁ ਹੋਇ ਤਿਉ ਹਰਿ ਕਾ ਭਉ
ਦੁਰਮਤਿ ਮੈਲੁ ਗਵਾਇ ॥
ਨਾਨਕ ਤੇ ਜਨ ਸੋਹਣੇ ਜਿ ਰਤੇ ਹਰਿ ਰੰਗੁ ਲਾਇ ॥ (ਫਰੀਦ, 1380)

6. ਫਰੀਦਾ ਪਾੜਿ ਪਟੋਲਾ[20] ਧਜ[21]ਕਰੀ ਕੰਬਲੜੀ ਪਹਿਰੇਉ ॥
ਜਿਨੀ ਵੇਸੀ ਸਹੁ ਮਿਲੈ ਸੇਈ ਵੇਸ ਕਰੇਉ ॥
ਕਾਇ ਪਟੋਲਾ ਪਾੜਤੀ ਕੰਬਲੜੀ ਪਹਿਰੇਇ ॥
ਨਾਨਕ ਘਰ ਹੀ ਬੈਠਿਆ ਸਹੁ ਮਿਲੈ ਜੇ ਨੀਅਤਿ ਰਾਸਿ ਕਰੇਇ ॥ (1383)

---

13 ਤੂੰ ਕਪੜੇ ਕਿਉਂ ਠੇਕਦਾ ਜਾਂ ਰੰਗਦਾ ਹੈਂ ਅਤੇ ਮਨ ਨੂੰ ਰਾਮ ਵਿੱਚ ਕਿਉਂ ਨਹੀਂ ਲਾਉਂਦਾ ? 14. ਤੂੰ ਹਥਾਂ-ਪੈਰਾਂ ਨਾਲ ਸੰਸਾਰ ਦੇ ਸਾਰੇ ਕੰਮ-ਕਾਜ ਕਰ ਅਤੇ ਧਿਆਨ ਸਦਾ ਪ੍ਰਭੂ ਵਿੱਚ ਰੱਖ 15. ਜਿਨ੍ਹਾਂ ਨੇ ਕਾਲੀ ਦਾੜ੍ਹੀ ਸਮੇਂ, ਭਾਵ ਜੁਆਨੀ ਸਮੇਂ ਪ੍ਰਭੂ ਨੂੰ ਨਾ ਸਿਮਰਿਆ, ਉਨ੍ਹਾਂ ਨੇ ਚਿਟੀ ਦਾੜ੍ਹੀ, ਭਾਵ ਬੁਢਾਪੇ ਸਮੇਂ ਉਸ ਨੂੰ ਕੀ ਸਿਮਰਨਾ ਹੈ 16. ਉਸ ਪ੍ਰਭੂ ਨਾਲ ਪਿਆਰ ਕਰ 17. ਨਵਾਂ, ਸੱਜਰਾ 18. ਪ੍ਰੇਮ ਆਪਣਾ ਕੀਤਾ ਨਹੀਂ ਹੁੰਦਾ 19. ਅਗਨੀ 20. ਵਸਤਰ 21. ਲੀਰਾਂ, ਕਹਿ ਰਹੇ ਹਨ ਕਿ ਕਪੜੇ ਪਾੜ ਕੇ ਲੀਰਾਂ ਕਰ ਲਵਾਂ ਅਤੇ ਕੰਬਲੀ ਪਾ ਲਵਾਂ (ਦਰਵੇਸ਼, ਫ਼ਕੀਰ ਬਣ ਜਾਵਾਂ) ਜੇ ਇਸ ਤਰ੍ਹਾਂ ਕਰਨ ਨਾਲ ਪ੍ਰਭੂ ਮਿਲ ਜਾਵੇ ।

7. ਕਵਣੁ ਸੁ ਅਖਰੁ ਕਵਣੁ ਗੁਣੁ ਕਵਣੁ ਸੁ ਮਣੀਆ[22] ਮੰਤੁ ॥
ਕਵਣੁ ਸੁ ਵੇਸੋ ਹਉ ਕਰੀ ਜਿਤੁ ਵਸਿ ਆਵੈ ਕੰਤੁ ॥
ਨਿਵਣੁ ਸੁ ਅਖਰੁ ਖਵਣੁ[23] ਗੁਣੁ ਜਿਹਬਾ[24] ਮਣੀਆ ਮੰਤੁ ॥
ਏ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤੁ ॥ (ਫਰੀਦ, 1384)

8. ਦੁਰਜਨ ਤੂ ਜਲੁ ਭਾਹੜੀ[25] ਵਿਛੋੜੇ ਮਰਿ ਜਾਹਿ ॥
ਕੰਤਾ ਤੂ ਸਉ ਸੇਜੜੀ [26]ਮੈਡਾ ਹਭੋ ਦੁਖੁ ਉਲਾਹਿ ॥
ਦੁਰਜਨੁ ਦੂਜਾ ਭਾਉ ਹੈ ਵੇਛੋੜਾ ਹਉਮੈ ਰੋਗੁ ॥
ਸਜਣੁ ਸਚਾ ਪਾਤਿਸਾਹੁ ਜਿਸੁ ਮਿਲਿ ਕੀਚੈ ਭੋਗੁ ॥ (ਮ: 5—1094)

9. ਕਉਨੁ ਸੁ ਜਤਨੁ ਉਪਾਉ ਕਿਨੇਹਾ ਸੇਵਾ ਕਉਨ ਬੀਚਾਰੀ ॥
ਮਾਨੁ ਅਭਿਮਾਨੁ ਮੋਹੁ ਤਜਿ ਨਾਨਕ ਸੰਤਹ ਸੰਗਿ ਉਧਾਰੀ ॥ (ਮ: 5—1120)

10. ਹਉ ਜਾਇ ਪੁਛਾ [27]ਸੋਹਾਗ ਸੁਹਾਗਣਿ ਤੁਸੀ ਕਿਉ ਪਿਰੁ ਪਾਇਅੜਾ ਪ੍ਰਭੁ ਮੇਰਾ ॥
ਮੈ ਊਪਰਿ ਨਦਰਿ ਕਰੀ ਪਿਰਿ ਸਾਚੈ ਮੈ ਛੋਡਿਅੜਾ ਮੇਰਾ ਤੇਰਾ ॥
ਸਭੁ ਮਨੁ ਤਨੁ ਜੀਉ ਕਰਹੁ ਹਰਿਪ੍ਰਭ ਕਾ ਇਤੁ ਮਾਰਗਿ ਭੈਣੇ ਮਿਲੀਐ ॥
ਆਪਨੜਾ ਪ੍ਰਭੁ ਨਦਰਿ ਕਰਿ ਦੇਖੈ ਨਾਨਕ ਜੋਤਿ ਜੋਤੀ ਰਲੀਐ ॥ (ਮ:4,561)

---

22. ਕਿਹੜਾ ਮਣੀਆਂ, ਰਤਨਾਂ ਵਰਗਾ ਕੀਮਤੀ ਮੰਤਰ ਅਪਣਾਵਾਂ 23. ਖਿਮਾ 24. ਜੀਭ ਦੀ ਮਿਠਾਸ ਉਹ ਕੀਮਤੀ ਮੰਤਰ ਹੈ 25. ਅੱਗ ਵਿੱਚ 26. ਮੇਰਾ ਸਾਰਾ ਦੁੱਖ ਦੂਰ ਕਰ ਦੇ 27. ਚੰਗੇ ਭਾਗਾਂ ਵਾਲੀਆਂ ਸੁਹਾਗਣਾਂ।

ਮਿਸ਼ਰਤ

ਹੇਠਾਂ ਬਾਣੀ ਦੇ ਕੁਝ ਫੁਟਕਲ ਪ੍ਰਮਾਣ ਦਿੱਤੇ ਗਏ ਹਨ। ਇਹ ਪਰਮਾਰਥ ਸੰਬੰਧੀ ਕਈ ਵਿਸ਼ਿਆਂ ਉੱਤੇ ਪ੍ਰਕਾਸ਼ ਪਾਉਂਦੇ ਹਨ। ਇਨ੍ਹਾਂ ਦਾ ਬਲ ਜੀਵ ਨੂੰ ਸੱਚੀ ਜੀਵਨ-ਜੁਗਤ ਸਿਖਾਉਣ ਉੱਤੇ ਹੈ। ਇਨ੍ਹਾਂ ਪ੍ਰਮਾਣਾਂ ਵਿੱਚ ਮਨੁੱਖਾ ਜਨਮ ਮਿਲਣ ਦੇ ਅਸਲ ਉਦੇਸ਼; ਸੱਚੇ-ਗ੍ਰਿਹਸਤੀ ਅਤੇ ਸੱਚੇ ਤਿਆਗੀ ਦੇ ਗੁਣ; ਸੱਚੇ ਜੋਗੀ, ਸੱਚੇ ਵੈਸ਼ਨੋ, ਸੱਚੇ ਬ੍ਰਾਹਮਣ, ਸੱਚੇ ਹਿੰਦੂ ਅਤੇ ਸੱਚੇ ਮੁਸਲਮਾਨ ਦੇ ਗੁਣ ਬਿਆਨ ਕੀਤੇ ਗਏ ਹਨ। ਜਿਹੜੇ ਸ਼ੁਭ ਗੁਣ ਜੀਵ ਨੂੰ ਧਾਰਨ ਕਰਨੇ ਚਾਹੀਦੇ ਹਨ ਅਤੇ ਜਿਨ੍ਹਾਂ ਔਗੁਣਾਂ ਦਾ ਉਸ ਨੂੰ ਤਿਆਗ ਕਰਨਾ ਚਾਹੀਦਾ ਹੈ, ਉਨ੍ਹਾਂ ਦਾ ਵਰਣਨ ਹੈ। ਇਸ ਤੋਂ ਬਿਨਾ ਕਲ ਜੁਗ ਵਿੱਚ ਫਲੀ ਭੂਤ ਹੋਣ ਵਾਲੀ ਸੱਚੀ ਕਰਨੀ, ਨਾਮ ਸਤਿਗੁਰੂ, ਹੁਕਮ, ਭਾਣੇ, ਦਇਆ-ਮਿਹਰ ਅਤੇ ਸਤਿ-ਸੰਗਤ ਦੀ ਮਹਿਮਾ ਵਾਲੇ ਪ੍ਰਸੰਗ ਵੀ ਸ਼ਾਮਲ ਹਨ।

1. ਏਕੋ ਨਿਹਚਲ ਨਾਮਧਨੁ ਹੋਰੁ ਧਨੁ ਆਵੈ ਜਾਇ ॥
ਇਸੁ ਧਨ ਕਉ ਤਸਕਰੁ[1] ਜੋਹਿ ਨ ਸਕਈ ਨਾ ਓਚਕਾ ਲੈ ਜਾਇ ॥
ਇਹੁ ਹਰਿਧਨੁ ਜੀਐ ਸੇਤੀ ਰਵਿ ਰਹਿਆ ਜੀਐ ਨਾਲੇ ਜਾਇ ॥
ਪੂਰੇ ਗੁਰ ਤੇ ਪਾਈਐ ਮਨਮੁਖਿ ਪਲੈ ਨ ਪਾਇ ॥
ਧਨੁ ਵਾਪਾਰੀ ਨਾਨਕਾ ਜਿਨ੍ਹਾ ਨਾਮ ਧਨੁ ਖਟਿਆ ਆਇ ॥ (ਮ: 3—511)

2. ਚਹੁ ਜੁਗਾ ਕਾ ਹੁਣਿ ਨਿਬੇੜਾ ਨਰ ਮਨੁਖਾ ਨੋ ਏਕੁ ਨਿਧਾਨਾ ॥
ਜਤੁ ਸੰਜਮ ਤੀਰਥ ਓਨਾ ਜੁਗਾ ਕਾ ਧਰਮੁ ਹੈ ਕਲਿ ਮਹਿ ਕੀਰਤਿ ਹਰਿਨਾਮਾ ॥
ਜੁਗਿ ਜੁਗਿ ਆਪੋ ਆਪਣਾ ਧਰਮੁ ਹੈ ਸੋਧਿ ਦੇਖਹੁ ਬੇਦ ਪੁਰਾਨਾ ॥
ਗੁਰਮੁਖਿ ਜਿਨੀ ਧਿਆਇਆ ਹਰਿ ਹਰਿ ਜਗਿ ਤੇ ਪੂਰੇ ਪਰਵਾਨਾ ॥ (511)

3. [2]ਚਹੁ ਜੁਗੀ ਕਲਿ ਕਾਲੀ ਕਾਂਢੀ[3] ਇਕ ਉਤਮ ਪਦਵੀ ਇਸੁ ਜੁਗ ਮਾਹਿ ॥
ਗੁਰਮੁਖਿ ਹਰਿ ਕੀਰਤਿ ਫਲੁ ਪਾਈਐ ਜਿਨ ਕਉ ਹਰਿ ਲਿਖਿ ਪਾਹਿ ॥
ਨਾਨਕ ਗੁਰਪਰਸਾਦੀ ਅਨਦਿਨੁ ਭਗਤਿ ਹਰਿ ਉਚਰਹਿ
ਹਰਿ ਭਗਤੀ ਮਾਹਿ ਸਮਾਹਿ ॥ (ਮ: 4—651)

4. ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ ॥
ਨਾਨਕ ਕਹਤ ਮਿਲਨ ਕੀ ਬਰੀਆ[4] ਸਿਮਰਤ ਕਹਾ ਨਹੀ ॥ (ਮ: 9—632)

---

1. ਠੱਗ ਲੁਟੇਰੇ 2. ਚਹੁੰ ਜੁਗਾਂ ਵਿੱਚੋਂ ਕਲੁਜੁਗ ਨੂੰ ਕਲੰਕ (ਕਾਲਖ) ਵਾਲਾ ਕਿਹਾ ਜਾਂਦਾ ਹੈ 3. ਇਸ ਜੁਗ ਵਿੱਚ ਵੀ ਇੱਕ ਉੱਤਮ ਪਦਵੀ ਹੈ 4. ਵਾਰੀ, ਅਵਸਰ।

5. ਮਾਣਸ ਜਨਮੁ ਦੁਲੰਭੁ ਹੈ ਜਗ ਮੰਹਿ ਖਟਿਆ ਆਇ ॥
ਪੂਰੈ ਭਾਗਿ ਸਤਿਗੁਰੁ ਮਿਲੈ ਹਰਿਨਾਮੁ ਧਿਆਇ ॥ (ਮ: 3—565)

6. ਕਉਡੀ ਬਦਲੈ ਜਨਮੁ ਗਵਾਇਆ [5]ਚੀਨਸਿ ਨਾਹੀ ਆਪੈ ॥
ਗੁਰਮੁਖਿ ਹੋਵੈ ਤਾ ਏਕੋ ਜਾਣੈ ਹਉਮੈ ਦੁਖੁ ਨ ਸੰਤਾਪੈ ॥ (ਮ: 3—753)

7. ਸੋ ਕਿਉ ਮਨਹੁ ਵਿਸਾਰੀਐ ਜਾ ਕੇ ਜੀਅ ਪਰਾਣ ॥
ਤਿਸੁ ਵਿਣੁ ਸਭੁ ਅਪਵਿਤ੍ਰੁ ਹੈ ਜੇਤਾ ਪਹਿਨਣੁ ਖਾਣੁ ॥ (ਮ: 1—16)

8 [6]ਮਾਣਸ ਜਨਮੁ ਪੁੰਨਿ ਕਰਿ ਪਾਇਆ ਬਿਨੁ ਨਾਵੈ ਧ੍ਰਿਗੁ ਧ੍ਰਿਗੁ ਬਿਰਥਾ ਜਾਈ ॥
ਨਾਮ ਬਿਨਾ ਰਸ ਕਸ ਦੁਖੁ ਖਾਵੈ ਮੁਖੁ ਫੀਕਾ ਥੁਕ ਥੂਕ ਮਖਿ ਪਾਈ ॥(493)

9 ਗਿਆਨੀ ਧਿਆਨੀ ਬਹੁ ਉਪਦੇਸੀ ਇਹੁ ਜਗੁ ਸਗਲੋ ਧੰਧਾ ॥
ਕਹਿ ਕਬੀਰ ਇਕ ਰਾਮਨਾਮ ਬਿਨੁ ਇਆ ਜਗੁ ਮਾਇਆ ਅੰਧਾ ॥ (338)

10 ਸਭ ਨਦਰੀ ਕਰਮ ਕਮਾਵਦੇ ਨਦਰੀ ਬਾਹਰਿ ਨ ਕੋਇ ॥
ਜੈਸੀ ਨਦਰਿ ਕਰਿ ਦੇਖੈ ਸਚਾ ਤੈਸਾ ਹੀ ਕੋ ਹੋਇ ॥ (ਮ: 3—66)

11. ਸਹਜ ਸੁਭਾਇ ਭਏ ਕਿਰਪਾਲਾ ਤਿਸੁ ਜਨ ਕੀ ਕਾਟੀ ਫਾਸ ॥
ਕਹੁ ਨਾਨਕ ਗੁਰੁ ਪੂਰਾ ਭੇਟਿਆ ਪਰਵਾਣੁ ਗਿਰਸਤ ਉਦਾਸ ॥(ਮ: 5—496)

12. ਜਾਗਤ ਰਹੇ ਤਿਨੀ ਪ੍ਰਭੁ ਪਾਇਆ ਸਬਦੇ ਹਉਮੈ ਮਾਰੀ ॥
[7]ਗਿਰਹੀ ਮਹਿ ਸਦਾ ਹਰਿ ਜਨ ਉਦਾਸੀ ਗਿਆਨ ਤਤ ਬੀਚਾਰੀ ॥ (599)

13. ਜਿਉ ਜਲ ਮਹਿ ਕਮਲੁ ਅਲਿਪਤੋ ਵਰਤੈ ਤਿਉ ਵਿਚੇ ਗਿਰਹ ਉਦਾਸੁ ॥
ਜਨ ਨਾਨਕ ਕਰੇ ਕਰਾਇਆ ਸਭੁ ਕੋ ਜਿਉ ਭਾਵੈ ਤਿਵ ਹਰਿ [8]ਗੁਣਤਾਸੁ ॥
(ਮ: 3—949)

14. ਬਨਹਿ[9] ਬਸੇ ਕਿਉ ਪਾਈਐ ਜਉ ਲਉ ਮਨਹੁ ਨ ਤਜਹਿ ਬਿਕਾਰ ॥
ਜਿਹ ਘਰੁ ਬਨੁ ਸਮਸਰਿ[10] ਕੀਆ ਤੇ ਪੂਰੇ ਸੰਸਾਰ ॥ (ਕਬੀਰ, 1103)

15. [11]ਕਬੀਰ ਜਉ ਗ੍ਰਿਹੁ ਕਰਹਿ ਤ ਧਰਮੁ ਕਰੁ ਨਾਹੀ ਤ ਕਰੁ ਬੈਰਾਗੁ ॥
[12]ਬੈਰਾਗੀ ਬੰਧਨੁ ਕਰੈ ਤਾ ਕੋ ਬਡੋ ਅਭਾਗੁ ॥ (ਕਬੀਰ, 1377)

16. ਸੋ [13]ਗਿਰਹੀ ਜੋ ਨਿਗ੍ਰਹੁ ਕਰੈ ॥ ਜਪੁ ਤਪੁ ਸੰਜਮੁ ਭੀਖਿਆ ਕਰੈ ॥

---

5. ਆਪੇ ਦੀ ਪਛਾਣ ਨਹੀਂ ਕਰਦੇ 6. ਬਹੁਤ ਸ਼ੁਭ ਕਰਮਾਂ ਕਾਰਨ ਮਨੁੱਖਾ ਜਨਮ ਮਿਲਿਆ ਹੈ, ਬਿਨਾ ਨਾਮ ਦੀ ਕਮਾਈ ਦੇ ਇਹ ਧ੍ਰਿਗ ਹੈ ਅਤੇ ਬਿਰਥਾ ਚਲਿਆ ਜਾਂਦਾ ਹੈ 7. ਪ੍ਰਭੂ ਦੇ ਭਗਤ ਸਦਾ ਗ੍ਰਿਹਸਤ ਵਿੱਚ ਉਦਾਸ ਰਹਿੰਦੇ ਹਨ 8. ਗੁਣਾਂ ਦੇ ਭੰਡਾਰ 9. ਬਨ 10. ਸਮਾਨ, ਬਰਾਬਰ 11. ਜੇ ਗ੍ਰਿਹਸਤ ਕਮਾਉਣਾ ਹੈ ਤਾਂ ਧਰਮ ਦਾ ਕਮਾ, ਨਹੀਂ ਤਾਂ ਤਿਆਗੀ ਬਣ ਜਾ 12. ਜਿਹੜਾ ਤਿਆਗੀ ਹੋ ਕੇ (ਗ੍ਰਿਹਸਤੀਆਂ ਵਾਲੇ ਕਰਮਾਂ) ਬੰਧਨਾਂ ਵਿੱਚ ਪਵੇ, ਉਹ ਬਹੁਤ ਬਦ-ਕਿਸਮਤ ਹੈ 13. ਇੰਦਰੀਆਂ ਨੂੰ ਪਾਪਾਂ ਵਲ ਜਾਣ ਤੋਂ ਰੋਕੇ ।

ਪੁੰਨ ਦਾਨ ਕਾ ਕਰੇ ਸਰੀਰੁ ॥ [14]ਸੋ ਗਿਰਹੀ ਗੰਗਾ ਕਾ ਨੀਰੁ ॥ (ਕਬੀਰ, 952)

17. ਸੋ ਅਉਧੂਤੀ ਜੋ ਧੂਪੈ ਆਪੁ ॥ ਭਿਖਿਆ ਭੋਜਨੁ ਕਰੈ ਸੰਤਾਪੁ ॥
[15]ਅਉਹਠ ਪਟਣ ਮਹਿ ਭੀਖਿਆ ਕਰੈ ॥ ਸੋ ਅਉਧੂਤੀ ਸਿਵਪੁਰਿ[16] ਚੜੈ ॥
(ਕਬੀਰ, 952)

18. ਸੋ ਉਦਾਸੀ ਜਿ ਪਾਲੇ ਉਦਾਸੁ ॥ [17]ਅਰਧ ਉਰਧ ਕਰੇ ਨਿਰੰਜਨ ਵਾਸੁ ॥
ਚੰਦ ਸੂਰਜ ਕੀ ਪਾਏ ਗੰਢਿ ॥ [18]ਤਿਸੁ ਉਦਾਸੀ ਕਾ ਪੜੈ ਨ ਕੰਧੁ ॥ (ਓਹੀ)

19. [19]ਸੋ ਪਾਖੰਡੀ ਜਿ ਕਾਇਆ ਪਖਾਲੇ ॥
[20]ਕਾਇਆ ਕੀ ਅਗਨਿ ਬ੍ਰਹਮੁ ਪਰਜਾਲੇ ॥
[21]ਸੁਪਨੈ ਬਿੰਦੁ ਨ ਦੇਈ ਝਰਣਾ ॥ [22]ਤਿਸੁ ਪਾਖੰਡੀ ਜਰਾ ਨ ਮਰਣਾ ॥ (ਓਹੀ)

20. [23]ਸੋ ਬੈਰਾਗੀ ਜਿ ਉਲਟੇ ਬ੍ਰਹਮੁ ॥ [24]ਗਗਨ ਮੰਡਲ ਮਹਿ ਰੋਪੈ ਥੰਮੁ ॥
[25]ਅਹਿਨਿਸਿ ਅੰਤਰਿ ਰਹੈ ਧਿਆਨਿ ॥ [26]ਤੇ ਬੈਰਾਗੀ ਸਤ ਸਮਾਨਿ ॥ (953)

21. ਬੈਸਨੋ ਸੋ ਜਿਸੁ ਊਪਰਿ ਸੁ ਪ੍ਰਸੰਨ ॥ ਬਿਸਨ ਕੀ ਮਾਇਆ ਤੇ ਹੋਇ ਭਿੰਨ ॥
ਕਰਮ ਕਰਤ ਹੋਵੈ ਨਿਹ ਕਰਮ ॥ ਤਿਸੁ ਬੈਸਨੋ ਕਾ ਨਿਰਮਲ ਧਰਮ ॥ (274)

22. ਬ੍ਰਹਮੁ ਬਿੰਦੇ[27] ਸੋ ਬ੍ਰਾਹਮਣੁ ਕਹੀਐ ਜਿ ਅਨਦਿਨੁ ਹਰਿ ਲਿਵ ਲਾਏ ॥
ਸਤਿਗੁਰ ਪੁਛੈ ਸਚੁ ਸੰਜਮੁ ਕਮਾਵੈ ਹਉਮੈ ਰੋਗੁ ਤਿਸੁ ਜਾਏ ॥
ਹਰਿ ਗੁਣ ਗਾਵੈ [28]ਗੁਣ ਸੰਗ੍ਰਹੈ ਜੋਤੀ ਜੋਤਿ ਮਿਲਾਏ ॥
ਇਸੁ ਜੁਗ ਮਹਿ ਕੋ ਵਿਰਲਾ ਬ੍ਰਹਮ ਗਿਆਨੀ ਜਿ ਹਉਮੈ ਮੇਟਿ ਸਮਾਏ ॥ 512

23. ਕਾਦੀ[29] ਕੂੜੁ ਬੋਲਿ ਮਲੁ ਖਾਇ ॥ [30]ਬ੍ਰਾਹਮਣੁ ਨਾਵੈ ਜੀਆ ਘਾਇ ॥
ਜੋਗੀ ਜੁਗਤਿ ਨ ਜਾਣੈ ਅੰਧੁ ॥ ਤੀਨੇ ਓਜਾੜੇ ਕਾ ਬੰਧੁ ॥

---

14. ਐਸਾ ਗ੍ਰਿਹਸਤੀ ਗੰਗਾ-ਜਲ ਵਾਂਗ ਨਿਰਮਲ ਹੁੰਦਾ ਹੈ 15. ਹਿਰਦੇ ਰੂਪੀ ਸ਼ਹਿਰ ਵਿੱਚ ਭਿੱਖਿਆ ਮੰਗੇ 16. ਪ੍ਰਭੂ-ਧਾਮ 17. ਹਰ ਥਾਂ ਨਿਰੰਜਨ ਨੂੰ ਵਿਆਪਕ ਵੇਖੇ 18. ਉਹ ਉਦਾਸੀ ਨਾਸ਼ ਨਹੀਂ ਹੁੰਦਾ 19. ਏਥੇ ਪਖੰਡੀ ਸਬਦ ਆਮ ਅਰਥਾਂ ਵਿੱਚ ਨਹੀਂ ਵਰਤਿਆ ਗਿਆ। ਪਾਖੰਡੀ ਇੱਕ ਵਾਮ-ਮਾਰਗੀ ਮੱਤ ਹੈ ਜਿਸ ਦੇ ਮੰਨਣ ਵਾਲੇ, ਲੋਕਾਂ ਦੀ ਨਜ਼ਰ ਤੋਂ ਬਚਣ ਲਈ, ਜਾਣ-ਬੁੱਝ ਕੇ ਵਿੱਚੋਂ ਹੋਰ ਅਤੇ ਬਾਹਰੋਂ ਹੋਰ ਕਰਮ ਕਰਦੇ ਹਨ ; ਕਹਿ ਰਹੇ ਹਨ ਅਸਲ ਪਖੰਡੀ ਉਹ ਹੈ, ਜੋ ਕਾਇਆ ਸੋਧੇ ਇਸਨੂੰ ਪਾਪਾਂ ਤੋਂ ਬਚਾਵੇ 20. ਕਾਇਆ ਦੀ ਅਗਨੀ ਬ੍ਰਹਮ ਅਗਨੀ ਵਿੱਚ ਜਲਾ ਦਵੇ 21. ਸੁਪਨੇ ਵਿੱਚ ਵੀ ਵੀਰਜ ਨੂੰ ਨਾਸ਼ ਨਾ ਹੋਣ ਦਵੇ, ਭਾਵ ਪੂਰਾ ਜਤੀ ਹੋਵੇ 22. ਐਸੇ ਪਖੰਡੀ ਨੂੰ ਨਾ ਬਢਾਪਾ (ਜਰਾ) ਆ ਸਕਦਾ ਹੈ ਨਾ ਮੌਤ—ਵਾਮ ਮਾਰਗੀ ਵਿਸ਼ੇ-ਵਿਕਾਰਾਂ ਨੂੰ ਤਾਂ ਰੋਕਦੇ ਨਹੀਂ, ਓਪਰੇ ਪਖੰਡ ਕਰਦੇ ਹਨ। ਆਪ ਉਨ੍ਹਾਂ ਨੂੰ ਵਿਸ਼ੇ-ਵਿਕਾਰਾਂ ਤੋਂ ਬਚਣ ਦੀ ਪ੍ਰੇਰਨਾ ਦੇ ਰਹੇ ਹਨ 23. ਜੋ ਬ੍ਰਹਮ ਵਲ ਉਲਟੇ 24. ਰੋਪੈ=ਗੱਡੇ; ਮਨ ਨੂੰ ਅੰਦਰ ਖੜਾ ਕਰੇ 25. ਦਿਨ-ਰਾਤ ਧਿਆਨ ਅੰਤਰ-ਮੁਖ ਰੱਖੇ 26. ਉਹ ਬੈਰਾਗੀ ਸੱਚੇ ਪ੍ਰਭੂ ਦਾ ਰੂਪ ਹੈ 27. ਪਛਾਣੇ 28. ਗੁਣ ਇਕੱਠੇ ਕਰੇ 29. ਕਾਜ਼ੀ 30. ਜੀਵ-ਹੱਤਿਆ ਕਰਨ ਵਾਲਾ ਬ੍ਰਾਹਮਣ ਸਮਝਦਾ ਹੈ ਕਿ ਮੈਂ ਇਸ਼ਨਾਨ ਕਰਨ ਨਾਲ ਹੀ ਨਿਰਮਲ ਹੋ ਜਾਵਾਂਗਾ !

ਸੋ ਜੋਗੀ ਜੋ ਜੁਗਤਿ ਪਛਾਣੈ ॥ ਗੁਰਪਰਸਾਦੀ ਏਕੋ ਜਾਣੈ ॥
ਕਾਜੀ ਸੋ ਜੋ [31]ਉਲਟੀ ਕਰੈ ॥ ਗੁਰਪਰਸਾਦੀ ਜੀਵਤੁ ਮਰੈ ॥ (ਮ: 1—662)

24. ਸੋ ਜੋਗੀ ਜੁਗਤਿ ਸੋ ਪਾਏ ਜਿਸ ਨੋ ਗੁਰਮੁਖਿ ਨਾਮੁ ਪਰਾਪਤਿ ਹੋਇ ॥
ਤਿਸੁ ਜੋਗੀ ਕੀ ਨਗਰੀ ਸਭੁ ਕੋ ਵਸੈ ਭੇਖੀ ਜੋਗੁ ਨ ਹੋਇ ॥
ਨਾਨਕ ਐਸਾ ਵਿਰਲਾ ਕੋ ਜੋਗੀ ਜਿਸੁ ਘਟਿ ਪਰਗਟੁ ਹੋਇ ॥ (ਮ: 3—556)

25. ਸੋ ਬ੍ਰਾਹਮਣੁ ਜੋ ਬ੍ਰਹਮੁ ਬੀਚਾਰੈ ॥ ਆਪਿ ਤਰੈ ਸਗਲੇ ਕੁਲ ਤਾਰੈ ॥
ਦਾਨਸਬੰਦੁ[32] ਸੋਈ ਦਿਲਿ ਧੋਵੈ ॥ ਮੁਸਲਮਾਣੁ ਸੋਈ ਮਲੁ ਖੋਵੈ ॥
ਪੜਿਆ ਬੂਝੈ ਸੋ ਪਰਵਾਣੁ ॥ ਜਿਸੁ ਸਿਰਿ ਦਰਗਹ ਕਾ ਨੀਸਾਣੁ ॥ (662)

26. [33]ਹਿੰਦੂ ਮੂਲੇ ਭੂਲੇ [34]ਅਖੁਟੀ ਜਾਂਹੀ ॥ [35]ਨਾਰਦਿ ਕਹਿਆ ਸਿ ਪੂਜ ਕਰਾਂਹੀ ॥
ਅੰਧੇ ਗੁੰਗੇ ਅੰਧ ਅੰਧਾਰੁ ॥ ਪਾਥਰੁ ਲੇ ਪੂਜਹਿ ਮੁਗਧ ਗਵਾਰ ॥
ਓਹਿ ਜਾ ਆਪਿ ਡੁਬੇ ਤੁਮ ਕਹਾ ਤਰਣਹਾਰੁ ॥ (ਮ: 1—556)

27. ਤ੍ਰੈਗੁਣ ਮਾਇਆ ਵੇਖਿ ਭੁਲੇ ਜਿਉ ਦੇਖਿ ਦੀਪਕਿ ਪਤੰਗ ਪਚਾਇਆ ॥
ਪੰਡਿਤ ਭੁਲਿ ਭੁਲਿ ਮਾਇਆ ਵੇਖਹਿ ਦਿਖਾ ਕਿਨੈ ਕਿਹੁ ਆਣਿ ਚੜਾਇਆ ॥
ਦੂਜੈ ਭਾਇ ਪੜਹਿ ਨਿਤ ਬਿਖਿਆ ਨਾਵਹੁ ਦਯਿ ਖੁਆਇਆ ॥
ਜੋਗੀ ਜੰਗਮ ਸੰਨਿਆਸੀ ਭੁਲੇ ਓਨ੍ਹਾ ਅਹੰਕਾਰੁ ਬਹੁ ਗਰਬੁ ਵਧਾਇਆ ॥513

28. ਹਿੰਦੂ ਅੰਨ੍ਹਾ ਤੁਰਕੂ ਕਾਣਾ ॥ ਦੁਹਾਂ ਤੇ ਗਿਆਨੀ ਸਿਆਣਾ ॥
ਹਿੰਦੂ ਪੂਜੈ ਦੇਹੁਰਾ ਮੁਸਲਮਾਣੁ ਮਸੀਤਿ ॥
ਨਾਮੇ ਸੋਈ ਸੇਵਿਆ ਜਹ ਦੇਹੁਰਾ ਨ ਮਸੀਤਿ ॥ (ਨਾਮਦੇਵ, 875)

29. [36]ਕਲਿ ਕਲਵਾਲੀ ਸਰਾ ਨਿਬੇੜੀ ਕਾਜੀ ਕ੍ਰਿਸਨਾ ਹੋਆ ॥
ਬਾਣੀ ਬ੍ਰਹਮਾ ਬੇਦੁ ਅਥਰਬਣੁ ਕਰਣੀ ਕੀਰਤਿ ਲਹਿਆ ॥
ਪਤਿ ਵਿਣੁ ਪੂਜਾ ਸਤ ਵਿਣੁ ਸੰਜਮੁ ਜਤ ਵਿਣੁ ਕਾਹੇ ਜਨੇਊ ॥
ਨਾਵਹੁ ਧੋਵਹੁ ਤਿਲਕੁ ਚੜਾਵਹੁ ਸੁਚ ਵਿਣੁ ਸੋਚ ਨ ਹੋਈ ॥ (ਮ: 1—903)

30. [37]ਮਾਨ ਮੋਹ ਮੇਰ ਤੇਰ ਬਿਬਰਜਿਤ ਏਹੁ ਮਾਰਗੁ ਖੰਡੇਧਾਰ ॥
ਕਹੁ ਨਾਨਕ [38]ਤਿਨਿ ਭੰਵਜਲੁ ਤਰੀਅਲੇ ਪ੍ਰਭ ਕਿਰਪਾ ਸੰਤ ਸੰਗਾਰ ॥ (534)

---

31. ਆਤਮਾ ਨੂੰ ਬਾਹਰੰ ਮਾਇਆ ਵੱਲੋਂ ਮੋੜ ਕੇ ਅੰਦਰ ਪ੍ਰਭੂ ਵਲ ਲਿਜਾਵੇ 32. ਅਕਲਮੰਦ 33. ਹਿੰਦੂ ਪ੍ਰਭੂ ਰੂਪੀ ਮੂਲ ਨੂੰ ਭੁੱਲ ਕੇ 34. ਕੁਰਾਹੇ ਜਾ ਰਹੇ ਹਨ 35. ਨਾਰਦ ਦੀ ਦੱਸੀ ਹੋਈ ਪੂਜਾ ਕਰਦੇ ਹਨ (ਜੋ ਕਲਜੁਗ ਵਿੱਚ ਕੋਈ ਲਾਭ ਨਹੀਂ ਪੁਚਾ ਸਕਦੀ) 36. ਇਸ ਕਲਾ-ਕਲੇਸ਼ ਭਰੇ ਜੁਗ ਵਿੱਚ ਸ਼ਰ੍ਹਾ ਮੁਤਾਬਿਕ ਫੈਸਲੇ ਹੋ ਰਹੇ ਹਨ ਅਤੇ ਕਾਜ਼ੀ ਕ੍ਰਿਸ਼ਨ (ਪ੍ਰਧਾਨ) ਬਣਿਆਂ ਬੈਠਾ ਹੈ 37. ਇਹ ਰਸਤਾ ਖੰਡੇ ਦੀ ਧਾਰ ਵਰਗਾ ਹੈ ; ਇਸ ਵਿੱਚ ਮਾਨ, ਮੋਹ, ਤੇਰ-ਮੇਰ ਦੀ ਮਨਾਹੀ ਹੈ 38. ਸੰਸਾਰ-ਸਾਗਰ ਉਸ ਨੇ ਤਰਿਆ, ਜਿਸ ਨੂੰ ਪ੍ਰਭੂ ਦੀ ਕਿਰਪਾ ਨਾਲ ਸੰਤਾਂ ਦੀ ਸੰਗਤ ਪ੍ਰਾਪਤ ਹੋ ਗਈ।

31. ਜਿਨ੍ਹੀ ਗੁਰਮੁਖਿ ਹਰਿਨਾਮ ਧਨੁ ਨ ਖਟਿਓ ਸੇ ਦੇਵਾਲੀਏ ਜੁਗ ਮਾਹਿ ॥
ਓਇ ਮੰਗਦੇ ਫਿਰਹਿ ਸਭ ਜਗਤ ਮਹਿ ਕੋਈ ਮੁਹਿ ਥੁਕ ਨ ਤਿਨ ਕਉ ਪਾਹਿ ॥
ਪਰਾਈ ਬਖੀਲੀ[39] ਕਰਹਿ ਆਪਣੀ ਪਰਤੀਤਿ ਖੋਵਨਿ
[40]ਸਗਵਾ ਭੀ ਆਪੁ ਲਖਾਹਿ ॥
ਜਿਸੁ ਧਨ ਕਾਰਣਿ ਚੁਗਲੀ ਕਰਹਿ ਸੋ ਧਨੁ ਚੁਗਲੀ ਹਥਿ ਨ ਆਵੈ
ਓਇ ਭਾਵੈ ਤਿਥੈ ਜਾਹਿ ॥ (ਮ: 4—852)

32. ਜਿਸੁ ਅੰਦਰਿ ਤਾਤਿ[41] ਪਰਾਈ ਹੋਵੈ ਤਿਸ ਦਾ ਕਦੇ ਨ ਹੋਵੀ ਭਲਾ ॥
ਓਸ ਦੇ ਆਖਿਐ ਕੋਈ ਨ ਲਗੈ ਨਿਤ [42]ਓਜਾੜੀ ਪੂਕਾਰੇ ਖਲਾ ॥
ਜਿਸੁ ਅੰਦਰਿ ਚੁਗਲੀ ਚੁਗਲੋ ਵਜੈ ਕੀਤਾ ਕਰਤਿਆ ਓਸ ਦਾ ਸਭੁ ਗਇਆ ॥
ਨਿਤ ਚੁਗਲੀ ਕਰੇ ਅਣਹੋਦੀ ਪਰਾਈ ਮੁਹੁ ਕਢਿ ਨ ਸਕੈ
ਓਸ ਦਾ ਕਾਲਾ ਭਇਆ ॥ (ਮ: 4—308)

33. ਜਿਨ ਗੁਣ ਤਿਨ ਸਦ ਮਨਿ ਵਸੈ ਅਉਗੁਣਵੰਤਿਆ ਦੂਰਿ ॥
ਮਨਮੁਖ ਗੁਣ ਤੈ ਬਾਹਰੇ ਬਿਨੁ ਨਾਵੈ ਮਰਦੇ ਝੂਰਿ ॥ (ਮ: 1—27)

34. ਸਭੁ ਕਿਛੁ ਸੁਣਦਾ ਵੇਖਦਾ ਕਿਉ ਮੁਕਰਿ ਪਇਆ ਜਾਇ ॥
ਪਾਪੋ ਪਾਪੁ ਕਮਾਵਦੇ ਪਾਪੇ ਪਚਹਿ ਪਚਾਇ ॥ (ਮ: 3—36)

35. [43]ਹਮ ਕੀਆ ਹਮ ਕਰਹਗੇ ਹਮ ਮੂਰਖ ਗਾਵਾਰ ॥
ਕਰਣੈਵਾਲਾ ਵਿਸਰਿਆ ਦੂਜੈ ਭਾਇ ਪਿਆਰੁ ॥ (ਮ: 3—39)

36. ਸੁਰ[44] ਸਿਧ ਗਣ[45] ਗੰਧਾਰਬ[46] ਮੁਨਿਜਨ[47] ਜਨ ਸੇਖ ਪੀਰ ਸਲਾਰ ॥
ਦਰਿ ਕੂਚ ਕੂਚਾ ਕਰਿ ਗਏ ਅਵਰੇ ਭਿ ਚਲਣਹਾਰ ॥
ਸੁਲਤਾਨ ਖਾਨ ਮਲੂਕ ਉਮਰੇ ਗਏ ਕਰਿ ਕਰਿ ਕੂਚੁ ॥
ਘੜੀ ਮੁਹਤਿ ਕਿ ਚਲਣਾ ਦਿਲ ਸਮਝੁ ਤੂੰ ਭਿ ਪਹੂਚੁ ॥ (ਮ: 5—64)

37. ਬਾਬਾ ਨਾਂਗੜਾ ਆਇਆ ਜਗ ਮਹਿ ਦੁਖੁ ਸੁਖੁ ਲੇਖੁ ਲਿਖਾਇਆ ॥
ਲਿਖਿਅੜਾ ਸਾਹਾ ਨਾ ਟਲੈ ਜੇਹੜਾ ਪੁਰਬਿ ਕਮਾਇਆ ॥ (ਮ: 1—582)

38. ਧਰਮਰਾਇ ਨੋ ਹੁਕਮੁ ਹੈ ਬਹਿ ਸਚਾ ਧਰਮੁ ਬੀਚਾਰਿ ॥
ਦੂਜੈ ਭਾਇ ਦੁਸਟੁ ਆਤਮਾ ਓਹੁ ਤੇਰੀ ਸਰਕਾਰ ॥
ਅਧਿਆਤਮੀ ਹਰਿ ਗੁਣਤਾਸੁ ਮਨਿ ਜਪਹਿ ਏਕੁ ਮੁਰਾਰਿ ॥

---

39 ਨਿੰਦਿਆ 40. ਸਗੋਂ ਆਪਣਾ ਪਾਜ ਖੋਲ੍ਹ ਬੈਠਦੇ ਹਨ 41. ਈਰਖਾ 42 ਇਕੱਲਾ ਜੰਗਲਾਂ ਵਿੱਚ ਕੁਰਲਾਉਂਦਾ ਫਿਰਦਾ ਹੈ 43. ਜਿਹੜੇ ਇਹ ਕਹਿੰਦੇ ਹਨ 'ਅਸੀਂ ਇਹ ਕੀਤਾ ਹੈ', 'ਅਸੀਂ ਉਹ ਕਰਾਂਗੇ', ਉਹ ਸਭ ਮੂਰਖ ਹਨ ਕਿਉਂਕਿ ਉਹ ਅਸਲ ਕਰਨ ਵਾਲੇ (ਪਰਮੇਸ਼ਰ) ਨੂੰ ਭੁੱਲ ਕੇ ਦਵੈਤ ਵਿੱਚ ਫਸੇ ਹੋਏ ਹਨ 44. ਦੇਵਤੇ 45. ਦੇਵਤਿਆਂ ਦੇ ਸੇਵਕ 46. ਦੇਵਤਿਆਂ ਦੇ ਗਵਈਏ 47. ਮੁਨੀ।

ਤਿਨ ਕੀ ਸੇਵਾ ਧਰਮਰਾਇ ਕਰੈ ਧੰਨੁ ਸਵਾਰਣਹਾਰੁ ॥ (ਮ: 3—38)

39. ਕੋਈ ਰਖਿ ਨ ਸਕਈ ਦੂਜਾ ਕੋ ਨ ਦਿਖਾਇ ॥
ਚਾਰੇ ਕੁੰਡਾ ਭਾਲਿ ਕੈ ਆਇ ਪਇਆ ਸਰਣਾਇ ॥
ਨਾਨਕ ਸਚੈ ਪਾਤਿਸਾਹਿ ਡੁਬਦਾ ਲਇਆ ਕਢਾਇ ॥ (ਮ: 5-43)

40. ਕਰਿ ਕਿਰਪਾ ਰਾਖਿਓ ਗੁਰਿ ਸਰਨਾ ॥ ਗੁਰਿ ਪਕਰਾਏ ਹਰਿ ਕੇ ਚਰਨਾ ॥
[48]ਬੀਸ ਬਿਸੁਏ ਜਾ ਮਨ ਠਹਰਾਨੇ ॥ ਗੁਰ ਪਾਰਬ੍ਰਹਮ ਏਕੈ ਹੀ ਜਾਨੇ ॥ (887)

41. ਹਮਰੀ ਜਾਤਿ ਪਾਤਿ ਗੁਰੁ ਸਤਿਗੁਰੁ ਹਮ ਵੇਚਿਓ ਸਿਰੁ ਗੁਰ ਕੇ ॥
ਜਨ ਨਾਨਕ ਨਾਮੁ ਪਰਿਓ ਗੁਰ ਚੇਲਾ ਗੁਰ ਰਾਖਹੁ ਲਾਜ ਜਨ ਕੇ ॥ (731)

42. ਸਤੁ ਸੰਤੋਖੁ ਸਦਾ ਸਚੁ ਪਲੈ ਸਚੁ ਬੋਲੈ ਪਿਰ ਭਾਏ ॥
ਨਾਨਕ ਵਿਛੁੜਿ ਨਾ ਦੁਖੁ ਪਾਏ [49]ਗੁਰਮਤਿ ਅੰਕਿ ਸਮਾਏ ॥ (ਮ: 1—764)

43. ਸਤੁ ਸੰਤੋਖੁ ਦਇਆ ਧਰਮੁ ਸੀਗਾਰੁ ਬਨਾਵਉ ॥
ਸਫਲ ਸੁਹਾਗਣਿ ਨਾਨਕਾ ਅਪੁਨੇ ਪ੍ਰਭ ਭਾਵਉ ॥ (ਮ: 5—812)

44. [50]ਹਰਿ ਵਾਪਾਰਿ ਸੇ ਜਨ ਲਾਗੇ ਜਿਨਾ ਮਸਤਕਿ ਮਣੀ ਵਡਭਾਗੋ ਰਾਮ ॥
ਗੁਰਮਤੀ ਮਨੁ ਨਿਜਘਰਿ ਵਸਿਆ ਸਚੈ ਸਬਦਿ ਬੈਰਾਗੋ ਰਾਮ ॥ (568)

45. ਰਾਜੁ ਨ ਚਾਹਉ ਮੁਕਤਿ ਨ ਚਾਹਉ[51] ਮਨਿ ਪ੍ਰੀਤਿ ਚਰਨ ਕਮਲਾਰੇ ॥
ਬ੍ਰਹਮ ਮਹੇਸ ਸਿਧ ਮੁਨਿ ਇੰਦ੍ਰਾ ਮੋਹਿ ਠਾਕੁਰ ਹੀ ਦਰਸਾਰੇ ॥ (ਮ: 5—534)

46. ਮਿਠਾ ਸੋ ਜੋ ਭਾਵਦਾ ਸਜਣੁ ਸੋ ਜਿ ਰਾਸਿ ॥
ਨਾਨਕ ਗੁਰਮੁਖਿ ਜਾਣੀਐ ਜਾਕਉ ਆਪਿ ਕਰੇ ਪਰਗਾਸੁ ॥ (ਮ: 3—517)

47. [52]ਲੋਇਣ ਲੋਈ ਡਿਠ ਪਿਆਸ ਨ ਬੁਝੈ ਮੂ ਘਣੀ ॥
ਨਾਨਕ [53]ਸੇ ਅਖੜੀਆਂ ਬਿਅੰਨਿ ਜਿਨੀ ਡਿਸੰਦੋ ਮਾ ਪਿਰੀ ॥ (ਮ: 5—577)

47. ਕਿਆ ਸੁਣੇਦੋ ਕੂੜੁ ਵੰਞਨਿ ਪਵਣ ਝੁਲਾਰਿਆ ॥
ਨਾਨਕ [54]ਸੁਣੀਅਰ ਤੇ ਪਰਵਾਣੁ ਜੋ ਸੁਣੇਦੇ ਸਚੁ ਧਣੀ ॥ (ਮ: 5—577)

---

48. ਪੂਰੀ ਤਰ੍ਹਾਂ; ਜੇ ਮਨ ਪੂਰੀ ਤਰ੍ਹਾਂ ਠਹਿਰ ਜਾਵੇ, ਨਿਹਚਲ ਹੋ ਜਾਵ ਤਾਂ ਪਤਾ ਲੱਗ ਜਾਂਦਾ ਹੈ ਕਿ ਸਤਿਗੁਰੂ ਅਤੇ ਪਾਰਬ੍ਰਹਮ ਇੱਕੋ ਹਨ 49. ਗੁਰੂ ਦੀ ਮੱਤ ਉੱਤੇ ਚੱਲ ਕੇ ਹਰੀ ਦੇ ਸੰਗ ਸਮਾ ਗਏ 50. ਹਰੀ ਦੇ ਵਾਪਾਰ ਵਿੱਚ ਉਹ ਲੱਗਦੇ ਹਨ ਜਿਨ੍ਹਾਂ ਦੇ ਮੱਥੇ ਵਿੱਚ ਵੱਡੇ (ਉੱਚੇ) ਭਾਗਾਂ ਦੀ ਮਣੀ ਹੁੰਦੀ ਹੈ 51. ਮਨ ਵਿੱਚ ਕੇਵਲ ਚਰਨ-ਕੰਵਲਾਂ ਦੀ ਪ੍ਰੀਤ ਹੈ 52. ਲੋਇਣ=ਅੱਖਾਂ; ਲੋਈ=ਪ੍ਰਕਾਸ਼; ਘਣੀ=ਬਹੁਤ ਜ਼ਿਆਦਾ; ਮੂ=ਮੈਨੂੰ; ਮੈਂ ਆਪਣੀਆਂ ਅੱਖਾਂ ਨਾਲ, ਉਸ ਪ੍ਰੀਤਮ ਦੇ ਪ੍ਰਕਾਸ਼ ਨੂੰ ਵੇਖਿਆ ਹੈ, ਪਰ ਮੇਰੀ ਦਰਸ਼ਨਾਂ ਦੀ ਪਿਆਸ ਨਹੀਂ ਬੁਝਦੀ 53 ਉਹ ਅੱਖਾਂ ਹੋਰ ਹਨ ਜਿਨ੍ਹਾਂ ਨਾਲ ਉਹ ਪ੍ਰੀਤਮ ਨਜ਼ਰ ਆਉਂਦਾ ਹੈ 54. ਕੰਨ ਉਹ ਪਰਵਾਨ ਹਨ ਜੋ ਉਸ ਸੱਚੇ ਪ੍ਰਭੂ (ਦੇ ਨਾਮ) ਨੂੰ ਸੁਣਦੇ ਹਨ ।

49. ਜਉ ਲਉ ਭਾਉ ਅਭਾਉ ਇਹੁ ਮਾਨੈ ਤਉ ਲਉ ਮਿਲਣੁ ਦੂਰਾਈ ॥
ਆਨ ਆਪਨਾ ਕਰਤ ਬੀਚਾਰਾ ਤਉ ਲਉ ਬੀਚੁ ਬਿਖਾਈ ॥ (ਮ: 5—609)

50. [56]ਰਾਜ ਕਪਟੰ ਰੂਪ ਕਪਟੰ ਧਨ ਕਪਟੰ ਕੁਲ ਗਰਬਤਹ ॥
[57]ਸੰਚੰਤਿ ਬਿਖਿਆ ਛਲੰ ਛਿਦ੍ਰੰ ਨਾਨਕ [58]ਬਿਨੁ ਹਰਿ ਸੰਗਿ ਨ ਚਾਲਤੇ ॥
(ਮ: 5—708)

51. [59]ਅਨਿਕ ਲੀਲਾ ਰਾਜ ਰਸ ਰੂਪੰ ਛਤ੍ਰ ਚਮਰ ਤਖਤ ਆਸਨੰ ॥
ਰਚੰਤਿ ਮੂੜ ਅਗਿਆਨ ਅੰਧਹ ਨਾਨਕ ਸੁਪਨ ਮਨੋਰਥ ਮਾਇਆ ॥
ਸੁਪਨੈ ਹਭਿ[60] ਰੰਗ ਮਾਣਿਆ ਮਿਠਾ ਲਗੜਾ ਮੋਹੁ ॥
ਨਾਨਕ ਨਾਮ ਵਿਹੂਣੀਆ ਸੁੰਦਰਿ ਮਾਇਆ ਧ੍ਰੋਹੁ ॥ (ਮ: 5—707)

52. ਸੰਤਾ ਨਾਲਿ ਵੈਰੁ ਕਮਾਵਦੇ ਦੁਸਟਾ ਨਾਲਿ ਮੋਹੁ ਪਿਆਰੁ ॥
ਅਗੈ ਪਿਛੈ ਸੁਖੁ ਨਹੀ ਮਰਿ ਜੰਮਹਿ ਵਾਰੋ ਵਾਰ ॥ (ਮ: 3—649)

53. ਮੂਏ ਕਉ ਰੋਵਹਿ ਕਿਸਹਿ ਸੁਣਾਵਹਿ ਭੈ ਸਾਗਰ ਅਸਰਾਲਿ[61] ਪਇਆ ॥
ਦੇਖਿ ਕੁਟੰਬੁ ਮਾਇਆ ਗ੍ਰਿਹ ਮੰਦਰੁ ਸਾਕਤੁ [62]ਜੰਜਾਲਿ ਪਰਾਲਿ ਪਇਆ ॥
(ਮ: 1—906)

54. ਨਾਨਕ ਰੁੰਨਾ ਬਾਬਾ ਜਾਣੀਐ ਜੇ ਰੋਵੈ ਲਾਇ ਪਿਆਰੋ ॥
[63]ਵਾਲੇਵੇ ਕਾਰਣਿ ਬਾਬਾ ਰੋਈਐ ਰੋਵਣੁ ਸਗਲ ਬਿਕਾਰੋ ॥
ਰੋਵਣੁ ਸਗਲ ਬਿਕਾਰੋ ਗਾਫਲੁ ਸੰਸਾਰੋ ਮਾਇਆ ਕਾਰਣਿ ਰੋਵੈ ॥
ਚੰਗਾ ਮੰਦਾ ਕਿਛੁ ਸੂਝੈ ਨਾਹੀ ਇਹੁ ਤਨੁ ਏਵੈ ਖੋਵੈ ॥
ਐਥੈ ਆਇਆ ਸਭੁ ਕੋ ਜਾਸੀ ਕੂੜਿ ਕਰਹੁ ਅਹੰਕਾਰੋ ॥
ਨਾਨਕ ਰੁੰਨਾ ਬਾਬਾ ਜਾਣੀਐ ਜੇ ਰੋਵੈ ਲਾਇ ਪਿਆਰੋ ॥
ਮਰਣੁ ਨ ਮੰਦਾ ਲੋਕਾ ਆਖੀਐ ਜੇ ਮਰਿ ਜਾਣੈ ਐਸਾ ਕੋਇ ॥
ਸੇਵਿਹੁ ਸਾਹਿਬੁ ਸੰਮ੍ਰਥੁ ਆਪਣਾ ਪੰਥੁ ਸੁਹੇਲਾ ਆਗੈ ਹੋਇ ॥
ਪੰਥਿ ਸੁਹੇਲੈ ਜਾਵਹੁ ਤਾਂ ਫਲੁ ਪਾਵਹੁ ਆਗੈ ਮਿਲੈ ਵਡਾਈ ॥
ਭੇਟੈ ਸਿਉ ਜਾਵਹੁ ਸਚਿ ਸਮਾਵਹੁ ਤਾਂ ਪਤਿ ਲੇਖੈ ਪਾਈ ॥
ਮਹਲੀ ਜਾਇ ਪਾਵਹੁ ਖਸਮੈ ਭਾਵਹੁ ਰੰਗ ਸਿਉ ਰਲੀਆ ਮਾਣੈ ॥

---

55. ਖਾਈ, ਪਾੜਾ, ਦੂਰੀ 56 ਕੁਲ ਗਰਬਤਹ = ਜਿਨ੍ਹਾਂ ਦਾ ਸਭ ਮਾਣ ਕਰਦੇ ਹਨ; ਰਾਜ ਰੂਪ, ਧਨੁ ਆਦਿ ਜਿਨ੍ਹਾਂ ਦਾ ਲੋਕ ਮਾਣ ਕਰਦੇ ਹਨ, ਸਭ ਝੂਠੇ ਹਨ 57. ਇਹ ਜ਼ਹਿਰ ਸਮਾਨ ਹਨ 58. ਬਿਨਾ ਹਰੀ ਦੇ ਕੁਝ ਵੀ ਸਾਥ ਨਹੀਂ ਦਿੰਦਾ 59. ਅਨੇਕ ਖੇਡ-ਤਮਾਸ਼ੇ, ਰਾਜ ਦੇ ਭੋਗ, ਸੁੰਦਰਤਾ, ਸਿਰ ਉੱਤੇ ਝੁੱਲਦੇ ਛਤਰ ਚੌਰ ਅਤੇ ਤਖ਼ਤ (ਰਾਜ-ਪਾਠ) ਦੇਖਕੇ ਅੰਨ੍ਹਾ ਅਗਿਆਨੀ ਇਨ੍ਹਾਂ ਵਿੱਚ ਫਸ ਜਾਂਦਾ ਹੈ 60. ਸਭ 61. ਸੱਪ ਵਾਂਗ ਭਿਆਨਕ, ਖ਼ਤਰਨਾਕ 62. ਨਿਕੰਮੀਆਂ (ਪਰਾਲੀ ਵਰਗੀਆਂ) ਚੀਜ਼ਾਂ ਦੇ ਜਾਲ ਵਿੱਚ ਫਸ ਗਿਆ 63. ਪਦਾਰਥਾਂ ਲਈ ਕਪਟ ਭਰਿਆ ਰੋਣਾ ਵਿਅਰਥ ਹੈ ।

ਮਰਣੁ ਨ ਮੰਦਾ ਲੋਕਾ ਆਖੀਐ ਜੇ ਕੋਈ ਮਰਿ ਜਾਣੈ ॥ (ਮ: 1—579)

55. ਦਰਗਹ ਮਾਣੁ ਪਾਵਹਿ ਪਤਿ ਸਿਉ ਜਾਵਹਿ ਆਗੈ ਦੂਖੁ ਨ ਲਾਗੈ ॥
ਕਰਿ ਏਕੁ ਧਿਆਵਹਿ ਤਾਂ ਫਲੁ ਪਾਵਹਿ ਜਿਤੁ ਸੇਵਿਐ ਭਉ ਭਾਗੈ ॥
ਊਚਾ ਨਹੀ ਕਹਣਾ ਮਨ ਮਹਿ ਰਹਣਾ ਆਪੇ ਜਾਣੈ ਜਾਣੋ ॥
ਮਰਣੁ ਮੁਣਸਾਂ ਸੂਰਿਆ ਹਕੁ ਹੈ ਜੋ ਹੋਇ ਮਰਹਿ ਪਰਵਾਣੋ ॥
ਨਾਨਕ ਕਿਸ ਨੋ ਬਾਬਾ ਰੋਈਐ ਬਾਜੀ ਹੈ ਇਹੁ ਸੰਸਾਰੋ ॥
ਕੀਤਾ ਵੇਖੈ ਸਾਹਿਬੁ ਆਪਣਾ ਕੁਦਰਤਿ ਕਰੇ ਬੀਚਾਰੋ ॥
ਕੁਦਰਤਿ ਬੀਚਾਰੇ ਧਾਰਣ ਧਾਰੇ ਜਿਨਿ ਕੀਆ ਸੋ ਜਾਣੈ ॥
ਆਪੇ ਵੇਖੈ ਆਪੇ ਹੁਕਮੁ ਪਛਾਣੈ ॥
ਜਿਨਿ ਕਿਛੁ ਕੀਆ ਸੋਈ ਜਾਣੈ ਤਾ ਕਾ ਰੂਪੁ ਅਪਾਰੋ ॥
ਨਾਨਕ ਕਿਸ ਨੋ ਬਾਬਾ ਰੋਈਐ ਬਾਜੀ ਹੈ ਇਹੁ ਸੰਸਾਰੋ ॥ (ਮ: 1—579)

56 [64]ਡਰਪੈ ਧਰਤਿ ਅਕਾਸੁ ਨਖੵਤ੍ਰਾ ਸਿਰ ਊਪਰਿ ਅਮਰੁ ਕਰਾਰਾ ॥
ਪਉਣੁ ਪਾਨੀ ਬੈਸੰਤਰੁ ਡਰਪੈ ਡਰਪੈ ਇੰਦ੍ਰੁ ਬਿਚਾਰਾ ॥
ਏਕਾ ਨਿਰਭਉ ਬਾਤ ਸੁਨੀ ॥
ਸੋ ਸੁਖੀਆ ਸੋ ਸਦਾ ਸੁਹੇਲਾ ਜੋ ਗੁਰ ਮਿਲਿ ਗਾਇ ਗੁਨੀ ॥
ਦੇਹਧਾਰ ਅਰੁ ਦੇਵਾ[65] ਡਰਪਹਿ ਸਿਧ ਸਾਧਿਕ ਡਰਿ ਮੁਇਆ ॥
ਲਖ ਚਉਰਾਸੀਹ ਮਰਿ ਮਰਿ ਜਨਮੇ ਫਿਰਿ ਫਿਰਿ ਜੋਨੀ ਜੋਇਆ ॥
[66]ਰਾਜਸੁ ਸਾਤਕੁ ਤਾਮਸੁ ਡਰਪਹਿ ਕੇਤੇ ਰੂਪ ਉਪਾਇਆ ॥
[67]ਛਲ ਬਪੁਰੀ ਇਹ ਕਉਲਾ ਡਰਪੈ ਅਤਿ ਡਰਪੈ ਧਰਮਰਾਇਆ ॥
ਸਗਲ ਸਮਗ੍ਰੀ ਡਰਹਿ ਬਿਆਪੀ ਬਿਨੁ ਡਰ ਕਰਣੈਹਾਰਾ ॥
ਕਹੁ ਨਾਨਕ ਭਗਤਨ ਕਾ ਸੰਗੀ ਭਗਤ ਸੋਹਹਿ ਦਰਬਾਰਾ ॥ (ਮ: 5—999)

57. ਭੈ ਵਿਚਿ ਸਭੁ ਆਕਾਰੁ ਹੈ ਨਿਰਭਉ ਹਰਿ ਜੀਉ ਸੋਇ ॥
ਸਤਿਗੁਰਿ ਸੇਵਿਐ ਹਰਿ ਮਨਿ ਵਸੈ ਤਿਥੈ ਭਉ ਕਦੇ ਨ ਹੋਇ ॥
ਦੁਸਮਨੁ ਦੁਖੁ ਤਿਸ ਨੋ ਨੇੜਿ ਨ ਆਵੈ ਪੋਹਿ[68] ਨ ਸਕੈ ਕੋਇ ॥
ਗੁਰਮੁਖਿ ਮਨਿ ਵੀਚਾਰਿਆ ਜੋ ਤਿਸੁ ਭਾਵੈ ਸੁ ਹੋਇ ॥ (ਮ: 3—586)

58. ਸਉ ਓਲਾਮੇਂ ਦਿਨੈ ਕੇ ਰਾਤੀ ਮਿਲਨਿ ਸਹੰਸ[69] ॥

64. ਧਰਤੀ, ਆਕਾਸ਼, ਤਾਰੇ ਆਦਿ ਸਭ ਡਰਦੇ ਹਨ ਕਿਉਂਕਿ ਉਨ੍ਹਾਂ ਦੇ ਸਿਰ ਉੱਤੇ ਪ੍ਰਭੂ ਦਾ ਜ਼ੋਰਾਵਰ (ਕਰਾਰਾ) ਹੁਕਮ ਹੈ 65. ਦੇਵਤੇ 66. ਤਿੰਨ ਗੁਣ ਡਰਦੇ ਹਨ 67. ਚਲਿੱਤਰ ਭਰੀ ਮਾਇਆ 68. ਅਸਰ ਨਹੀਂ ਹੁੰਦਾ 69. ਹਜ਼ਾਰਾਂ ।

[70]ਸਿਫਤਿ ਸਲਾਹਣੁ ਛਡਿ ਕੈ ਲਗਾ ਹੰਸੁ ॥
ਫਿਟੁ ਇਵੇਹਾ ਜੀਵਿਆ ਜਿਤੁ ਖਾਇ ਵਧਾਇਆ ਪੇਟੁ ॥
ਨਾਨਕ ਸਚੇ ਨਾਮ ਵਿਣੁ ਸਭੋ ਦੁਸਮਨੁ ਹੇਤੁ ॥ (ਮ: 1—790)

59. [71]ਬਾਬੁਲ ਕੈ ਘਰਿ ਬੇਟੜੀ ਬਾਲੀ ਬਾਲੈ ਨੇਹਿ ॥
ਜੇ ਲੋੜਹਿ ਵਰੁ ਕਾਮਣੀ ਸਤਿਗੁਰੁ ਸੇਵਹਿ ਤੇਹਿ ॥
ਬਿਰਲੋ ਗਿਆਨੀ ਬੂਝਣਉ ਸਤਿਗੁਰੁ ਸਾਚਿ ਮਿਲੇਇ ॥
ਠਾਕੁਰ ਹਾਥਿ ਵਡਾਈਆ ਜੈ ਭਾਵੈ ਤੈ ਦੇਇ ॥ (ਮ: 1—935)

60. [72]ਚਿਤ ਸਿਮਰਨੁ ਕਰਉ ਨੈਨ ਅਵਿਲੋਕਨੋ ਸ੍ਰਵਨ ਬਾਨੀ ਸੁਜਸੁ ਪੂਰਿ ਰਾਖਉ ॥
[73]ਮਨੁ ਸੁ ਮਧੁਕਰੁ ਕਰਉ ਚਰਨ ਹਿਰਦੇ ਧਰਉ
ਰਸਨ ਅੰਮ੍ਰਿਤ ਰਾਮਨਾਮ ਭਾਖਉ ॥ (ਰਵਿਦਾਸ, 694)

61. ਘਟ ਘਟ ਅੰਤਰਿ ਬ੍ਰਹਮੁ ਲੁਕਾਇਆ ਘਟਿ ਘਟਿ ਜੋਤਿ ਸਬਾਈ ॥
ਬਜਰ ਕਪਾਟ ਮੁਕਤੇ ਗੁਰਮਤੀ ਨਿਰਭੈ ਤਾੜੀ ਲਾਈ ॥ (ਮ: 1—587)

62. [74]ਨਉ ਘਰ ਦੇਖਿ ਜੁ ਕਾਮਨਿ ਭੂਲੀ ਬਸਤੁ ਅਨੂਪ ਨ ਪਾਈ ॥
ਕਹਤੁ ਕਬੀਰ [75]ਨਵੈ ਘਰ ਮੂਸੇ ਦਸਵੈਂ ਤਤੁ ਸਮਾਈ ॥ (ਕਬੀਰ, 339)

63. ਧਨ ਪਿਰੁ ਏਹਿ ਨ ਆਖੀਅਨਿ ਬਹਨਿ ਇਕਠੇ ਹੋਇ ॥
ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ ॥ (ਮ: 3—788)

64. ਕਬੀਰ ਪ੍ਰੀਤਿ ਇਕ ਸਿਉ ਕੀਏ ਆਨ ਦੁਬਿਧਾ ਜਾਇ ॥
ਭਾਵੈ ਲਾਂਬੇ ਕੇਸ ਕਰੁ ਭਾਵੈ ਘਰਰਿ ਮੁਡਾਇ ॥ (ਕਬੀਰ, 1365)

65. ਸਿਧ ਸਾਧਿਕ ਨਾਵੈ ਨੋ ਸਭਿ ਖੋਜਦੇ ਥਕਿ ਰਹੇ ਲਿਵ ਲਾਇ ॥
ਬਿਨੁ ਸਤਿਗੁਰ ਕਿਨੈ ਨ ਪਾਇਓ ਗੁਰਮੁਖ ਮਿਲੈ ਮਿਲਾਇ ॥
ਬਿਨੁ ਨਾਵੈ ਪੈਨਣੁ ਖਾਣੁ ਸਭੁ ਬਾਦਿ[76] ਹੈ ਧਿਗੁ ਸਿਧੀ ਧਿਗੁ ਕਰਮਾਤਿ ॥
ਸਾ ਸਿਧਿ ਸਾ ਕਰਮਾਤਿ ਹੈ ਅਚਿੰਤੁ ਕਰੇ ਜਿਸੁ ਦਾਤਿ ॥
ਨਾਨਕ ਗੁਰਮੁਖਿ ਹਰਿਨਾਮੁ ਮਨਿ ਵਸੈ ਏਹਾ ਕਰਮਾਤਿ ॥ (ਮ: 3—650)

---

70. ਆਤਮਾ ਰੂਪੀ ਹੰਸ ਪ੍ਰਭੂ ਰੂਪੀ ਸੱਚ ਦਾ ਚੋਗਾ ਛੱਡ ਕੇ, ਵਿਸ਼ੇ ਰੂਪੀ ਮੁਰਦਾਰ ਖਾਣ ਲਗ ਪਿਆ ਹੈ 71. ਸੰਸਾਰ ਰੂਪੀ ਪੇਕਿਆਂ ਵਿੱਚ ਕੁੜੀ ਪ੍ਰਭੂ ਰੂਪੀ ਪਤੀ (ਬਾਲਾ) ਲਭਣਾ ਚਾਹੁੰਦੀ ਹੈ ਪਰ ਉਸ ਨੂੰ ਵਰ ਤਾਂ ਮਿਲ ਸਕਦਾ ਹੈ ਜੇ ਉਹ ਸਤਿਗੁਰੂ ਦੀ ਸੇਵਾ ਕਰੇ 72. ਚਿੱਤ ਤੇਰਾ ਸਿਮਰਨ ਕਰਨ ਲਈ, ਅੱਖਾਂ ਤੇਰੇ ਦਰਸ਼ਨ ਕਰਨ ਲਈ, ਕੰਨ ਤੇਰੀ ਸ਼ਬਦ ਰੂਪੀ ਨਿਰੰਮਲ ਬਾਣੀ ਸੁਣਨ ਲਈ ਹਨ 73. ਮਨ ਨੂੰ ਤੇਰੇ ਚਰਨ-ਕੰਵਲਾਂ ਦਾ ਭੌਰਾ ਬਣਾ ਲਵਾਂ, ਜੀਭਾਂ ਨਾਲ ਤੇਰੇ ਅੰਮ੍ਰਿਤ ਭਰੇ ਨਾਮ ਦਾ ਸਿਮਰਨ ਕਰਾਂ 74. ਜਿਹੜੀ ਜੀਵਾਤਮਾ ਨੌਂ ਘਰਾਂ (ਦੋ ਅੱਖਾਂ, ਦੋ ਕੰਨ, ਦੋ ਨਾਸਾਂ, ਮੂੰਹ ਅਤੇ ਦੋ ਇੰਦਰੀਆਂ ਦੇ ਸੁਰਾਖਾਂ) ਦੇ ਭੋਗਾਂ ਨੂੰ ਦੇਖ ਕੇ ਭੁੱਲ ਗਈ, ਉਸ ਨੂੰ ਪ੍ਰਭੂ ਜਾਂ ਨਾਮ ਰੂਪੀ ਅਮੋਲਕ ਵਸਤੂ ਪ੍ਰਾਪਤ ਨਾ ਹੋਈ 75. ਨੌਂ ਘਰ ਲੁੱਟੇ ਜਾਂਦੇ ਹਨ, ਸਾਰ-ਵਸਤੂ ਤਾਂ ਦਸਵੇਂ ਘਰ ਵਿੱਚ ਹੈ 76. ਵਿਅਰਥ।

66. [77]ਸਾਵਣੁ ਰਾਤਿ ਅਹਾੜੁ ਦਿਹੁ ਕਾਮੁ ਕ੍ਰੋਧੁ ਦੁਇ ਖੇਤ ॥
ਲਬੁ ਵਤ੍ਰ ਦਰੋਗੁ ਬੀਉ ਹਾਲੀ ਰਾਹਕੁ ਹੇਤ ॥
ਹਲੁ ਬੀਚਾਰੁ ਵਿਕਾਰ ਮਣ ਹੁਕਮੀ ਖਟੇ ਖਾਇ ॥
ਨਾਨਕ ਲੇਖੈ ਮੰਗਿਐ ਅਉਤੁ ਜਣੇਦਾ ਜਾਇ ॥
[78]ਭਉ ਭੁਇ ਪਵਿਤੁ ਪਾਣੀ ਸਤੁ ਸੰਤੋਖੁ ਬਲੇਦ ॥
ਹਲੁ ਹਲੇਮੀ ਹਾਲੀ ਚਿਤੁ ਚੇਤਾ ਵਤ੍ਰ ਵਖਤ ਸੰਜੋਗੁ ॥
ਨਾਉ ਬੀਜੁ ਬਖਸੀਸ ਬੋਹਲ ਦੁਨੀਆ ਸਗਲ ਦਰੋਗ ॥
[79]ਨਾਨਕ ਨਦਰੀ ਕਰਮੁ ਹੋਇ ਜਾਵਹਿ ਸਗਲ ਵਿਜੋਗ ॥ (ਮ: 1—955)

67. ਗੁਰਮੁਖਿ ਖੇਤੀ ਹਰਿ ਅੰਤਰਿ ਬੀਜੀਐ ਹਰਿ ਲੀਜੈ ਸਰੀਰਿ ਜਮਾਏ ਰਾਮ ॥
ਆਪਣੇ ਘਰ ਅੰਦਰਿ ਰਸੁ ਭੁੰਚੁ ਤੂ ਲਾਹਾ ਲੈ ਪਰਥਾਏ ਰਾਮ ॥(ਮ: 3—568)

68. ਰੇ ਮਨ ਮੁਗਧ ਅਚੇਤ ਚੰਚਲ ਚਿਤ ਤੁਮ ਐਸੀ ਰਿਦੈ ਨ ਆਈ ॥
ਪ੍ਰਾਨਪਤਿ ਤਿਆਗਿ ਆਨ ਤੂ ਰਚਿਆ ਉਰਝਿਓ ਸੰਗਿ ਬੈਰਾਈ ॥
(ਮ: 5—609)

69. [80]ਤੀਨਿ ਸੰਙਿਆ ਕਰਿ ਦੇਹੀ ਕੀਨੀ ਜਲ ਕੂਕਰ ਭਸਮੇਹੀ ॥
ਹੋਇ ਆਮਰੋ ਗ੍ਰਿਹ ਮਹਿ ਬੈਠਾ ਕਰਣ ਕਾਰਣ ਬਿਸਰੋਹੀ ॥ (ਮ: 5—609)

70. ਸੰਤਨ ਕੀ ਸੁਣਿ ਸਾਚੀ ਸਾਖੀ ॥
ਸੋ ਬੋਲਹਿ ਜੋ ਪੇਖਹਿ ਆਖੀ ॥ (ਮ: 5—894)

71. ਗੁਰਿ ਕਹਿਆ ਸਾ ਕਾਰ ਕਮਾਵਹੁ ॥
ਗੁਰਕੀ ਕਰਣੀ ਕਾਹੇ ਧਾਵਹੁ ॥ (ਮ: 1—933)

72. ਏਕ ਨਾਮਿ ਜੁਗ ਚਾਰਿ ਉਧਾਰੇ ਸਬਦੇ ਨਾਮ ਵਿਸਾਹਾ ਹੇ ॥ (ਮ: 3—1055)

---

77. ਮਨਮੁਖਾ ਦੀ ਖੇਤੀ ਦਾ ਵਰਣਨ ਕਰਦੇ ਹਨ ਕਿ ਉਹ ਦਿਨ-ਰਾਤ (ਹਾੜੀ-ਸੌਣੀ) ਕਾਮ-ਕ੍ਰੋਧ ਦੇ ਖੇਤ ਬੀਜ ਰਹੇ ਹਨ; ਲੋਭ ਝੂਠ ਅਤੇ ਮੋਹ ਦੇ ਵੱਤਰ. ਬੀਜ ਅਤੇ ਰਾਹਕ ਹਨ ; ਉਨ੍ਹਾ ਦਾ ਜੀਵਨ ਵਿਅਰਥ ਜਾਂਦਾ ਹੈ 78. ਗੁਰਮੁਖਾ ਦੀ ਖੇਤੀ ਦਾ ਵਰਣਨ ਕਰਦੇ ਹਨ ਕਿ ਉਹ ਡਰ, ਪ੍ਰੇਮ ਅਤੇ ਪਵਿੱਤਰਤਾ ਦਾ ਪਾਣੀ ਬਣਾਉਂਦੇ ਹਨ ਸਤ ਸੰਤੋਖ ਦੇ ਬਲਦ ਲੈਂਦੇ ਹਨ, ਨਿਮਰਤਾ ਦਾ ਹਲ ਚਲਾਉਂਦੇ ਹਨ, ਚਿੱਤ ਨੂੰ ਹਾਲੀ ਬਣਾਉਂਦੇ ਹਨ, ਪ੍ਰਭੂ ਨਾਲ ਮਿਲਾਪ ਦੇ ਸਮੇਂ ਦੀ ਵੱਤਰ ਬਣਾਉਂਦੇ ਹਨ। ਉਹ ਨਾਮ ਦਾ ਬੀਜ ਬੀਜਦੇ ਹਨ ਅਤੇ ਪ੍ਰਭੂ ਦੀ ਕਿਰਪਾ ਨਾਲ ਬੋਹਲ ਉਸਾਰਦੇ ਹਨ। ਉਹ ਸਾਰੇ ਸੰਸਾਰ ਨੂੰ ਝੂਠ ਸਮਝਦੇ ਹਨ 79. ਜੇ ਪਰਮੇਸ਼ਰ ਦੀ ਕਿਰਪਾ ਹੋ ਜਾਵੇ ਤਾਂ ਵਿਛੋੜੇ ਦੂਰ ਹੋ ਜਾਣ 80 ਤਿੰਨਾਂ ਗੁਣਾਂ ਵਾਲੀ ਦੇਹੀ ਮੌਤ ਤੋਂ ਬਾਅਦ ਜਾਂ ਜਲ ਵਿੱਚ ਰੋੜ੍ਹੀ ਜਾਏਗੀ ਜਾਂ ਜਾਨਵਰਾਂ ਅੱਗੇ ਸੁੱਟੀ ਜਾਏਗੀ ਜਾਂ ਮਿੱਟੀ ਵਿੱਚ ਦਬਾਈ ਜਾਵਗੀ, ਪਰ ਜੀਵ ਇਸ ਭੁਲੇਖੇ ਵਿੱਚ ਹੈ ਕਿ ਦੇਹੀ ਅਮਰ ਹੈ, ਇਸ ਨੇ ਕਦੇ ਨਹੀਂ ਬਿਨਸਨਾ। ਇਸ ਅਗਿਆਨਤਾ ਕਾਰਨ ਇਹ ਉਸ ਕਰਨ-ਕਾਰਨ-ਸਮਰਥ ਪ੍ਰਭੂ ਨੂੰ ਭੁੱਲਿਆ ਬੈਠਾ ਹੈ।

73. ਕਾਮੁ ਕ੍ਰੋਧੁ ਕਾਇਆ ਕਉ ਗਾਲੈ ॥
ਜਿਉ ਕੰਚਨ ਸੋਹਾਗਾ ਢਾਲੈ ॥ (ਮ: 1—932)

74. ਮੰਦਾ ਕਿਸੈ ਨ ਆਖਿ ਝਗੜਾ ਪਾਵਣਾ ॥ (ਮ: 1–566)

75. ਸੇਵ ਕੀਤੀ ਸੰਤੋਖੀਈਂ ਜਿਨ੍ਹੀ ਸਚੋ ਸਚੁ ਧਿਆਇਆ ॥
ਓਨ੍ਹੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ ॥
ਓਨ੍ਹੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ ॥
ਤੂੰ ਬਖਸੀਸੀ ਅਗਲਾ ਨਿਤ ਦੇਵਹਿ ਚੜਹਿ ਸਵਾਇਆ ॥
ਵਡਿਆਈ ਵਡਾ ਪਾਇਆ ॥ (ਮ: 1—466)

76. ਵਡੇ ਕੀਆ ਵਡਿਆਈਆ ਕਿਛੁ ਕਹਣਾ ਕਹਣੁ ਨ ਜਾਇ ॥
ਸੋ ਕਰਤਾ ਕਾਦਰ ਕਰੀਮੁ ਦੇ ਜੀਆ ਰਿਜਕੁ ਸੰਬਾਹਿ ॥
ਸਾਈ ਕਾਰ ਕਮਾਵਣੀ ਧੁਰਿ ਛੋਡੀ ਤਿੰਨੈ ਪਾਇ ॥
ਨਾਨਕ ਏਕੀ ਬਾਹਰੀ ਹੋਰ ਦੂਜੀ ਨਾਹੀ ਜਾਇ ॥
ਸੋ ਕਰੇ ਜਿ ਤਿਸੈ ਰਜਾਇ ॥ (ਮ: 1—475)

*

ਚੋਣਵੇਂ ਪੰਜਾਬੀ ਪ੍ਰਕਾਸ਼ਨਾਂ ਦੀ ਸੂਚੀ

1. ਸਾਰ ਵਚਨ (ਛੰਦ-ਬੰਦ)

ਹਜ਼ੂਰ ਸੁਆਮੀ ਜੀ ਮਹਾਰਾਜ ਦੀ ਪ੍ਰਸਿੱਧ ਪੁਸਤਕ ਜਿਸ ਵਿੱਚ ਸੰਤ ਮਤ ਦੇ ਸਿੱਧਾਂਤਾਂ ਦਾ ਬੜੇ ਸਪਸ਼ਟ ਰੂਪ ਵਿੱਚ ਅਤੇ ਸਰਲ ਭਾਸ਼ਾ ਵਿੱਚ ਵਰਣਨ ਕੀਤਾ ਗਿਆ ਹੈ। ਨਾਲ ਹੀ ਅਭਿਆਸੀ ਦੇ ਮਾਰਗ ਵਿੱਚ ਆਉਣ ਵਾਲੀਆਂ ਕਠਿਨਾਈਆਂ, ਅੰਦਰਲੇ ਅਨੁਭਵਾਂ ਅਤੇ ਰੂਹਾਨੀ ਮੰਡਲਾਂ ਬਾਰੇ ਵਿਸਥਾਰ ਨਾਲ ਲਿਖਿਆ ਗਿਆ ਹੈ। ਇਹ ਸੰਤ-ਮਤ ਦਾ ਇੱਕ ਅਤਿ ਮਹੱਤਵ-ਪੂਰਨ ਗ੍ਰੰਥ ਹੈ। ਮੁਲ : 2-50

2. ਸਾਰ ਬਚਨ (ਵਾਰਤਿਕ)

ਹਜ਼ੂਰ ਸੁਆਮੀ ਜੀ ਮਹਾਰਾਜ ਦੇ ਉਨ੍ਹਾਂ ਅਧਿਆਤਮਿਕ ਬਚਨਾਂ ਦਾ ਸੰਗ੍ਰਹਿ, ਜਿਨ੍ਹਾਂ ਨੂੰ ਆਪ ਦੇ ਸੇਵਕਾਂ ਨੇ ਸਤਸੰਗਾਂ ਵਿਚ ਸਮੇਂ-ਸਮੇਂ ਨੋਟ ਕੀਤਾ। ਇਸ ਵਿੱਚ ਸੰਤ ਮਤ ਦੇ ਸਭ ਅੰਗਾਂ ਉਤੇ ਸਰਲ ਅਤੇ ਸਪੱਸ਼ਟ ਰੂਪ ਵਿੱਚ ਰੌਸਨੀ ਪਾਈ ਗਈ ਹੈ। ਮੁਲ : 1-00

3. ਪਰਮਾਰਥੀ ਪੱਤਰ ਭਾਗ 1

ਬਾਬਾ ਜੈਮਲ ਸਿੰਘ ਜੀ ਮਹਾਰਾਜ ਦੁਆਰਾ ਆਪਣੇ ਮੁੱਖ ਅਤੇ ਪਿਆਰੇ ਸੇਵਕ ਮਹਾਰਾਜ ਸਾਵਣ ਸਿੰਘ ਜੀ ਨੂੰ ਲਿਖੇ ਗਏ ਪੱਤਰਾਂ ਦਾ ਸੰਗ੍ਰਹਿ। ਮੁਲ : 1-50

4. ਪਰਮਾਰਥੀ ਪੱਤਰ, ਭਾਗ 2

ਹਜ਼ੂਰ ਮਹਾਰਾਜ ਬਾਬਾ ਸਾਵਣ ਸਿੰਘ ਜੀ ਦੁਆਰਾ ਪੂਰਬ ਅਤੇ ਪੱਛਮ ਦੇ ਜਗਿਆਸੂਆਂ ਅਤੇ ਸਤਿਸੰਗੀਆ ਨੂੰ ਲਿਖੇ ਗਏ ਪੱਤਰਾਂ ਦਾ ਸੰਗ੍ਰਹਿ। ਮੁਲ : 1-50

5. ਸ਼ਬਦ ਦੀ ਮਹਿਮਾ ਦੇ ਸ਼ਬਦ

ਸ੍ਰੀ ਆਦਿ ਗ੍ਰੰਥ ਦੀ ਬਾਣੀ ਵਿਚੋਂ ਗੁਰੂ ਸਾਹਿਬਾਨ ਅਤੇ ਭਗਤਾ ਦੇ ਬਹੁਤ ਸਾਰੇ ਚੁਣੇ ਹੋਏ ਸ਼ਬਦਾਂ ਦਾ ਸੰਗ੍ਰਹਿ। ਸੰਗ੍ਰਹਿ ਕਰਤਾ—ਹਜ਼ੂਰ ਮਹਾਰਾਜ ਸਾਵਣ ਸਿੰਘ ਜੀ। ਮੁਲ : 4-00

6. ਗੁਰਮਤਿ ਸਿੱਧਾਂਤ

ਹਜ਼ੂਰ ਮਹਾਰਾਜ ਬਾਬਾ ਸਾਵਣ ਸਿੰਘ ਜੀ ਦਾ ਲਿਖਿਆ ਹੋਇਆ ਖੋਜ ਭਰਪੂਰ ਗ੍ਰੰਥ—ਜਿਸ ਵਿੱਚ ਆਪ ਨੇ ਸ੍ਰੀ ਆਦਿ ਗ੍ਰੰਥ ਵਿੱਚ ਦਿੱਤੀ ਗਈ ਸੰਤਾਂ ਦੀ ਸਿੱਖਿਆ ਨੂੰ ਸਰਲ ਅਤੇ ਸਪੱਸਟ ਰੂਪ ਵਿੱਚ ਸਮਝਾਇਆ ਹੈ। ਇਹ ਗ੍ਰੰਥ ਦੋ ਭਾਗਾਂ ਵਿੱਚ ਹੈ ਅਤੇ ਹਰ ਇੱਕ ਭਾਗ ਦੇ ਤਿੰਨ-ਤਿੰਨ ਖੰਡ ਹਨ, ਜਿਨ੍ਹਾਂ ਵਿੱਚ ਲਏ ਵਿਸਿਆਂ ਦਾ ਵਰਣਨ ਇਸ ਤਰ੍ਹਾਂ ਹੈ :—

ਭਾਗ ਪਹਿਲਾ. ਖੰਡ 1, 2, 3

ਪਹਿਲੇ ਖੰਡ ਵਿੱਚ ਸੁਆਮੀ, ਹਰ ਰਾਇ ਰਾਮ ਰਾਇ, ਨਿਰੰਜਨ, ਏਕੰਕਾਰ, ਸਰਵ-ਵਿਆਪਕ, ਬੇ-ਪਰਵਾਹ, ਸੱਚ, ਧਰਮ-ਰਾਇ ਅਤੇ ਕਾਲ ਆਦਿ ਦੀ ਵਿਆਖਿਆ ਕੀਤੀ ਗਈ ਹੈ।

ਦੂਜੇ ਖੰਡ ਵਿੱਚ ਭਾਣਾ, ਹੁਕਮ. ਸ਼ਬਦ, ਅਨਹਦ ਸ਼ਬਦ, ਪੰਚ ਸ਼ਬਦ, ਕੀਰਤਨ, ਨਾਮ, ਹਰਿ ਨਾਮ, ਰਾਮ ਨਾਮ, ਗੁਰੂ ਦਾ ਨਾਮ, ਗੁਰਮੁੱਖ-ਨਾਮ, ਅੰਮ੍ਰਿਤ, ਬਾਣੀ, ਗੁਰਬਾਣੀ, ਗੁਰ-ਮੰਤਰ, ਦੀਖਿਆ, ਵੱਖਰ. ਗਿਆਨ ਆਦਿ ਵਿਸਿਆਂ ਦੀ ਵਿਆਖਿਆ ਕੀਤੀ ਗਈ ਹੈ।

ਤੀਜੇ ਖੰਡ ਵਿੱਚ ਚਰਨ-ਕੰਵਲ, ਚਰਨ-ਧੂੜ, ਸੁਰਤ-ਸ਼ਬਦ-ਯੋਗ, ਗੁਰੂ, ਸਤਿਗੁਰੂ, ਗੁਰਦੇਵ, ਪੂਰਾ ਗੁਰੂ. ਸਤਿਗੁਰੂ ਅਤੇ ਮਾਲਕ ਦੀ ਏਕਤਾ, ਗੁਰੂ ਦੀ ਸੰਭਾਲ, ਗੁਰੂ ਦਾ ਮੱਥੇ ਉੱਤੇ ਹੱਥ, ਗੁਰੂ ਬਚਨ, ਡਿੰਭੀ ਗੁਰੂ ਅਤੇ ਨਿਗੁਰਿਆਂ ਦੇ ਲੱਛਣ ਆਦਿ ਵਿਸ਼ਿਆਂ ਦੀ ਵਿਸਥਾਰ-ਭਰੀ ਵਿਆਖਿਆ ਕੀਤੀ ਗਈ ਹੈ।

ਭਾਗ ਦੂਸਰਾ ਖੰਡ 1, 2, 3

ਪਹਿਲੇ ਖੰਡ ਵਿੱਚ ਪਰਮਾਰਥ ਦੇ ਸਾਧਨ ਸੇਵਾ, ਨਿਹ-ਕਰਮਤਾ, ਧੁਰ ਕਰਮ, ਅੰਮ੍ਰਿਤ ਵੇਲਾ, ਆਸਣ, ਸਿਮਰਨ, ਧਿਆਨ, ਧੁਨ, ਜੀਊਂਦੇ ਜੀਅ ਮਰਨਾ ਅਤੇ ਸਤਿਸੰਗ ਆਦਿ ਦੀ ਵਿਧੀ ਅਤੇ ਆਵੱਸ਼ਕਤਾ ਦਾ ਵਿਵੇਚਨ ਕੀਤਾ ਗਿਆ ਹੈ।

ਦੂਜੇ ਖੰਡ ਵਿੱਚ ਭਗਤੀ, ਬਿਰਹਾ, ਪ੍ਰੇਮ ਵੈਰਾਗ ਦਾ ਬੜਾ ਸਰਲ ਅਤੇ ਭਾਵ-ਪੂਰਣ ਵਰਣਨ ਹੈ।

ਤੀਜੇ ਖੰਡ ਵਿੱਚ ਜਪ-ਤਪ, ਸੁੱਚ, ਪੂਜਾ, ਭਉ ਅਤੇ ਭਾਉ, ਸੰਸਾਰ ਦੀ ਨਾਸ਼ਮਾਨਤਾ, ਪ੍ਰਾਰਥਨਾ ਜਾਂ ਬੇਨਤੀ, ਨਿਮਰਤਾ ਜਾਂ ਦੀਨਤਾ, ਧਰਮ, ਦਇਆ, ਸੰਤੋਖ, ਮਾਫ਼ੀ, ਸੱਚ, ਤਪ, ਦਾਨ, ਸੰਜਮ, ਬ੍ਰਹਮਚਰਜ, ਆਹਾਰ ਆਦਿ ਵਿਸ਼ਿਆਂ ਦੀ ਗੁਰੂ ਸਾਹਿਬਾਨ ਅਤੇ ਹੋਰ ਸੰਤਾਂ ਦੇ ਵਿਚਾਰਾਂ ਅਨੁਸਾਰ ਕੀਤੀ ਗਈ ਵਿਆਖਿਆ। ਦੋਹਾਂ ਭਾਗਾਂ ਦੇ ਹਰ ਖੰਡ ਦਾ ਮੁੱਲ : 1-50

7. ਸੰਤ-ਮਤ ਪ੍ਰਕਾਸ਼—ਭਾਗ 1 ਤੋਂ 7

ਹਜ਼ੂਰ ਮਹਾਰਾਜ ਬਾਬਾ ਸਾਵਣ ਸਿੰਘ ਜੀ ਦੇ ਸਤਿਸੰਗਾਂ ਦੇ ਸੰਗ੍ਰਹਿ, ਜਿਨ੍ਹਾਂ ਵਿੱਚ ਪਰਮਾਰਥ ਦੇ ਹਰ ਪਹਿਲੂ ਦੀ ਅਤੀ ਸਰਲ ਅਤੇ ਰੋਚਕ ਵਿਆਖਿਆ ਕੀਤੀ ਗਈ ਹੈ। ਹਰ ਭਾਗ ਦਾ ਮੁੱਲ : 1-50

8 ਪਰਮਾਰਥੀ ਸਾਖੀਆਂ

ਹਜ਼ੂਰ ਮਹਾਰਾਜ ਬਾਬਾ ਸਾਵਣ ਸਿੰਘ ਜੀ ਦੁਆਰਾ ਸਤਿਸੰਗਾਂ ਵਿੱਚ ਸੁਣਾਈਆਂ ਗਈਆਂ ਪਰਮਾਰਥ ਦੇ ਅਨੇਕ ਵਿਸ਼ਿਆਂ ਨਾਲ ਸੰਬੰਧਤ ਸਾਖੀਆਂ ਵਿੱਚੋਂ ਕੁਝ ਸਾਖੀਆਂ ਦਾ ਸੰਗ੍ਰਹਿ। ਮੁੱਲ : 1-25

9. ਗੁਰਮਤ ਸਾਰ, ਭਾਗ 1 ਤੇ 2

ਹਜ਼ੂਰ ਮਹਾਰਾਜ ਬਾਬਾ ਸਾਵਣ ਸਿੰਘ ਜੀ ਦੁਆਰਾ ਲਿਖੇ ਉਪਰੋਕਤ ਵਿਸ਼ਾਲ ਗ੍ਰੰਥ 'ਗੁਰਮਤ ਸਿੱਧਾਂਤ' ਦੇ ਦੋ ਭਾਗਾਂ ਦੀ ਭੂਮਿਕਾ, ਜਿਸ ਵਿੱਚ ਸੰਤ-ਮਤ ਦੇ ਭਿੰਨ-ਭਿੰਨ ਅੰਗਾਂ ਦੀ ਵਿਆਖਿਆ ਕੀਤੀ ਗਈ ਹੈ। ਹਰ ਭਾਗ ਦਾ ਮੁੱਲ : 1-00

10. ਆਤਮ-ਗਿਆਨ

ਮਹਾਰਾਜ ਸਰਦਾਰ ਬਹਾਦਰ ਜਗਤ ਸਿੰਘ ਜੀ ਦੀ ਅੰਗ੍ਰੇਜ਼ੀ ਪੁਸਤਕ 'ਸਾਇੰਸ ਆਫ਼ ਦੀ ਸੋਲ' ਦਾ ਪੰਜਾਬੀ ਅਨੁਵਾਦ। ਇਸ ਵਿੱਚ ਮਹਾਰਾਜ ਦੇ ਕੁਝ ਸਤਿਸੰਗ, ਚੋਣਵੇਂ ਬਚਨ ਅਤੇ 1948-51 ਵਿਚਕਾਰ ਜਗਿਆਸੂਆਂ ਨੂੰ ਲਿਖੇ ਬਹੁਤ ਸਾਰੇ ਪਰਮਾਰਥੀ ਪੱਤਰ ਦਰਜ ਹਨ। ਮੁੱਲ : 1-00

11. ਸੰਤ ਸੰਵਾਦ

ਹਜ਼ੂਰ ਮਹਾਰਾਜ ਚਰਣ ਸਿੰਘ ਜੀ ਦੀ ਪ੍ਰਸਿੱਧ ਅੰਗ੍ਰੇਜ਼ੀ ਪੁਸਤਕ 'ਦੀ ਮਾਸਟਰ ਆਨਸਰਜ਼' (The Master Answers) ਦਾ ਪੰਜਾਬੀ ਅਨੁਵਾਦ। ਮੁੱਲ : 3-50

12. ਸੰਤ ਮਤ ਦਰਸ਼ਨ, ਭਾਗ 1, 2, 3

ਸੰਤ ਮਤ ਦਰਸ਼ਨ ਭਾਗ ਪਹਿਲਾ ਹਜ਼ੂਰ ਮਹਾਰਾਜ ਚਰਨ ਸਿੰਘ ਜੀ ਦੀ ਪ੍ਰਸਿੱਧ ਅੰਗ੍ਰੇਜ਼ੀ ਪੁਸਤਕ 'ਲਾਈਟ ਆਨ ਸੰਤ ਮਤ' (Light On Sant Mat) ਦਾ ਪੰਜਾਬੀ ਅਨੁਵਾਦ ਹੈ, ਭਾਗ ਦੂਜਾ ਆਪਦੀ ਪੁਸਤਕ 'ਡੀਵਾਈਨ ਲਾਈਟ' (Divine Light) ਦਾ ਪੰਜਾਬੀ ਅਨੁਵਾਦ ਹੈ ਅਤੇ ਭਾਗ ਤੀਜਾ ਆਪ ਦੀ ਪੁਸਤਕ 'ਕੁਐਸਟ ਫ਼ਾਰ ਲਾਈਟ' (Quest For Light) ਦਾ ਅਨੁਵਾਦ ਹੈ।

ਮੁੱਲ : ਹਰ ਭਾਗ 2-50

13. ਸੰਤ ਮਾਰਗ

ਹਜ਼ੂਰ ਮਹਾਰਾਜ ਚਰਨ ਸਿੰਘ ਜੀ ਦੀ ਲਿਖੀ ਹੋਈ ਸੰਤ-ਮਤ ਦੇ ਮੂਲ ਸਿੱਧਾਂਤਾਂ ਦੀ ਵਿਆਖਿਆ ਵਿੱਚ ਲਿਖੀ ਗਈ ਸਰਲ ਸੰਖੇਪ ਅਤੇ ਭਾਵ-ਪੂਰਤ ਪੁਸਤਕ। ਮੁੱਲ : 1-00

14. ਸੰਤਾਂ ਦੀ ਬਾਣੀ

ਗੁਰੂ ਸਾਹਿਬਾਨ, ਸੁਆਮੀ ਜੀ ਮਹਾਰਾਜ, ਕਬੀਰ, ਰਵਿਦਾਸ, ਨਾਮਦੇਵ, ਦਾਦੂ ਪਲਟੂ, ਬੁੱਲ੍ਹੇ ਸ਼ਾਹ, ਤੁਲਸੀ ਸਾਹਿਬ, ਸ਼ੇਖ਼ ਫ਼ਰੀਦ, ਸੁਲਤਾਨ ਬਾਹੂ, ਆਦਿ ਸੰਤਾਂ, ਭਗਤਾਂ ਦੀਆਂ ਬਾਣੀਆਂ ਵਿੱਚੋਂ ਲਏ ਗਏ ਸ਼ਬਦਾਂ ਦਾ ਸੰਗ੍ਰਹਿ। ਸੰਗ੍ਰਹਿ ਕਰਤਾ : ਹਜ਼ੂਰ ਮਹਾਰਾਜ ਚਰਨ ਸਿੰਘ ਜੀ। ਮੁੱਲ : 2-00

15. ਸਤਿਸੰਗ (1 ਤੋਂ 19)

ਮਹਾਰਾਜ ਚਰਨ ਸਿੰਘ ਜੀ ਦੁਆਰਾ ਫ਼ਰਮਾਏ ਗਏ ਸਤਿਸੰਗ ਮੁਲ : ਹਰ ਸਤਿਸੰਗ : 0-25

ਪ੍ਰਕਾਸ਼ਕ, ਵਿਕਰੇਤਾ : ਸਕੱਤਰ, ਰਾਧਾਸੁਆਮੀ ਸਤਿਸੰਗ ਬਿਆਸ
ਡੇਰਾ ਬਾਬਾ ਜੈਮਲ ਸਿੰਘ, ਜ਼ਿਲਾ ਅੰਮ੍ਰਿਤਸਰ